# ਅਕਾਸ਼ ਗੰਗਾ

# ਅਕਾਸ਼ ਗੰਗਾ

ਕੁਲਜੀਤ ਮਾਨ

**ਅਕਾਸ਼-ਗੰਗਾ**

'''''

**ਵਾਰਤਕ**

Akash-Ganga ( Prose)
By : Kuljit Mann
159 Cinrickbar Drive Toronto, Ontario Canada
E-mail— kuljeetmann100@yahoo.ca
Phone-416-213-8715

**ਲੇਖਕ ਦੀਆਂ ਹੋਰ ਰਚਨਾਵਾਂ**

**ਪੁੱਤਰਦਾਨ ( ਕਹਾਣੀ ਸੰਗ੍ਰਹਿ)**
**ਵਿਚਲੀ ਉਂਗਲ ( ਕਹਾਣੀ ਸੰਗ੍ਰਹਿ)**
**ਝੁਮਕੇ (ਕਹਾਣੀ ਸੰਗ੍ਰਹਿ)-ਛਪਾਈ ਅਧੀਨ**
**ਕਿੱਟੀ ਮਾਰਸ਼ਲ ( ਨਾਵਲ)**
**ਲਹੂ ਭਿਜੇ ਪੰਨੇ ( ਗਦਰ ਸ਼ਤਾਬਦੀ ਨੂੰ ਸਮਰਪਿਤ)**

www.rootsarc.com

2015

$ 10

Published by:
www.rootsarc.com
Toronto, Canada

# ਸਮਰਪਣ

ਸਾਡੀਆਂ ਦੋਵੇਂ ਮਾਵਾਂ ਨੂੰ ਜੋ ਤੇਰਾਂ ਮਹੀਨੇ ਦੇ ਫਰਕ
ਨਾਲ ਸਾਡੇ ਨਾਲੋਂ ਨਾਤਾ ਤੋੜ ਕੇ ਚਲੀਆਂ ਗਈਆਂ।
ਸਮੇਂ ਸਮੇਂ ਸਾਡਾ ਰਾਹ ਦਸੇਰਾ ਬਣੀਆਂ।
ਬੀਬੀ ਅਮਰ ਕੌਰ ਸਹੋਤਾ
ਬੀਜ਼ੀ ਹਰਬੰਸ ਕੌਰ ਮਾਨ

# ਤਤਕਰਾ


| | |
|---|---|
| 5 | ਸਮਰਪਣ |
| 8 | ਪ੍ਰੀਤਲੜੀ ਯੁੱਗ |
| 10 | ਮੌਤ ਦਾ ਬਿਸਤਰ, ਪੰਜ ਪਛਤਾਵੇ |
| 14 | ਕਲਪਨਾ ਕੀ ਹੈ? |
| 17 | ਹੋਣਾ ਜਾਂ ਹੋਣ ਦਿਉ |
| 19 | ਮਗਰ ਸਿੰਘ ਦੇ ਬੋਲ |
| 21 | ਹਰ ਕੋਈ ਖੇਡ ਸਕਦਾ ਹੈ। |
| 25 | ਫਿਲਾਸਫੀ ਦਾ ਪਰੋਫੈਸਰ |
| 27 | 'ਜੋਸਫ਼ ਬਟਲਰ ਦਾ ਜ਼ਮੀਰ ਬਾਰੇ ਵਿਚਾਰ' ਤੇ ਉਸਦਾ ਵਿਸ਼ਲੇਸ਼ਣ |
| 35 | ਹੁਣ ਤੁਹਾਡੀ ਵਾਰੀ ਹੈ |
| 36 | ਰਾਈ ਤੇ ਪਹਾੜ |
| 38 | ਚੋਣ ਤੁਹਾਡੀ ਆਪਣੀ ਹੈ |
| 39 | ਲੱਧਾ ਫੇਰੀ ਵਾਲਾ |
| 41 | ਹੱਦੋ ਵੱਧ ਵਿਸ਼ਵਾਸ਼ ਆਤਮਹੱਤਿਆ ਬਣ ਜਾਂਦਾ। |
| 44 | ਛੋਟੀਆਂ ਛੋਟੀਆਂ ਗੱਲਾਂ |
| 46 | ਦਾਰੇ ਵਰਗਾ ਬਾਪੂ |
| 50 | ਸੰਵੇਦਨਾ ਦੇ ਅੰਸ਼-ਗੁੱਸਾ |
| 53 | ਢੋਏ ਹੋਏ ਬੂਹੇ |
| 55 | ਚੋਣ ਰਹਿਤ ਜੀਣਾ |
| 58 | ਸਾਇਬਰ ਕੈਫੇ ਤੇ ਚਾਹ ਦੀ ਰੇੜ੍ਹੀ |
| 60 | ਟੈਸਟ |
| 63 | ਫਿਲਟਰ ਟੈਸਟ |
| 65 | ਸੋਚਣ ਦਾ ਦਿਨ |
| 66 | ਇੱਕ ਸ਼ਾਮ |
| 67 | ਗਲਵਕੜੀ ਦਾ ਨਿੱਘ |
| 69 | ਪ੍ਰਥਮ ਕਹਾਣੀਆਂ |

73 ਆਉ ਅਸਲੀ ਬਾਬਿਆਂ ਦੀ ਪਛਾਣ ਕਰੀਏ
75 ਨਵਜੀਵਨੀ ਸਕੂਲ, ਬੌਬ ਰੰਮਬਲ ਸਕੂਲ
79 ਕਿਕਰਾਂ ਨੂੰ ਫੁਲ
80 ਕੀ ਤੇ ਕਿੰਝ ਉਸਾਰੀਏ?
82 ਮੈਂ ਹਾਂ ਪ੍ਰਵਾਸੀ ਕਹਾਣੀ
93 ਬਲੈਕ ਫਰਾਈਡੇ
102 ਬੁਕਮ ਸਿੰਘ ਦਾ ਯਾਦਗਾਰੀ ਸਮਾਰਕ
112 ਰੇਹਾਨੇ ਜਾਬਰੀ ਦੀ ਫਾਂਸੀ
118 ਸਮਸਿਆ ਬਨਾਮ ਚਿੰਤਾ

1

# ਪ੍ਰੀਤਲੜੀ ਯੁੱਗ

ਲੰਮੇਂ ਸਮੇਂ ਨੂੰ ਜੇ ਅੱਖੋਂ ਲੰਘਾਈਏ ਤਾਂ ਸਾਹਿਤ ਦੀ ਗੱਲ ਤੁਰਨ ਦਾ ਸਭ ਤੋਂ ਵਧੀਆ ਚੈਨਲ ਹੈ ਜਦ ਅਸੀਂ ਉਨ੍ਹਾਂ ਲੋਕਾਂ ਨੂੰ ਵੀ ਸ਼ਾਮਲ ਕਰ ਲੈਂਦੇ ਹਾਂ ਜੋ ਲਗਾਤਾਰ ਕਿਤਾਬਾਂ ਨਹੀ ਪੜ੍ਹਦੇ ਪਰ ਫਿਰ ਵੀ ਕਿਸੇ ਤੰਦ ਨਾਲ ਜੁੜੇ ਹੋਏ ਹਨ। ਦਿਲਚਸਪ ਗੱਲ ਹੈ ਅਜੋਕੇ ਸਮੇਂ ਵਿਚ ਅਸੀਂ ਉਸ ਤੰਦ ਨਾਲ ਵਿੱਥ ਬਣਾ ਲਈ ਹੈ। ਜੀ ਹਾਂ ਮੈਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਗੱਲ ਹੀ ਕਰਦਾ ਹਾਂ। ਮੇਰੇ ਬਜ਼ੁਰਗ ਸਾਹਿਤਕ ਕਿਤਾਬ ਨਹੀਂ ਪੜ੍ਹਦੇ। ਅਖਬਾਰਾਂ ਪੜ੍ਹਦੇ ਹਨ ਤੇ ਜਾਂ ਪਾਠ। ਜਦ ਵੀ ਕੋਈ ਕਹਾਣੀ, ਕਵਿਤਾ ਦੀ ਗੱਲ ਆਉਂਦੀ ਹੈ ਤਾਂ ਉਹ ਸਿਰਫ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਯੁੱਗ ਦੀ ਗੱਲ ਕਰਦੇ ਹਨ। ਪ੍ਰੀਤ ਝਰੋਖੇ ਦੀ ਗੱਲ ਕਰਦੇ ਹਨ। ਜਿਸ ਰਾਹੀਂ ਸੁਆਲਾਂ ਦੇ ਜੁਆਬ ਦਿੱਤੇ ਜਾਂਦੇ ਸਨ। ਅੱਜ ਜੇ ਅਸੀਂ ਇਸ ਯੁੱਗ ਨੂੰ ਲਭਣਾ ਹੈ ਤਾਂ ਉਸ ਵਕਤ ਦੇ ਬਜ਼ੁਰਗਾਂ ਦੀ ਰੀਤ ਨੂੰ ਅੱਗੇ ਤੋਰਨਾ ਪਵੇਗਾ ਜੋ ਜਾਣੇ ਅਨਜਾਣੇ ਹੀ ਸਾਹਿਤ ਨਾਲ ਜੁੜ ਗਏ ਸਨ ਤੇ ਫੇਰ ਉੱਥੇ ਹੀ ਖਲੋ ਗਏ।

ਨਾਵਲ, ਕਹਾਣੀਆਂ, ਪ੍ਰੀਤਲੜੀ ਰਸਾਲਾ ਤੇ ਪੰਜਾਹ ਤੋਂ ਵਧ ਕਿਤਾਬਾਂ ਉਨ੍ਹਾਂ ਦੇ ਨਾਮ ਹਨ। ਆਦਰਸ਼ ਪਹੁੰਚ ਦੇ ਮਾਰਗ ਨੂੰ ਕਈ ਹੋਰ ਨੁਕਤੇ ਨਿਗਾਹ ਤੋਂ ਵੀ ਵੇਖਦੇ ਹਨ ਪਰ ਜੇ ਸਮੁੱਚ ਵਿਚ ਵੇਖਿਆ ਜਾਵੇ ਤਾਂ ਉਹ ਇੱਕ ਯੁੱਗ ਪੁਰਸ਼ ਸਨ। ਉਨ੍ਹਾਂ ਨੂੰ ਮਾਡਰਨ ਪੰਜਾਬੀ ਵਾਰਤਾ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ ਤੇ ਜਦੋਂ ਅਸੀਂ ਇਸ ਸਾਹਿਤ ਅਕੈਡਮੀ ਫੈਲੋਸ਼ਿਪ ਬਾਰੇ ਪੜ੍ਹਦੇ ਹਾਂ ਤਾਂ ਇਹ ਕੋਈ ਹੈਰਾਨੀ ਪੈਦਾ ਨਹੀ ਕਰਦੀ, ਸਗੋਂ ਇਸ ਬਾਰੇ ਲਿਖੀ ਹੋਈ ਲਾਇਨ ਵਾਧੂ ਤੇ ਫਜ਼ੂਲ ਲਗਦੀ ਹੈ। ਇਸ ਫੈਲੋਸ਼ਿਪ ਨਾਲ ਕੋਈ ਉਨ੍ਹਾਂ ਦੇ ਵਿਅਕਤੀਤਵ ਵਿਚ ਵਾਧਾ ਹੁੰਦਾ ਦਿਖਾਈ ਨਹੀ ਦਿੰਦਾ। ਜੁਗਾੜਬੰਦੀ ਤਾਂ ਬਾਦ ਵਿਚ ਸ਼ੁਰੂ ਹੋਈ ਹੈ। ਕਈਆਂ ਲਈ ਇਹ ਮੁਕਤੀ ਦਾ ਰਾਹ ਸਾਬਤ ਹੁੰਦਾ ਦਿਸਦੀ ਹੈ। ਦਿਸਦੀ ਨਹੀ ਸਗੋਂ ਬਾਰ ਬਾਰ ਇਸ ਅਲਾਦੀਨ ਦੇ ਚਿਰਾਗ ਨੂੰ ਦਿਖਾਇਆ ਜਾਂਦਾ ਹੈ।

ਦਾਰ ਜੀ ਨੇ ਪ੍ਰੀਤ ਨਗਰ ਕਸਬੇ ਦਾ ਸੁਪਨਾ ਲਿਆ ਜਿਸਨੇ ਵਕਤ ਨਾਲ ਸਾਹਿਤ ਦਾ ਮੱਕਾ ਬਣ ਜਾਂਣਾ ਸੀ। ਇਹ ਅੰਮ੍ਰਿਤਸਰ ਤੇ ਲਾਹੌਰ ਦੇ ਐਨ ਦਰਮਿਆਨ ਵਿਚ ਹੈ। ਇਹ ਉਨ੍ਹਾਂ ਦਾ ਜਾਤੀ ਕਰਿਸ਼ਮਾ ਹੀ ਸੀ ਕਿ ਉਨ੍ਹਾਂ ਨੇ ਬਲਰਾਜ ਸਾਹਨੀ, ਨਾਨਕ ਸਿੰਘ, ਸ਼ੋਭਾ ਸਿੰਘ, ਦੀਵਾਨ ਸਿੰਘ ਜਿਹੜੇ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ (ਬੰਗਲਾ ਦੇਸ਼ ਵਾਰ ਫੇਮ) ਦੇ ਪਿਤਾ ਸਨ, ਫੈਜ਼ ਅਹਿਮਦ ਫੈਜ਼, ਸਾਹਿਰ ਲੁਧਿਆਨਵੀਂ, ਉਪਿੰਦਰ ਨਾਥ ਅਸ਼ਕ, ਕਰਤਾਰ ਸਿੰਘ ਦੁੱਗਲ, ਬਲਵੰਤ ਸਿੰਘ ਗਾਰਗੀ, ਪ੍ਰੋਫੈਸਰ ਮੋਹਨ ਸਿੰਘ, ਤੇ ਅੰਮ੍ਰਿਤਾ ਪ੍ਰੀਤਮ ਵਰਗੇ ਲੇਖਕਾਂ ਕਲਾਕਾਰਾਂ ਨੂੰ ਜੋ ਆਪਣੇ ਸਮੇਂ ਦੇ ਸਿਰਮੌਰ ਗੁਣੀ ਲੋਕ ਸਨ, ਨੂੰ

ਪ੍ਰੀਤਲੜੀ ਨਾਲ ਜੋੜਿਆ।

ਮਹਾਨ ਸ਼ਹੀਦ ਦੀਵਾਨ ਸਿੰਘ ਕਾਲਾਪਾਣੀ, ਬੁਧੀਜੀਵੀ ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਜੋਧ ਸਿੰਘ ਉਨ੍ਹਾਂ ਦੇ ਨੇੜਲੇ ਸਾਥੀ ਸਨ। ਗਾਂਧੀ ਤੇ ਨਹਿਰੂ ਨੇ ਪ੍ਰੀਤ ਨਗਰ ਦਾ ਭ੍ਰਮਣ ਕੀਤਾ। ਰਬਿੰਦਰ ਨਾਥ ਟੈਗੋਰ ਇਸ ਬਾਰੇ ਚੇਤੰਨ ਸੀ। ਮੁਲਖ ਰਾਜ ਆਨੰਦ ਅੰਗਰੇਜ਼ੀ ਦਾ ਪ੍ਰਮੁੱਖ ਲੇਖਕ ਦਾ ਕਹਿਣਾ ਹੈ ਕਿ ਟੈਗੋਰ ਦੇ ਯੁਗ-ਵਿਰਸਾ ਵਿਹਾਰ ਨੂੰ ਚਾਰ ਕੂੰਟਾਂ ਤੱਕ ਫੈਲਾਉਣ ਵਾਲੇ ਇੰਡੀਆ ਵਿਚ ਚਾਰ ਜਣੇ ਸਨ ਤੇ ਗੁਰਬਖਸ਼ ਸਿੰਘ ਉਨ੍ਹਾਂ ਵਿਚੋਂ ਇੱਕ ਸੀ।

ਉਨ੍ਹਾਂ ਨੇ ਕਈ ਸਮੇਂ ਤੋਂ ਪਹਿਲੇ ਹੋਣ ਵਾਲੇ ਕਰਮ ਕਾਂਡਾ ਦੇ ਸਾਹਸੀ ਤੇ ਧੀਰਜ ਵਾਲੇ ਰੇਸ਼ਮੀ ਧਾਗੇ ਉਣੇ ਜੋ ਮਿਡਲ ਕਲਾਸ ਲਈ ਵਰਦਾਨ ਸਾਬਤ ਹੋਏ। ਉਹ ਆਪਣੇ ਸਾਹਿਤਕ ਰਸਾਲੇ ਪ੍ਰੀਤਲੜੀ ਵਿਚ ਕੁਸ਼ਲਤਾ ਦੀ ਹੱਦ ਬਣ ਗਏ। ਸੋਚ ਪ੍ਰੀਤ ਨਗਰ ਵਲ ਸੁਆਲੀਆ ਨਜ਼ਰ ਬਣਕੇ ਉਠਦੀ ਤੇ ਜੁਆਬ ਨਾਲ ਮੁੜਦੀ ਲਹਿਰ ਵਾਂਗ ਸ਼ਾਤ ਹੋ ਜਾਂਦੀ। ਪ੍ਰੀਤ ਕਸਬਾ ਆਉਣ ਵਾਲੀ ਨਸਲ ਲਈ ਬਲਿਊ ਪ੍ਰਿੰਟ ਬਣ ਗਿਆ। ਹੁਣ ਇਸ ਬਲਿਊ ਪ੍ਰਿੰਟ ਦੀ ਇਮਾਰਤ ਕਦ ਬਣੇਗੀ ਇਹ ਇੱਕ ਆਦਰਸ਼ ਹੈ ਜਿਸਦਾ ਹਾਲ ਦੀ ਘੜੀ ਯਥਾਰਥ ਨਾਲ ਕੋਈ ਲੈਣਾ ਦੇਣਾ ਨਹੀ ਪਰ ਬਲਿਊ ਪ੍ਰਿੰਟ ਦੀ ਹੋਂਦ ਤਾਂ ਜ਼ਰੂਰ ਹੈ। ਇਸ ਨਕਸ਼ੇ ਵਿਚ ਖਿਆਲੀ ਵਸਾਈ ਹੋਈ ਦੁਨੀਆ ਲਈ ਅੰਤਰ-ਰਾਸ਼ਟਰੀ ਭਾਈਚਾਰੇ ਦਾ ਰਨਵੇ ਹੈ। ਸਾਂਝੀ ਰਸੋਈ ਦੀ ਹੋਂਦ ਦਾ ਜਲਵਾ ਆਇਆ ਤੇ ਬੀਤ ਗਿਆ। ਐਕਟੀਵਿਟੀ ਸਕੂਲ ਵਿਚ ਹੋਣ ਵਾਲਾ ਆਦਰਸ਼ਕ ਸਕੂਲ ਆਉਣ ਵਾਲੀ ਪੀੜ੍ਹੀ ਨੂੰ ਬੁਲਾ ਰਿਹਾ ਹੈ। ਕੀ ਇਹ ਕੰਮ ਬਹੁਤ ਮੁਸ਼ਕਲ ਹੈ?ਲਗਦੈ ਹੈ ਉਦੋਂ ਜਦੋਂ ਪੁਰਾਣੇ ਬਜ਼ੁਰਗ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਪੜ੍ਹਕੇ ਬਾਦ ਵਿਚ ਪੜ੍ਹਨਾ ਹੀ ਛਡ ਗਏ, ਉਨ੍ਹਾਂ ਦੀਆਂ ਅੱਖਾਂ ਵਿਚ ਇਹ ਸੁਆਲ ਤੈਰ ਰਿਹਾ ਹੈ। ਤੇ ਉਹ ਪੁੱਛਣ ਪੁੱਛਣ ਕਰਦੇ ਹਨ। ਕੀ ਅਸੀਂ ਉਨ੍ਹਾਂ ਦੀ ਪੁੱਛ ਨੂੰ ਹੀ ਸਾਂਭ ਸਕਦੇ ਹਾਂ?ਸ਼ਾਇਦ ਇਤਿਹਾਸ ਸਾਡੇ ਬਾਦ ਹੀ ਆਪਣੇ ਆਪ ਨੂੰ ਦੁਹਰਾ ਦੇਵੇ। ਪਰ ਲਗਦੈ ਸਾਡੇ ਪੈਰਾ ਮੀਟਰ ਬਦਲ ਗਏ ਹਨ। ਜਾਂ ਤਾਂ ਅਸੀਂ ਬਹੁਤ ਚੰਗੇ ਹਾਂ ਤੇ ਜਾਂ ਅਸੀਂ ਬਹੁਤ ਮੰਦੇ ਹਾਂ। ਉਸ ਮਿਡਲ ਕਲਾਸ ਦੀ ਮਿਡਲ ਕਲਾਸ ਸੋਚ ਜੋ ਪ੍ਰੀਤ ਝਰੋਖੇ ਨੂੰ ਸੁਆਲ ਕਰਦੀ ਸੀ ਤੇ ਜੁਆਬ ਦੀ ਉਡੀਕ ਕਰਦੀ ਸੀ, ਉਸ ਸੋਚ ਦਾ ਅੰਤ ਹੋ ਗਿਆ ਜਾਂ ਕਈ ਅਜੇ ਵੀ ਸਮਝਦੇ ਹਨ ਕਿ ਅੰਤ ਹੋਇਆ ਨਹੀ ਹੋਣ ਵਾਲਾ ਹੈ।

ਪ੍ਰੀਤਲੜੀ ਪੱਛਮੀ ਸੋਚ ਦਾ ਤਰਜ਼ਮਾ ਤੇ ਵਿਆਖਿਆ ਕਰਦੀ ਸੀ। ਨਵੀਂ ਰੌਸ਼ਨੀ ਦਾ ਬਟਨ ਆਪਣੇ ਪਿੰਡਾਂ ਵਿਚ ਦਬਣਾ ਚਾਹੁੰਦੀ ਸੀ।

ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਦੀ ਸੋਚ ਨੂੰ ਸਮਝਿਆ ਤੇ ਅਗਲੀ ਪੀੜ੍ਹੀ ਨੇ ਉਹ ਕੰਮ ਸੰਭਾਲ ਲਿਆ ਸੀ। ਚਾਰ ਭਾਸ਼ਾਵਾਂ ਵਿਚ ਛਪਣ ਵਾਲਾ ਸਤਰਵਿਆਂ ਦੇ ਅਖੀਰ ਵਿਚ ਪਾਕਿਸਤਾਨ ਵੀ ਛਪਣ ਲੱਗ ਪਿਆ ਸੀ। ਹਰ ਮੁਲਕ ਵਿਚ ਜਿੱਥੇ ਵੀ ਪੰਜਾਬੀ ਰਹਿੰਦਾ

ਹੈ ਪ੍ਰੀਤਲੜੀ ਪਹੁੰਚਦਾ ਸੀ। ਅੱਜ ਵੀ ਪ੍ਰੀਤਲੜੀ ਛਪਦਾ ਹੈ ਪਰ ਸਾਡਾ ਮਕਸਦ ਪ੍ਰੀਤਲੜੀ ਦਾ ਨਾ ਹੋਕੇ ਗੁਰਬਖਸ਼ ਸਿੰਘ ਪ੍ਰੀਤਲੜੀ ਯੁੱਗ-ਪੁਰਸ਼ ਨੂੰ ਯਾਦ ਕਰਦਿਆ ਇਹ ਕਾਮਨਾ ਕਰਨੀ ਹੈ ਕਿ ਇਸ ਯੁੱਗ ਨੂੰ ਯਾਦ ਕਰਨ ਵਾਲਿਆਂ ਨੂੰ ਕਿਹਾ ਜਾਏ ਕਿ ਉਨ੍ਹਾਂ ਕੋਲ ਜੇ ਕੋਈ ਯਾਦ ਹੈ, ਕੋਈ ਛਾਪ ਹੈ ਤਾਂ ਉਹ ਇਸ ਪੇਜ਼ ਤੇ ਸਾਰਿਆਂ ਨਾਲ ਸਾਂਝੀ ਕਰਨ। ਗੱਲ ਭਾਵੇਂ ਕਿਤਨੀ ਵੀ ਛੋਟੀ ਹੋਵੇ ਉਸਦੇ ਪ੍ਰਭਾਵ ਕਦੇ ਕਦੇ ਬਹੁਤ ਵਡੇ ਹੁੰਦੇ ਹਨ। ਨਹੀ ਯਾਦ, ਕੋਈ ਗੱਲ ਨਹੀ ਬਾਪੂ ਜੀ ਨੂੰ ਪੁੱਛੋ, ਉਨ੍ਹਾਂ ਨੂੰ ਜ਼ਰੂਰ ਹੀ ਕੁਝ ਯਾਦ ਹੋਵੇਗਾ। ਬਾਪੂ ਜੀ ਜ਼ਰੂਰ ਹੀ ਦਸਣਗੇ ਤੇ ਫਿਰ ਉਡੀਕ ਵੀ ਕਰਨਗੇ। ਇਸ ਪ੍ਰੀਤ ਨੂੰ ਲੜੀ ਵਾਂਗ ਅੱਗੇ ਤੋਰਨ ਨਾਲ ਪੰਜਾਬੀ ਸੰਵੇਦਨਾ ਵਿਚ ਯਕੀਨਨ ਵਾਧਾ ਹੋਵੇਗਾ।

## 2

# ਮੌਤ ਦਾ ਬਿਸਤਰ, ਪੰਜ ਪਛਤਾਵੇ

ਇੱਕ ਨਰਸ ਦਾ ਹਲਫ਼ੀਆ ਪੜ੍ਹ ਰਿਹਾ ਸੀ, ਜਿਸਨੇ ਆਪਣੇ ਸੇਵਾ ਕਾਲ ਦੌਰਾਨ ਜਾਤੀ ਤਜ਼ਰਬਿਆਂ ਦਾ ਜ਼ਿਕਰ ਕੀਤਾ ਤੇ ਜੋ ਮੈਨੂੰ ਸਭਤੋਂ ਦਿਲਚਸਪ ਲੱਗਾ।

ਮੌਤ ਦੇ ਬਿਸਤਰ ਤੇ ਪਏ ਲੋਕਾਂ ਬਾਰੇ ਗੱਲ ਕਰਦਿਆਂ ਉਹ ਕਹਿੰਦੀ ਹੈ ਕਿ ਉਸਨੇ ਮਰਨ ਵਾਲਿਆਂ ਦੇ ਉਹ ਪੰਜ ਅਫਸੋਸ ਵੇਖੇ ਹਨ ਜੋ ਜ਼ਿਆਦਾ ਲੋਕਾਂ ਦੇ ਵਿਚਾਰ ਸਨ। ਇਨ੍ਹਾਂ ਪੰਜ ਅਫਸੋਸ ਵਾਲੇ ਕਾਰਣਾਂ ਵਿਚ ਸਾਡੇ ਵਾਸਤੇ ਇੱਕ ਸਬਕ ਛੁਪਿਆ ਹੋਇਆ ਹੈ, ਆਉ ਇਨਾਂ ਪੰਜ ਸਬਕਾਂ ਦੇ ਮੱਦੇ ਨਜ਼ਰ ਵੇਖੀਏ ਕਿ ਪੰਜਾਬੀ ਮਾਨਸਿਕਤਾ ਇਨ੍ਹਾ ਬਾਰੇ ਕਿਵੇਂ ਸੋਚਦੀ ਹੈ ਤੇ ਸਾਡੇ ਕਿਹੜੇ ਮੁੱਦੇ ਵਖਰੇ ਹਨ ਤੇ ਕਿਉਂ ਵਖਰੇ ਹਨ?

ਨਰਸ ਦਾ ਕਹਿੰਣਾ ਹੈ ਕਿ ਕਈ ਸਾਲ ਉਸਨੇ ਪੈਲੇਟਿਵ ਕੇਅਰ ਸੈਂਟਰ ਵਿਚ ਕੰਮ ਕੀਤਾ। ਉਸ ਸੈਂਟਰ ਵਿਚ ਬਹੁਤੇ ਮਰੀਜ਼ ਉਹ ਹੀ ਹੁੰਦੇ ਹਨ ਜੋ ਸਿਰਫ ਘਰ ਸੁਆਸ ਤਿਆਗਣ ਹੀ ਜਾਂਦੇ ਹਨ। ਕੁਝ ਅਸੰਭਵ ਜਿਹੇ ਨਾ ਮੰਨਣਯੋਗ ਜਿਹੇ ਪਲ ਹੀ ਉੱਥੇ ਬਿਤਾਏ ਜਾਂਦੇ ਹਨ। ਨਰਸ ਦਾ ਕਹਿੰਣਾ ਹੈ ਕਿ ਉਹ ਸਿਰਫ ਉਨ੍ਹਾਂ ਦੀ ਜ਼ਿੰਦਗੀ ਨਾਲ ਤਿੰਨ ਹਫਤਿਆਂ ਤੋਂ ਲੈਕੇ ਬਾਰਾਂ ਹਫਤਿਆ ਦਾ ਸਮਾਂ ਹੀ ਬਿਤਾ ਸਕਦੀ ਹੈ। ਲੋਕ ਕਾਫੀ ਸੰਜੀਦਾ ਹੋ ਜਾਂਦੇ ਹਨ ਜਦੋਂ ਉਹ ਆਪਣੀ ਮਰਨਸ਼ੀਲਤਾ ਦੇ ਸਨਮੁਖ ਹੁੰਦੇ ਹਨ। ਸੰਜੀਦਗੀ ਦਾ ਇਹ ਆਲਮ ਆਪਣੇ ਪੂਰੇ ਜੋਬਨ ਤੇ ਹੁੰਦਾ ਹੈ, ਸਿਰਫ ਮੰਥਨ ਕਰਨ ਲਈ ਹੀ ਸਮਾਂ ਹੁੰਦਾ ਹੈ, ਤੇ ਕੁਝ ਵੀ ਮੰਨ ਲੈਣਾ ਤੇ ਕੁਝ ਵੀ ਦਸ ਦੇਣਾ ਅਸਾਨ ਹੋ ਜਾਂਦਾ ਹੈ। ਮੰਨਣਯੋਗ ਪਿੰਜਰੇ ਤੋਂ ਸਿਵਾਏ ਹੋਰ ਕੋਈ ਰਸਤਾ ਵੀ ਤੇ ਨਹੀ ਹੁੰਦਾ।

ਐਸੇ ਮੌਕੇ ਕੁਝ ਤਬਦੀਲੀਆਂ ਤਾਂ ਅਦੁੱਤੀ ਹੁੰਦੀਆਂ ਹਨ। ਕਿਸੇ ਵੀ ਮਨੁੱਖ ਦਾ

ਦ੍ਰਿਸ਼ਟਮਾਨ ਵਿਸ਼ਾਲ ਹੋਕੇ ਪ੍ਰਤੱਖੀ ਨਜ਼ਰ ਨਾਲ ਦੁਨੀਆਂ ਨੂੰ ਅਨੁਭਵ ਕਰਦਾ ਹੈ, ਜੋ ਸਧਾਰਣ ਨਜ਼ਰ ਨਾਲ ਭਾਵੇਂ ਅਸਚਰਜ ਲੱਗੇ ਪਰ ਹਕੀਕਤਨ ਇਹ ਹੁੰਦਾ ਹੈ ਜੋ ਕਦੇ ਦਿਮਾਗ ਨੇ ਦਿਲ ਤੋਂ ਬਾਗੀ ਹੋਕੇ ਸਿਰਜਿਆ ਹੋਵੇ।

ਭਾਵਨਾਵਾਂ ਦੇ ਵਖੋ ਵਖਰੇ ਟਾਪੂ ਜੋ ਸਾਡੇ ਅਚੇਤ ਵਿਚ ਵਸੇ ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਕਦੇ ਖੋਲ ਲੈਂਦੇ ਹਾਂ ਕਦੇ ਢਕ ਲੈਂਦੇ ਹਾਂ ਜਿਵੇਂ ਕਿ ਨਾਂਹ-ਨੁੱਕਰ ਵਾਲੀਆਂ ਭਾਵਨਾਵਾਂ, ਜਾਣਦੇ ਹੋਏ ਵੀ ਕਿ ਅਸੀ ਕਿੱਥੇ ਗਲਤ ਹਾਂ, ਫਿਰ ਵੀ ਉਹ ਨਾਂਹ-ਨੁੱਕਰ ਜੋ ਸਾਨੂੰ ਮਾਫਕ ਹੁੰਦੀ ਹੈ। ਡਰ, ਗੁੱਸਾ, ਪਸ਼ੇਮਾਨੀ, ਬਹੁਤ ਜ਼ਿਆਦਾ ਨਾਂਹ-ਨੁੱਕਰ ਤੋਂ ਬਾਦ ਥੋੜੀ ਜਿਹੀ ਸਹਿਮਤੀ ਜਿਵੇਂ ਦੀ ਸਾਡੀ ਸੋਚ ਸਾਨੂੰ ਆਗਿਆ ਦਿੰਦੀ ਹੈ। ਨਰਸ ਦਾ ਕਹਿੰਣਾ ਹੈ ਕਿ ਐਸੀ ਵਿਡੰਬਨਾ ਵਿਚ ਹਰ ਮਰੀਜ਼ ਜ਼ਿੰਦਗੀ ਤੋਂ ਰੁਖਸਤੀ ਤੋਂ ਪਹਿਲਾਂ ਸ਼ਾਤੀ ਚਾਹੁੰਦਾ ਹੈ, ਹਰ ਸਖਸ਼ ਜੋ ਜਾ ਰਿਹਾ ਹੈ।

ਜਦੋਂ ਉਨ੍ਹਾਂ ਨੂੰ ਜ਼ਿੰਦਗੀ ਦੇ ਕਿਸੇ ਪਛਤਾਵੇ ਬਾਰੇ ਪੁੱਛਿਆ ਜਾਵੇ ਜਾਂ ਸੁਝਾਅ ਮੰਗਿਆ ਜਾਵੇ ਕਿ ਕਿਸੇ ਸਮੇਂ ਨੂੰ ਜੀਣ ਦਾ ਉਨ੍ਹਾਂ ਦਾ ਜੇ ਕੋਈ ਵਖਰਾ ਰਾਹ ਹੁੰਦਾ ਤਾਂ ਉਹ ਕੀ ਹੁੰਦਾ। ਉਹ ਕੀ ਹੈ ਜੋ ਪਛਤਾਵਾ ਤਾਂ ਹੈ ਪਰ ਪਛਤਾਵਾ ਨਾ ਹੁੰਦਾ ਜੇ ਉਹ ਵਖਰੇ ਤਰੀਕੇ ਨਾਲ ਜਿਉਂਦੇ। ਇਸ ਸੁਆਲ ਨੂੰ ਵੀ ਹਰ ਮਰੀਜ਼ ਨੇ ਕੁਝ ਸਾਂਝੇ ਪਰਿਪੇਖ ਵਿਚ ਹੀ ਸਾਂਝਾ ਕੀਤਾ।

ਨਰਸ ਨੇ ਜਿਨ੍ਹਾਂ ਪੰਜ ਆਮ ਕਾਰਣਾਂ ਦਾ ਵਰਨਣ ਕੀਤਾ ਜੋ ਸਾਂਝੇ ਪਛਤਾਵੇ ਬਣੇ, ਉਹ ਇਸਤਰ੍ਹਾਂ ਹਨ-

**ਪੰਜ ਕਾਰਣ-**

**1. ਕਾਸ਼ ਮੇਰੇ ਵਿਚ ਹੌਸਲਾ ਹੁੰਦਾ**

ਕਿ ਮੈਂ ਆਪਣੀ ਜ਼ਿੰਦਗੀ ਸੱਚੇ ਤਰੀਕੇ ਨਾਲ ਸਿਰਫ ਆਪਣੇ ਲਈ ਹੀ ਜਿਉਂਦਾ, ਨਾ ਕਿ ਉਸਤਰਾਂ ਜਿਵੇਂ ਦੂਜੇ ਮੇਰੇ ਕੋਲੋਂ ਜੀਣ ਦੀ ਆਸ ਕਰਦੇ ਸਨ।

ਇਹ ਸਾਰਿਆਂ ਦਾ ਸਭਤੋਂ ਸਾਂਝਾ ਪਛਤਾਵਾ ਸੀ। ਜਦੋਂ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਜ਼ਿੰਦਗੀ ਤੇ ਹੁਣ ਖਤਮ ਹੋਣ ਵਾਲੀ ਹੈ ਤਾਂ ਉਹ ਬੀਤੇ ਤੇ ਬੜੀ ਸਾਫਗੋਈ ਨਾਲ ਝਾਤੀ ਮਾਰਦੇ ਹਨ। ਇਹ ਦੇਖਣਾ ਬਹੁਤ ਸੌਖਾ ਹੋ ਜਾਂਦਾ ਹੈ ਕਿ ਕਿਤਨੇ ਸੰਜੋਏ ਸੁਪਨੇ ਪੂਰੇ ਹੀ ਨਹੀ ਹੋਏ। ਬਹੁਤ ਸਾਰੇ ਲੋਕਾਂ ਦਾ ਇਹ ਰੰਜ ਹੁੰਦਾ ਹੈ ਕਿ ਉਨ੍ਹਾਂ ਨੇ ਜੋ ਕੀਤਾ ਜਾਂ ਜੋ ਕਰਨ ਦਾ ਸੁਪਨਾ ਲਿਆ, ਉਸਦਾ ਅੱਧਾ ਹਿੱਸਾ ਵੀ ਉਨ੍ਹਾਂ ਨੂੰ ਸਨਮਾਨਜਨਕ ਸਥਿਤੀ ਵਿਚ ਨਹੀ ਪਹੁੰਚਾ ਸਕਿਆ। ਇਸਦਾ ਵਡਾ ਕਾਰਣ ਉਹ ਇਹ ਲਭਦੇ ਹਨ ਕਿ ਇਸਦਾ ਕਾਰਣ ਉਨ੍ਹਾਂ ਦੀ ਚੋਣ ਸੀ ਜੋ ਗਲਤ ਸੀ, ਜਾਂ ਉਨ੍ਹਾਂ ਨੇ ਕੋਈ ਚੋਣ ਕੀਤੀ ਹੀ ਨਹੀ। ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਕੁਝ ਐਸੇ ਸੁਪਨੇ ਲਵੋ ਤੇ ਉਨ੍ਹਾਂ ਤੇ ਆਪਣੇ ਹਿਸਾਬ

ਨਾਲ ਕੰਮ ਕਰੋ ਜੋ ਤੁਹਾਨੂੰ ਸਨਮਾਨ ਦੀ ਸੰਤੁਸ਼ਟੀ ਦੇ ਸਕਣ। ਜਿਉਂ ਹੀ ਸੇਹਤ ਨਾਲ ਜ਼ਿੰਦਗੀ ਦਾ ਤਿਨਕਾ ਛੁਟਿਆ, ਸਮਝੋ ਬਹੁਤ ਦੇਰ ਹੋ ਗਈ। ਬਹੁਤ ਘਟ ਜਾਣਦੇ ਹਨ ਕਿ ਸੇਹਤ ਤੁਹਾਡੇ ਵਾਸਤੇ ਅਜ਼ਾਦ ਫਿਜ਼ਾ ਵੀ ਲਿਆਉਂਦੀ ਹੈ, ਪਰ ਜਦੋਂ ਸੇਹਤ ਗਈ ਉਦੋਂ ਜਾਨਣ ਦਾ ਸਬਬ ਨਿਰਾਰਥਕ ਹੋ ਜਾਂਦਾ ਹੈ।

**2. ਕਾਸ਼ ਮੈਂ ਇਤਨੀ ਸਖਤ ਮੇਹਨਤ ਨਾ ਕੀਤੀ ਹੁੰਦੀ।**

ਨਰਸ ਦੇ ਦਸਣ ਅਨੁਸਾਰ ਇਹ ਪਛਤਾਵਾ ਹਰ ਮਰਦ ਮਰੀਜ਼ ਦਾ ਸੀ। ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਨੇ ਆਪਣਾ ਨੌਜਵਾਨੀ ਵਾਲੀ ਮਸਤੀ ਤੇ ਆਪਣੀ ਪ੍ਰੇਮਿਕਾ ਦਾ ਸਾਥ ਪੂਰਾ ਨਹੀ ਮਾਣਿਆ ਕਿਉਂਕਿ ਉਹ ਸਖਤ ਕੰਮਾਂ ਵਿਚ ਹੀ ਉਲਝੇ ਰਹੇ। ਔਰਤਾਂ ਨੇ ਵੀ ਇਸ ਪਛਤਾਵੇ ਦਾ ਜ਼ਿਕਰ ਕੀਤਾ, ਪਰ ਇਨ੍ਹਾਂ ਵਿਚੋਂ ਬਹੁਤੀਆਂ ਔਰਤਾਂ ਪੁਰਾਣੀ ਪੀੜ੍ਹੀ ਦੀਆਂ ਹੀ ਸਨ। ਔਰਤ ਮਰੀਜ਼ਾਂ ਵਿਚੋਂ ਬਹੁਤੀਆਂ ਰੋਜ਼ੀ ਕਮਾਉਣ ਵਾਲੀਆਂ ਨਹੀ ਸਨ। (ਸਰਵੇ ਮੁਤਾਬਕ)

ਬਹੁਤ ਸਾਰੇ ਮਰਦ ਪਛਤਾਵੇ ਦੀ ਅੱਗ ਵਿਚ ਜਲ ਰਹੇ ਸਨ ਕਿ ਉਨ੍ਹਾਂ ਨੇ ਰੋਟੀ ਰੋਜ਼ੀ ਦੇ ਚੱਕਰ ਵਿਚ ਹੀ ਬਹੁਤੀ ਜ਼ਿੰਦਗੀ ਗ੍ਹਾਲ ਦਿੱਤੀ। ਜ਼ਿੰਦਗੀ ਨੂੰ ਸਧਾਰਣਤਾ ਨਾਲ ਲੈਣ ਦੀ ਬਜਾਇ ਪੈਸੇ ਕਮਾਉਣ ਦੀ ਦੌੜ ਵਿਚ ਹੀ ਆਪਾ ਖਰਚ ਕਰ ਦਿੱਤਾ। ਜੇ ਇਸਤਰ੍ਹਾਂ ਨਾ ਕਰਦੇ ਤਾਂ ਹੋ ਸਕਦਾ ਹੈ ਖੁਸ਼ ਰਹਿਕੇ ਸਹਿਜਤਾ ਨਾਲ ਜੀਂਦੇ ਤਾਂ ਉਨ੍ਹਾਂ ਨੂੰ ਪੈਸੇ ਕਮਾਉਣ ਲਈ ਵੀ ਕੋਈ ਹੋਰ ਵਧੀਆ ਮੌਕਾ ਮਿੱਲ ਜਾਂਦਾ, ਜਿਹੜਾ ਉਨ੍ਹਾਂ ਦੇ ਸ਼ੌਕ ਦੇ ਅਨੁਸਾਰੀ ਵੀ ਹੁੰਦਾ।

**3. ਕਾਸ਼ ਮੇਰੇ ਵਿਚ ਇਤਨੀ ਹਿੰਮਤ ਹੁੰਦੀ**

ਕਿ ਮੈਂ ਆਪਣੀਆ ਭਾਵਨਾਵਾਂ ਨੂੰ ਉਜਾਗਰ ਕਰ ਸਕਦਾ।

ਬਹੁਤ ਸਾਰੇ ਲੋਕ ਆਪਣੀਆ ਭਾਵਨਾਵਾਂ ਨੂੰ ਇਸ ਲਈ ਦਬਾਅ ਲੈਂਦੇ ਹਨ ਕਿ ਦੂਸਰਿਆਂ ਨਾਲ ਸ਼ਾਤੀ ਬਣਾਈ ਰਖਣ ਤੇ ਕੋਈ ਅਣਬਣ ਨਾ ਹੋ ਜਾਵੇ। ਨਤੀਜੇ ਵਜੋਂ ਉਨ੍ਹਾਂ ਦੀ ਹੋਂਦ ਵਿਚਕਾਰਲੇ ਦਰਜੇ ਦੇ ਸਧਾਰਣ ਵਿਅਕਤੀ ਦੀ ਬਣ ਜਾਂਦੀ ਹੈ, ਪਰ ਅਸਲ ਵਿਚ ਉਨ੍ਹਾ ਦੀ ਸਖਸ਼ੀਅਤ ਐਸੀ ਹੁੰਦੀ ਨਹੀ। ਬਹੁਤ ਸਾਰੇ ਐਸੇ ਵਿਅਕਤੀ ਕੌੜੇ ਤਜ਼ਰਬਿਆਂ ਅਧਾਰਿਤ ਨਿਰਾਸ਼ ਹੋਕੇ ਬਿਮਾਰ ਹੋ ਜਾਂਦੇ ਹਨ। ਅਸੀ ਦੂਜਿਆਂ ਦੇ ਪ੍ਰਭਾਵਾਂ ਨੂੰ ਕੰਟਰੋਲ ਨਹੀ ਕਰ ਸਕਦੇ, ਇਸਲਈ ਭਾਵੇ ਸ਼ੁਰੂਆਤੀ ਦੌਰ ਵਿਚ ਕੁਝ ਪ੍ਰਤੀਕਿਰਿਆ ਕਰਦੇ ਹਾਂ ਜਦੋਂ ਲਗਦਾ ਹੈ ਕਿ ਤੁਹਾਡਾ ਇਮਾਨਦਾਰੀ ਵਾਲਾ ਰਸਤਾ ਰੋਕ ਲਿਆ ਗਿਆ ਹੈ ਪਰ ਅੰਤ ਵਿਚ ਸਬੰਧਾਂ ਨੂੰ ਸਮੁੱਚ ਵਿਚ ਲੈਂਦੇ ਹੋਏ ਸੇਹਤਮੰਦ ਸਬੰਧਾਂ ਦੀ ਖਾਤਰ ਆਪਣੀ ਜਾਨ ਨੂੰ ਰੋਗ ਲਾ ਬਹਿੰਦੇ ਹਨ ਜਾਂ ਤਾਂ ਆਪਣੀ ਗੱਲ ਤੇ ਪਹਿਰਾ ਦੇਵੋ ਜਾਂ ਬਿਮਾਰ ਜ਼ਹਿਨੀਅਤ ਵਾਲੇ ਸਬੰਧਾਂ ਨੂੰ ਖਾਰਜ ਕਰ ਦੇਵੋ, ਇਸਤਰ੍ਹਾਂ ਤੁਹਾਡੀ ਹਾਲਤ ਜਿੱਤ ਵਾਲੀ ਬਣ ਸਕਦੀ ਸੀ ਜੋ ਨਹੀ ਬਣੀ।

## 4. ਕਾਸ਼ ਮੈਂ ਆਪਣੇ ਮਿਤਰਾਂ ਨਾਲ ਜੁੜਿਆ ਰਹਿੰਦਾ।

ਬਹੁਤੀ ਵਾਰ ਇਹ ਸੱਚੇ ਦਿਲੋਂ ਮਹਿਸੂਸ ਹੀ ਨਹੀ ਹੁੰਦਾ ਕਿ ਪੁਰਾਣੇ ਦੋਸਤ ਕਿਤਨੇ ਸਕੂਨ ਦੇਣ ਵਾਲੇ ਸਨ ਜਦੋ ਤੱਕ ਮੌਤ ਦਾ ਬਿਸਤਰ ਨਾ ਆ ਜਾਵੇ ਤੇ ਉਦੋਂ ਸਮੇਂ ਦਾ ਕਾਲ ਵਾਪਸ ਨਹੀ ਹੋ ਸਕਦਾ, ਵਡਾ ਪਛਤਾਵਾ ਹੋ ਨਿਬੜਦਾ ਹੈ। ਕਈ ਆਪਣੀ ਜ਼ਿੰਦਗੀ ਵਿਚ ਹੀ ਇਤਨੇ ਮਸ਼ਰੂਫ ਹੋ ਜਾਂਦੇ ਨੇ ਕਿ ਸਾਲਾਂ ਦੇ ਸਾਲ ਸੋਨੇ ਵਰਗੇ ਦੋਸਤਾਂ ਦੇ ਸਾਥ ਤੋਂ ਖਿਸਕ ਜਾਂਦੇ ਹਨ ਤੇ ਦੋਸਤੀ ਜੋ ਸਾਥ ਦੀ ਹੱਕਦਾਰ ਸੀ, ਉਸਨੂੰ ਅਜ਼ਾਂਈ ਹੀ ਗੁਆ ਲਿਆ। ਹਰ ਮਰਨ ਕੰਢੇ ਪਿਆ ਇਨਸਾਨ ਆਪਣੇ ਮਿੱਤਰ ਪਿਆਰਿਆਂ ਦੇ ਵਿਛੋੜੇ ਨੂੰ ਮਹਿਸੂਸ ਕਰਦਾ ਹੈ। ਅੱਜਕਲ ਦੀ ਜਟਿਲ ਜ਼ਿੰਦਗੀ ਵਿਚ ਇਹ ਹਰ ਇੱਕ ਦੇ ਨਸੀਬ ਵਿਚ ਅਣਚਾਹਿਆ ਲਿਖਿਆ ਹੋਇਆ ਹੈ ਕਿ ਦੋਸਤੀ ਦੇ ਪਲਾਂ ਨੂੰ ਅਜਾਈਂ ਹੀ ਗੁਆ ਦਿੱਤਾ ਜਾਵੇ ਤੇ ਹੋਰ ਕੰਮਾਂ ਨੂੰ ਪੂਰਾ ਕਰ ਲਿਆ ਜਾਵੇ। ਪਰ ਜਦ ਮੌਤ ਨਾਲ ਸਾਹਮਣਾ ਹੁੰਦਾ ਹੈ ਤਾਂ ਸਰੀਰ ਦਾ ਭੌਤਿਕ ਵਿਸਤਾਰ ਤਾਂ ਰੇਤ ਦੇ ਘਰ ਵਾਂਗ ਗਿਰ ਰਿਹਾ ਹੁੰਦਾ ਹੈ। ਪਦਾਰਥਿਕਤਾ ਤੇ ਆਰਥਿਕਤਾ ਦੋਸਤੀ ਦੇ ਅੱਗੇ ਉਦੋਂ ਨਿਗੂਣੇ ਲਗਦੇ ਹਨ। ਪੈਸੇ, ਸੁਖ ਸਾਧਨ ਦੌਸਤੀ ਤੋਂ ਵਾਰਨ ਲਈ ਵੀ ਤਿਆਰ ਹੁੰਦੇ ਹਨ। ਪਰ ਦੋਸਤੀ ਵਿਚ ਇਹਨਾਂ ਨਿਗੂਣੀਆਂ ਵਸਤਾਂ ਦਾ ਮਿਸ਼ਰਣ ਵੀ ਤੱਸਲੀ ਵਾਲਾਨਹੀ ਹੁੰਦਾ ਤੇ ਪਛਤਾਵੇ ਦੇ ਬੱਦਲ ਚਰਮ ਸੀਮਾ ਵਿਚ ਹੀ ਰਹਿੰਦੇ ਹਨ। ਅਖੀਰਲੇ ਹਫ਼ਤਿਆਂ ਵਿਚ ਸਿਰਫ ਪਿਆਰ ਤੇ ਦੋਸਤੀ ਹੀ ਜਿੰਦਾ ਰਹਿੰਦੀ ਹੈ।

## 5. ਕਾਸ਼ ਮੈਂ ਖੁਸ਼ ਰਹਿੰਣ ਦੀ ਕੋਸ਼ਿਸ਼ ਕੀਤੀ ਹੁੰਦੀ।

ਹੈਰਾਨੀ ਵਾਲੀ ਗੱਲ ਹੈ ਕਿ ਇਹ ਕਾਰਣ ਵੀ ਸਾਂਝੇ ਕਾਰਣਾਂ ਦੀ ਲਿਸਟ ਵਿਚ ਪਹਿਲੇ ਪੰਜਾਂ ਵਿਚ ਸ਼ਾਮਲ ਹੋ ਗਿਆ। ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਹੀ ਨਹੀ ਲਗਦਾ ਕਿ ਖੁਸ਼ ਰਹਿੰਣਾ ਇੱਕ ਚੋਣ ਹੈ ਜੋ ਉਨ੍ਹਾਂ ਨੇ ਕਰਨੀ ਹੈ ਤੇ ਇਹ ਪਤਾ ਵੀ ਮੌਤ ਦੇ ਬਿਸਤਰ ਤੇ ਜਾਕੇ ਲਗਦਾ ਹੈ। ਉਹ ਆਪਣੇ ਸਭਿਆਚਾਰ ਦੀ ਪੁਰਾਣੀ ਸ਼ੈਲੀ ਤੇ ਆਦਤਾਂ ਵਿਚ ਹੀ ਉਲਝੇ ਰਹਿੰਦੇ ਹਨ। ਇਹ ਕਥਿਤ ਜਾਣ ਪਛਾਣ ਵਾਲੀ, ਉਨ੍ਹਾਂ ਦੀਆਂ ਜਾਤੀ ਭਾਵਨਾਵਾਂ ਤੇ ਸਰੀਰਕ ਜ਼ਿੰਦਗੀ ਤੇ ਇਸਤਰ੍ਹਾਂ ਭਾਰੂ ਹੋ ਜਾਂਦੀਆਂ ਹਨ ਕਿ ਉਹ ਨਿਰਾਸ਼ਾ ਵਿਚ ਡੁਬ ਜਾਂਦੇ ਹਨ ਤੇ ਉਨ੍ਹਾਂ ਨੂੰ ਪਤਾ ਵੀ ਨਹੀ ਲਗਦਾ ਕਿ ਅਸਲ ਕਾਰਣ ਕੀ ਹੈ। ਚੇਤਨ ਅਵਸਥਾ ਵਿਚ ਕੁਝ ਹੋਰ ਸੋਚਦੇ ਹੋਏ ਵੀ ਦੂਜਿਆਂ ਦੇ ਸਾਹਮਣੇ ਪਖੰਡ ਕਰਦੇ ਹਨ ਤੇ ਆਪਣੇ ਆਪ ਨਾਲ ਵੀ ਪਖੰਡ ਕਰਦੇ ਹਨ ਕਿ ਅਸੀਂ ਬਿਲਕੁਲ ਠੀਕ ਹਾਂ। ਅੰਦਰੋਂ ਅੰਦਰ ਉਨ੍ਹਾਂ ਦੇ ਹਾਸੇ ਅਸਲ ਨਹੀ ਹੁੰਦੇ ਤੇ ਜ਼ਿੰਦਗੀ ਦੀ ਸਿਧੜ ਜਿਹੀ ਖੁਸ਼ੀ ਮਾਨਸਿਕ ਤੱਸਲੀ ਤੋਂ ਇਨਕਾਰੀ ਹੁੰਦੀ ਹੈ।

ਇਹ ਤੇ ਬਹੁਤ ਦੂਰ ਤੇ ਨਿਰਾਰਥਕ ਗੱਲ ਹੈ ਕਿ ਜਦੋਂ ਤੁਸੀਂ ਮੌਤ ਦੇ ਬਿਸਤਰ ਤੇ ਪਛਤਾਵਿਆਂ ਬਾਰੇ ਸੋਚ ਰਹੇ ਹੋ ਤੇ ਹੋਰ ਤੁਹਾਡੇ ਬਾਰੇ ਕੀ ਸੋਚਦੇ ਹਨ। ਕਿਤਨਾ ਚੰਗਾ ਲੱਗੇ

ਜੇ ਤੁਹਾਨੂੰ ਦੁਬਾਰਾ ਜੀਣ ਦਾ ਮੌਕਾ ਮਿਲੇ ਤੇ ਤੁਸੀਂ ਦਿਲੋਂ ਮੁਸਕਰਾ ਸਕੋ।

ਜ਼ਿੰਦਗੀ ਇੱਕ ਚੋਣ ਹੈ। ਇਹ ਤੁਹਾਡੀ ਜ਼ਿੰਦਗੀ ਹੈ, ਧਿਆਨ ਨਾਲ ਚੋਣ ਕਰੋ, ਸਿਆਣਪ ਨਾਲ ਚੋਣ ਕਰੋ, ਇਮਾਨਦਾਰੀ ਨਾਲ ਚੋਣ ਕਰੋ। ਸਿਰਫ ਖੁਸ਼ੀ ਦੀ ਹੀ ਚੋਣ ਕਰੋ। ਫਿਰ ਤੁਹਾਨੂੰ ਕੋਈ ਪਛਤਾਵਾ ਨਹੀ ਹੋਵੇਗਾ।

ਮੌਤ ਦੇ ਬਿਸਤਰ ਤੇ ਜਾਣ ਤੋਂ ਪਹਿਲਾਂ ਇਸ ਬਾਰੇ ਜ਼ਰੂਰ ਸੋਚੋ।

**3.**

# ਕਲਪਨਾ ਕੀ ਹੈ?

ਇਸਦੀ ਗੁਣਵੰਨਤਾ ਦਾ ਸਬੰਧ ਪੰਜਾਬੀ ਮਾਨਸਿਕਤਾ ਨਾਲ ਜੁੜ ਸਕਦਾ ਹੈ। ਅਸੀ ਕਲਪਨਾ ਦੇ ਸੰਕਲਪ ਨੂੰ ਵਿਗਾੜਨ ਦੇ ਰਾਹ ਤੇ ਨਹੀ ਤੁਰ ਪਏ? ਆਖਰ ਇਹ ਕਲਪਨਾ ਹੈ ਕੀ ਸ਼ੈਅ, ਕੀ ਮੇਰੀ ਕਲਪਨਾ ਕਿਸੇ ਹੋਰ ਦੀ ਕਲਪਨਾ ਨਾਲ ਮਿਲ ਸਕਦੀ ਹੈ? ਜੁਆਬ ਹੈ ਨਹੀ, ਫਿਰ ਕਲਪਨਾ ਦਾ ਸ਼ਾਬਦਿਕ ਤੇ ਦਾਰਸ਼ਨਿਕ ਮਾਇਨਾ ਕੀ ਹੈ? ਇਸਦਾ ਸਿਧਾ ਸਬੰਧ ਨਿਰੀਖਣ ਨਾਲ ਜੁੜਦਾ ਹੈ ਤੇ ਸਭਿਆਚਾਰ ਦੇ ਅਚਾਰ ਵਿਹਾਰ ਨਾਲ ਜੋ ਹੱਡੀ ਰਚਿਆ ਹੈ, ਕਲਪਨਾ ਉਹੋ ਹੀ ਕਰਦੇ ਹਾਂ ਜੋ ਸਾਡੇ ਅਚੇਤ ਵਿਚ ਸੁਪਨਾ ਬਣਕੇ ਪਈ ਹੈ ਤੇ ਉਹ ਸੁਪਨਾ, – ਜਾਂ ਨਾਂ ਪੂਰਾ ਹੋਣ ਦੀ ਖਾਹਸ਼– ਹੈ ਕੀ? ਕੀ ਇਹ ਸੁਪਨਾ ਹੀ ਨਿਰੀਖਣ ਨਹੀ ? ਜੇ ਹੈ ਤਾਂ ਰੌਲ਼ਾ ਕਾਹਦਾ? ਜਪਾਨੀਆਂ ਨੂੰ ਜਦੋਂ ਚੀਨ ਨੇ ਜਿੱਤ ਲਿਆ ਸੀ ਤਾਂ ਜਪਾਨੀਆ ਦੇ ਚਿਹਨ ਵਿਚ ਬੁਨਿਆਦੀ ਤੇ ਚਾਇਨੀਜ ਕਦਰਾਂ ਕੀਮਤਾ ਰਲਗਡ ਹੋਕੇ ਹੀ ਇੱਕ ਨਵੀ ਸੋਚ ਬਣੀ ਸੀ, ਨੋ–ਮਾਇਡਸੈਟ ਦਾ ਸੰਕਲਪ ਦਾ ਮਤਲਬ ਵੀ ਇੱਕਲ ਵਿਚ ਤੇ ਦੁਨੀਆ ਨਾਲੋਂ ਕਟੇ ਕੁਦਰਤ ਵਿਚ ਵਸਣ ਵਾਲੇ ਸਨ ਤੇ ਉਹ ਕੁਦਰਤ ਵਿਚੋਂ ਹੀ ਸਭ ਕੁਝ ਲਭਦੇ ਸਨ, ਹੁਣ ਜਦੋਂ ਕੁਦਰਤ ਹੀ ਮਲਟੀ ਪਲਾਈ ਹੋ ਗਈ ਨਵੀ ਸਿਖਿਆ ਨਾਲ; ਯਾਦ ਰਹੇ ਹਿਸਾਬ, ਲਿਖਣਾ ਜਪਾਨੀਆਂ ਨੂੰ ਚੀਨ ਨੇ ਸਿਖਾਇਆ ਸੀ, ਗੱਲ ਤੇ ਖਤਮ ਹੋਣ ਵਾਲੀ ਨਹੀ ਹੈ ਪਰ ਮੇਰਾ ਯਕੀਂਨ ਹੈ ਕਿ ਹਾਇਕੂ ਦਾ ਪਾਰ ਉਤਾਰਾ ਪੰਜਾਬੀ ਮਾਨਸਿਕਤਾ ਨਾਲ ਖਹਿ ਕੇ ਹੋਣਾ ਹੈ ਹੋਰ ਕੋਈ ਵਿਕਲਪ ਨਹੀ।

ਕਲਪਨਾ ਨੂੰ ਅਸੀਂ ਪੰਜਾਬੀ ਵਿਚ ਖਿਆਲੀ ਪੁਲਾਵ ਵੀ ਕਹਿ ਸਕਦੇ ਹਾਂ, ਮੁਹਾਵਰੇ ਦਾ ਮਤਲਬ ਹੈ ਕਿ ਆਪਣੀ ਸੋਚਣ ਸ਼ਕਤੀ ਨਾਲ ਵਕਤੀ ਦਿਮਾਗ ਵਿਚ ਆਏ ਵਿਚਾਰ ਵਿਚ ਝਰਨਾਹਟ ਪੈਦਾ ਕਰ ਲੈਣੀ, ਦੂਜੇ ਸ਼ਬਦਾਂ ਵਿਚ ਮਨੋਭਾਵ ਦਾ ਪ੍ਰਗਟਾਅ ਵੀ ਕਿਹਾ ਜਾ ਸਕਦਾ ਹੈ, ਇਹ ਨਿਰਭਰ ਕਰਦਾ ਹੈ ਕਿ ਤੁਹਾਡਾ ਸੁਭਾਅ ਕਿਵੇਂ ਦਾ ਹੈ, ਤੁਸੀਂ ਕਿਸਤਰਾਂ ਰੁਮਾਂਚਿਕ ਹੋ ਸਕਦੇ ਹੋ, ਉਤੇਜਨਾ, ਤਹਿਲਕਾ, ਸਨਸਨੀ, ਜੋਸ਼ ਹਲਚਲ, ਚੇਤਨਤਾ, ਅੰਤਰ ਅਨੁਭਵ ਤੇ

ਅਹਿਸਾਸ ਵਰਗੇ ਕੁਝ ਅਰਥ ਤੁਹਾਡੇ ਸੋਚ ਦੇ ਸ਼ਬਦਾਂ ਨੂੰ ਜਰਬ ਦਿੰਦੇ ਹਨ।

ਜੋ ਅਸੀ ਦ੍ਰਿਸ਼ ਵੇਖਕੇ, ਕੁਝ ਸੁਣਕੇ ਜਾਂ ਹੋਰ ਇੰਦਰੀਆਂ ਨਾਲ ਅਨੁਭਵ ਕਰਕੇ ਸੰਤੁਸ਼ਟ ਨਹੀ ਹੁੰਦੇ, ਕੁਝ ਸੋਚ ਲੈਂਦੇ ਹਾਂ ਤੇ ਕਿਸੇ ਗਿਆਨ ਦੀ ਤਲਾਸ਼ ਵਿਚ ਗੁਆਚ ਕੇ ਕੁਝ ਚਿਤਵ ਲੈਂਦੇ ਹਾਂ। ਹੁਣ ਇੱਥੇ ਮੁੱਦਾ ਵੀ ਹੈ ਕਿ ਕੋਈ ਵਿਅਕਤੀ ਕਿਹੜੇ ਹਵਾਈ ਕਿਲ੍ਹੇ ਵੱਲ ਜਾਂਦਾ ਹੈ। ਯਕੀਨਨ ਜਿਸ ਬਾਰੇ ਕੁਝ ਗਿਆਨ ਹੋਵੇ। ਕਦੇ ਵੀ ਜਹਾਜ਼ ਦੇ ਕਾਕਪਿਟ ਵਿਚ ਨਾ ਗਿਆ ਵਿਅਕਤੀ ਕਾਕਪਿਟ ਬਾਰੇ ਕੁਝ ਵੀ ਕਲਪਨਾ ਨਹੀ ਕਰ ਸਕਦਾ, ਸਿਰਫ ਪਾਇਲਟ ਹੀ ਕਰ ਸਕਦਾ ਹੈ। ਸਮਸਿਆ ਦਾ ਭੇਦ ਇਹ ਹੈ ਕਿ ਮੁਢਲੀ ਜਾਣਕਾਰੀ ਜ਼ਰੂਰੀ ਹੈ ਤਾਂ ਹੀ ਉਸ ਬਾਰੇ ਅੱਗੇ ਸੋਚਿਆ ਜਾ ਸਕਦਾ ਹੈ, ਹੁਣ ਇੱਥੇ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਅੱਗੇ ਸੋਚਣ ਦੇ ਸੰਦ ਵੀ ਆਪੋ ਆਪਣੇ ਹਨ ਤੇ ਇੱਥੇ ਗਿਆਨ ਦਾ ਪ੍ਰਵੇਸ਼ ਹੁੰਦਾ ਹੈ, ਗਿਆਨ ਵੀ ਉਹ ਜੋ ਚੇਤਨਤਾ ਵਿਚ ਵਸੀ ਹੋਈ ਵਸਤ ਨਾਲ ਸਬੰਧਿਤ ਹੋਵੇ ਤੇ ਇਹ ਚੇਤਨਤਾ ਦੇ ਮਾਪ ਦੰਡ ਹਰ ਇੱਕ ਦੇ ਆਪੋ ਆਪਣੇ ਹਨ। ਕੋਈ ਲੇਖਕ ਜ਼ਰੂਰੀ ਨਹੀ ਟਾਇਪਿਸਟ ਵੀ ਹੋਵੇ ਜਾਂ ਅਖਰ ਬੋਧ ਦੀ ਵਿਆਕਰਣ ਦਾ ਵੀ ਗਿਆਤਾ ਹੋਵੇ। ਭਾਵੇਂ ਕਿ ਇਹ ਆਪਸ ਵਿਚ ਸਬੰਧਿਤ ਹਨ ਪਰ ਤਾਸੀਰ ਵਖਰੀ ਹੈ।

ਸਮਸਿਆ ਨੂੰ ਸੁਲਝਾਉਣ ਦਾ ਮਾਧਿਅਮ ਮੌਲਿਕ ਤੇ ਸਥਿਰ ਤਜ਼ਰਬਾ ਤੇ ਇਹ ਸਿਖਣ ਨਾਲ ਆਉਂਦਾ ਹੈ, ਬਿਨ੍ਹਾਂ ਸਿਖਿਆ ਕਲਪਨਾ ਦਾ ਕੋਈ ਪੰਖ ਨਹੀ ਉਡ ਸਕਦਾ। ਸਿਖੇ ਹੋਏ ਤੱਤ ਹੀ ਭੁੜਕ ਕੇ ਚੇਤਨਤਾ ਨੂੰ ਗੁਣਾ ਦਿੰਦੇ ਹਨ।

ਅਕਾਰ ਤੇ ਪ੍ਰਤਿਮਾ ਦਾ ਦਾਇਰਾ ਹੀ ਘੁੰਮਦਾ ਹੈ ਤੇ ਇਹ ਸਦਾ ਅਵਚੇਤਨ ਵਿਚ ਵਸਿਆ ਰਹਿੰਦਾ ਹੈ ਜਿਸਨੇ ਇਹ ਕਮਾਇਆ ਹੋਵੇ। ਕਿਸੇ ਹੋਰ ਦਾ ਗਿਆਨ ਕਲਪਨਾ ਵਿਚ ਕੰਮ ਨਹੀ ਆਉਂਦਾ। ਕੋਈ ਵੀ ਵਿਅਕਤੀ ਆਪਣੇ ਸੁਭਾਅ ਤੇ ਚਲੰਤ ਮਿਜ਼ਾਜ ਤੇ ਮਨੋਦਸ਼ਾ ਮੁਤਾਬਕ ਹੀ ਆਪਣੇ ਮੰਨ ਦੇ ਬਾਵੇ ()ਬਣਾਉਂਦਾ ਹੈ।

ਹੁਣ ਮਨੋਦਸ਼ਾ ਹਾਂ ਪਖੀ ਹੈ ਜਾਂ ਨਾਂਹ ਪੱਖੀ ਇਹ ਵੀ ਮਹਤਵਪੂਰਨ ਹੈ ਸੁਭਾਅ ਸੈਡਿਸਟ ਹੈ ਜਾਂ ਮੈਸਿਸਟ ਇਹ ਵੀ ਗੌਲਣਯੋਗ ਹੈ। ਲੋਕ ਆਤਮ-ਹਤਿਆ ਬਾਰੇ ਵੀ ਕਲਪਨਾ ਕਰਦੇ ਹਨ ਤੇ ਕੁਝ ਸਿਰਜਣ ਲਈ ਵੀ। ਕੁਝ ਤਨਾਵ, ਤੇ ਉਦਾਸੀਂਨ ਅਵਸਥਾ ਵਿਚ ਖਿਆਲੀ ਦੁਨੀਆਂ ਵਿਚ ਗੁਆਚ ਜਾਂਦੇ ਹਨ। ਕੁਝ ਸ਼ਾਂਤੀ ਦੀ ਭਾਲ ਵਿਚ ਤੇ ਕੁਝ ਹੋਰ ਵੀ ਕੁਰਖਤ ਹੋਣ ਦੀ ਭਾਲ ਵਿਚ।

ਪੰਜਾਬੀ ਵਿਅਕਤੀ ਦਾ ਸੁਭਾਅ ਕਈ ਗੱਲਾਂ ਤੇ ਨਿਰਭਰ ਕਰਦਾ ਹੈ। ਸਭਿਆਚਾਰ, ਪਰਿਵਾਰਕ ਪਾਲਣ ਪੋਸ਼ਣ ਤੇ ਸਮਾਜਿਕ ਆਲਾ ਦੁਆਲਾ ਤੇ ਇਤਿਹਾਸ। ਇਤਿਹਾਸ ਦੇ ਵੀ ਪੰਜਾਬੀ ਵਿਅਕਤੀ ਦੇ ਆਪੋ ਆਪਣੇ ਵਖਰੇ ਧਰਾਤਲ ਹਨ ਪਰ ਬੁਨਿਆਦੀ ਗੱਲ ਇਨ੍ਹਾਂ ਵਿਚ ਇਹ ਹੈ ਕਿ ਇੱਕੋ ਜਿਹੇ ਵਾਤਾਵਰਣ ਵਿਚ ਉਹ ਵਖਰਾ ਸੋਚਦੇ ਹਨ। ਵਖਰਾ ਹੀ ਨਹੀ

ਵਿਰੋਧ ਸੋਚਦੇ ਹਨ। ਵਿਰੋਧ ਪੈਦਾ ਕਿੱਥੋਂ ਹੋਇਆ ਇਹ ਵੀ ਕਲਪਨਾ ਦਾ ਹਿੱਸਾ ਹੈ ਪਰ ਇਹ ਕਲਪਨਾ ਸਮੂਹਿਕ ਹੋ ਨਿਬੜਦੀ ਹੈ ਤੇ ਜੋ ਵਿਅਕਤੀ ਸਮੂਹਕ ਕਾਰਿਆ ਕਰਮ ਵਿਚ ਰੁਝਿਆ ਹੋਵੇਗਾ ਉਸਦੀ ਕਲਪਨਾ ਵੀ ਦੂਸਰੇ ਨਾਲੋਂ ਵਖਰੀ ਹੋਵੇਗੀ। ਕੋਈ ਫਰਕ ਨਹੀ ਪੈਂਦਾ ਕਿ ਉਹ ਸਾਹਿਤਕ ਹੈ ਜਾਂ ਅਸਹਿਤਕ। ਹਰ ਸਕੂਲ ਦੇ ਆਪੋ ਆਪਣੇ ਸੱਚ ਹਨ। ਇਸਨੂੰ ਅਸੀਂ ਸਮੂਹਿਕ ਮਾਨਸਿਕਤਾ ਨਾਲ ਜੋੜਕੇ ਵੇਖ ਸਕਦੇ ਹਾਂ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸੰਵੇਦਨਾ ਕਿਸਦੇ ਨਾਲ ਖੜੀ ਹੈ? ਦੋਵਾਂ ਦੀ ਸੰਵੇਦਨਾ ਵਿਚੋਂ ਕਿਹੜੀ ਸਹੀ ਹੈ, ਇਹ ਨਿਪਟਾਰਾ ਕੌਣ ਕਰੇਗਾ?ਇਕੋ ਸਮਾਜ ਵਿਚ ਰਹਿੰਦਿਆ ਕਦਰਾਂ ਕੀਮਤਾਂ ਵੀ ਇਕੋ ਹਨ। ਇਹ ਜ਼ਰੂਰੀ ਨਹੀ ਕਿ ਕੋਈ ਕਲਪਨਾ ਹਮੇਸ਼ਾਂ ਸਹੀ ਮਾਰਗ ਹੀ ਦਿਖਾਵੇ। ਰੌਬਰਟ ਵਿਲਸਨ ਵੀ ਇਹੋ ਕਹਿੰਦਾ ਹੈ ਕਿ ਜਦੋਂ ਉਹ ਅਮਰੀਕਾ ਸੀ, ਉਸਦੀ ਜੀਵਨ ਸ਼ੈਲੀ ਵਖਰੀ ਸੀ ਬਾਵਜੂਦ ਇਸਦੇ ਕਿ ਆਪਣੇ ਬਾਪ ਦੇ ਸਾਏ ਵਿਚ ਉਹ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿਚ ਹੀ ਸੰਵੇਦਨਸ਼ੀਲ ਹੋ ਗਿਆ ਸੀ ਤੇ ਅਹਿਸਾਸ ਉਸਦੇ ਪ੍ਰਤੀ ਤੇ ਉਹ ਅਹਿਸਾਸ ਪ੍ਰਤੀ ਸੰਜੀਦਾ ਸੀ। ਉਸਨੇ ਜੋ ਕਿਹਾ ਉਹ ਮੰਨਣਯੋਗ ਹੈ, ਉਨ੍ਹਾਂ ਵਾਸਤੇ ਵੀ ਜਿਨ੍ਹਾਂ ਨੇ ਉਸਨੂੰ ਵਿਰੋਧੀ ਖੇਮਾ ਸਮਝਿਆ। ਇਹ ਹੈ ਸਹੀ ਤਸਵੀਰ, ਤੇ ਇਸ ਵਿਚ ਕਲਪਨਾ ਨਾਲੋਂ ਜ਼ਿਆਦਾ ਉਸਦਾ ਨਿੱਜੀ ਤਜ਼ਰਬਾ, ਸੁਹਿਰਦਤਾ ਤੇ ਮਨੁੱਖੀ ਭਾਵਨਾਵਾਂ ਕੰਮ ਕਰ ਰਹੀਆ ਸਨ ਤੇ ਇਹ ਮਨੁੱਖੀ ਭਾਵਨਾਵਾਂ ਦੇ ਬਾਵੇ ਹਰ ਇੱਕ ਦੀ ਸਮਝ ਵਿਚ ਆ ਜਾਂਦੇ ਹਨ।

ਮੰਨ ਦਾ ਫਿਰ ਤੋਂ ਆਪਣੇ ਆਪੇ ਨਾਲ ਜੁੜਨਾ, ਮੰਨ ਦਾ ਮੁੜ ਸੁਰਜੀਤ ਹੋ ਜਾਣਾ, ਇਹ ਹੈ ਉਹ ਅਸਲ ਜਿੱਥੇ ਕਲਪਨਾ ਕੰਮ ਕਰਦੀ ਹੈ। ਇਹ ਨਿਰਭਰ ਕਰਦਾ ਹੈ ਕਿ ਵਿਅਕਤੀ ਮੁੜ ਸੁਰਜੀਤ ਹੋਣ ਨੂੰ ਤਿਆਰ ਵੀ ਹੈ ਕਿ ਨਹੀ। ਢੇਰ ਸਾਰੀਆਂ ਚਲਾਕੀਆਂ ਕਰਦਾ ਵਿਅਕਤੀ ਅਚੇਤ ਰੂਪ ਵਿਚ ਸੱਜਗ ਹੁੰਦਾ ਹੈ ਪਰ ਦਿਮਾਗ ਹੈ ਕਿ ਮੰਨਦਾ ਹੀ ਨਹੀ। ਇਹ ਨਹੀ ਹੋ ਸਕਦਾ ਕਿ ਗਲਤ ਕਾਰਜ ਕਰਦਾ ਵਿਅਕਤੀ ਜਾਣਦਾ ਨਾ ਹੋਵੇ ਪਰ ਉਸਦੀ ਲੋੜ ਦੁਨਿਆਵੀ ਹੁੰਦੀ ਹੈ, ਅਹੰਮ, ਹਉਮੇ ਤੇ ਹੋਰ ਅਲਾਮਤਾਂ ਬਾਰੇ ਜਾਣਕਾਰ ਹੁੰਦਾ ਹੋਇਆ ਵੀ ਉਹ ਭਰਮ ਦਾ ਸ਼ਿਕਾਰ ਹੁੰਦਾ ਹੈ। ਮੰਨ ਦਾ ਮੁੜ ਸੁਰਜੀਤ ਹੋਣਾ ਕਲਪਨਾ ਦੀ ਦੇਣ ਹੈ। ਸੰਖੇਪ ਵਿਚ ਤੇ ਸੰਕੋਚ ਨਾਲ ਕਹਿੰਣਾ ਹੋਵੇ ਤਾਂ ਇਹੋ ਹੀ ਕਲਪਨਾ ਹੈ ਜਿਸਦੀ ਹਾਇਕੂ ਵਿਦਵਾਨ ਗੱਲ ਕਰਦੇ ਹਨ। ਆਸੇ ਪਾਸੇ ਜੁੜੇ ਹੋਏ ਸ਼ਬਦ ਇਸ ਰੱਹਸ ਨੂੰ ਐਵੇਂ ਹੀ ਡੂੰਘਾ ਕਰਕੇ ਪਹੁੰਚ ਤੋਂ ਬਾਹਰਾ ਕਰ ਦਿੰਦੇ ਹਨ। ਅਸਲ ਗੱਲ ਤੇ ਇਹ ਹੈ ਜੋ ਲੋਕਾਈ ਦੀ ਸਮਝ ਵਿਚ ਆਵੇ, ਜੋ ਨਹੀ ਆਉਂਦੀ ਤਾਂ ਸਿਧਾ ਮਤਲਬ ਹੈ ਕਿ ਅਜੇ ਖੁਦ ਹੀ ਪਤਾ ਨਹੀ। ਭੰਬਲਭੂਸੇ ਵਿਚ ਪਿਆ ਕੁਝ ਵੀ ਸਾਰਥਿਕ ਨਹੀ ਹੋ ਸਕਦਾ।

ਇਹ ਤੇ ਮੰਨਿਆ ਹੀ ਗਿਆ ਹੈ ਕਿ ਕੋਈ ਵੀ ਵਿਅਕਤੀ ਆਪਣੀਆਂ ਅੰਦਰੂਨੀ ਯੋਗਤਾਵਾਂ ਨਾਲ ਹੀ ਪੂਰਾ ਜਾਂ ਅੰਸ਼ਕ ਕਲਪਿਤ ਬਾਵੇ ਬਣਾ ਸਕਦਾ ਹੈ ਇਹ ਉਸਦੀ ਦੁਨੀਆਂ

ਨੂੰ ਸਮਝ ਸਕਣ ਦੀ ਸਮਝ ਤੇ ਨਿਰਭਰ ਕਰਦਾ ਹੈ। ਸਾਇਕਾਲੋਜੀ ਵਿਚ ਮੰਨ ਨੂੰ ਮੁੜ ਸੁਰਜੀਤ ਕਰਨ ਕਰਕੇ ਵੀ ਜਾਣਿਆ ਜਾਂਦਾ ਹੈ । ਅਵਚੇਤਨ ਅਵਸਥਾ ਤੋਂ ਚੇਤਨ ਅਵਸਥਾ ਵਿਚ ਲਿਆਉਣ ਦੀ ਕਿਰਿਆ ਕਲਪਨਾ ਦਾ ਮੁਢਲਾ ਪੜ੍ਹਾ ਹੈ ਤੇ ਇਸਦੇ ਦਿਸਹਿਦਿਆਂ ਨੂੰ ਵਿਸ਼ਾਲ ਕਰ ਲੈਣਾ ਕਲਪਨਾ ਦਾ ਵਿਰਾਟ ਰੂਪ ਹੈ।

ਲੇਖਣੀ ਦੇ ਮਾਮਲੇ ਵਿਚ ਕਲਪਨਾ ਦਾ ਇਹ ਅਸਰ ਉਨ੍ਹਾਂ ਦੀ ਕਾਵਿ ਰੂਹ ਨੂੰ ਭਰ ਦਿੰਦਾ ਹੈ। ਕਲਪਨਾ ਦੇ ਇਹ ਮੋਤੀ ਪੜ੍ਹਨ ਨਾਲ, ਸਾਥ ਦੇਣ ਨਾਲ, ਪਰਵਚਨ ਸੁਣਨਾ, ਜਾਂ ਕਿਸੇ ਦੀ ਵਿਹਾਰਕ ਜ਼ਿੰਦਗੀ ਤੋਂ ਪ੍ਰਭਾਵਿਤ ਹੋਣ ਨਾਲ ਵੀ ਹੁੰਦਾ ਹੈ, ਹਾਂ ਇਹ ਵੀ ਬੁਰਾ ਨਹੀ ਕਿ ਤੁਸੀਂ ਤਜ਼ਰਬਿਆਂ ਖਾਤਰ, ਉਨ੍ਹਾਂ ਨੂੰ ਖਾਨਿਆਂ ਵਿਚ ਵੰਡ ਲਵੋ ਤਾਂ ਕਿ ਤੁਹਾਡੀ ਵੀ ਸੁਣਵਾਈ ਉਸ ਵਿਚ ਸ਼ਾਮਲ ਹੋ ਸਕੇ।

ਕਲਪਨਾ ਦੇ ਤਾਂ ਪਰੀ ਕਹਾਣੀਆ ਵਿਚ ਵੀ ਅੰਬਾਰ ਲੱਗੇ ਹੁੰਦੇ ਹਨ, ਓਹ ਸੁਤੇ ਸਿਧ ਹੀ ਸਾਡੀ ਅਗਵਾਈ ਕਰਦਿਆ ਕੁਝ ਨਵਾਂ ਸਿਰਜਣ ਵਿਚ ਸਹਾਈ ਹੁੰਦਾ ਹੈ, ਪਰ ਇੱਕ ਗੱਲ ਤਾਂ ਪੱਕੀ ਹੈ ਕਿ ਕਲਪਨਾ ਤਾਂ ਹੀ ਕੰਮ ਕਰੇਗੀ ਜੇ ਮੂਲ ਨੂੰ ਸੰਜੀਦਾ ਤੌਰ ਤੇ ਜਾਣਿਆ ਜਾਵੇ।

## 4.
# ਹੋਣਾ ਜਾਂ ਹੋਣ ਦਿਉ

ਜੋ ਜਿਸ ਵਿਚ ਯਕੀਂਨ ਕਰਦਾ ਹੈ, ਉਸੇ ਦੀ ਗੱਲ ਕਰਦਾ ਹੈ, ਮੈਂ ਕਦੇ ਵੀ ਚੋਣਾਂ ਬਾਰੇ ਸੰਜੀਦਾ ਨਹੀ ਹੋਇਆ ਪਰ ਇਸ ਵਾਰ ਕੁਝ ਚੰਗੇ ਦੀ ਉਮੀਦ ਹੈ, ਰਾਜਨੀਤਕ ਪਲੇਟਫਾਰਮ ਤੇ ਚੰਗਾ ਪਰਿਵਰਤਨ ਹੋਣ ਵਾਲਾ ਹੈ। ਕੋਈ ਵੀ ਪਾਰਟੀ ਜਿੱਤੇ ਦੂਜੀਆ ਪਾਰਟੀਆ ਦੇ ਰੁਝਾਨ ਯਕੀਨਨ ਬਦਲਣਗੇ, ਮਸਲਾ ਇਹ ਨਹੀ ਕਿ ਕੌਣ ਜਿਤਦਾ ਹੈ ਮਸਲਾ ਤੇ ਇਹ ਹੈ ਕਿ ਲੋਕਾਂ ਦੀ ਚੇਤਨਾ ਵਿਚ ਉਛਾਲ ਆਇਆ ਹੈ ਤੇ ਇਹ ਉਛਾਲ ਹੀ ਮਹਤਵਪੂਰਨ ਹੈ, ਇਸ ਲਈ ਕੇਜਰੀਵਾਲ ਨੂੰ ਕਰੈਡਿਟ ਦੇਣਾ ਚਾਹੀਦਾ ਹੈ, ਭਾਵੇ ਮਜ਼ਬੂਰੀ ਵਿਚ ਹੀ ਕਿਉ ਨਾ ਦੇਣਾ ਪਵੇ, ਤੁਸੀਂ ਵੀ ਵੋਟਾਂ ਬਾਰੇ ਗੱਲ ਕਰੋ, ਜੋ ਵੀ ਪਾਰਟੀ ਚੰਗੀ ਲਗਦੀ ਹੈ, ਉਸਦੇ ਚੰਗੇ ਕੰਮਾਂ ਦੀ ਚਰਚਾ ਕਰੋ। ਅਸੀਂ ਸੁਣਾਂਗੇ, ਇਹ ਗੱਲ ਤੇ ਮੈਂ ਯਕੀਂਨ ਨਾਲ ਕਹਿ ਸਕਦਾ ਹਾਂ ਕਿ ਸਾਡਾ ਪੰਜਾਬੀ ਵਿਦਵਾਨ ਵਰਗ ਬਹੁਤ ਗਿਆਨ ਵਾਲਾ ਤੇ ਚੇਤੰਨ ਹੈ। ਰਾਹ ਦਸੇਰਾ ਤੇ ਚੰਗੀ ਸੋਚ ਦਾ ਮਾਲਕ ਤੇ ਕਦਰਾਂ ਕੀਮਤਾਂ ਦੇ ਹੱਕ ਵਿਚ ਖੜਨ ਵਾਲਾ। ਹੁਣ ਕੁਝ ਇਹ ਵੀ ਸੋਚਦੇ ਹੋਣਗੇ ਕਿ ਸਾਡਾ ਵੋਟ ਸਿਸਟਮ ਵਿਚ ਯਕੀਨ ਹੀ ਨਹੀ ਹੈ ਤਾਂ ਇਹ ਮੇਰੀ ਇਹ ਅਪੀਲ ਉਨ੍ਹਾ ਵਾਸਤੇ ਨਹੀ ਹੈ, ਉਨ੍ਹਾਂ ਦੀ ਸੋਚ ਉਨ੍ਹਾ ਨੂੰ ਮੁਬਾਰਕ।

ਸ਼ੀਸ਼ੇ ਵਿਚ ਆਪਣਾ ਚੇਹਰਾ ਨਾ ਦਿਸੇ ਤਾਂ ਕਸੂਰ ਸ਼ੀਸ਼ੇ ਦਾ ਨਹੀ ਹੁੰਦਾ, ਜ਼ਰੂਰ ਹੀ

ਸ਼ੀਸ਼ੇ ਤੇ ਘਟਾ ਹੋਵੇਗਾ। ਦੇਸ਼ ਦਾ ਰਾਜਨੀਤਕ ਪਲੇਟਫਾਰਮ, ਰਾਜਨੀਤਕ ਪਾਰਟੀਆਂ ਦੀ ਹੋਂਦ ਨਾਲ ਖੜ੍ਹਾ ਹੈ। ਹਰ ਪਾਰਟੀ ਹੀ ਕਿਸੇ ਮਿਸ਼ਨ ਨੂੰ ਲੈਕੇ ਹੋਂਦ ਵਿਚ ਆਉਂਦੀ ਹੈ ਤੇ ਇੱਕਸਾਰ ਸੋਚ ਵਾਲੇ ਉਸਨਾਲ ਜੁੜਦੇ ਹਨ। ਥੀਸਸ ਬਣਦਾ ਹੈ ਤੇ ਨਾਲ ਹੀ ਐਂਟੀਥੀਸਸ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਸੰਵਾਦ ਸ਼ੁਰੂ ਹੋ ਜਾਂਦਾ ਹੈ। ਸੰਵਾਦ ਵਿਚ ਕਈ ਵਾਰ ਕੁਝ ਭਾਰੂ ਹੋ ਜਾਂਦਾ ਹੈ। ਇਹ ਹੋਣਾ ਵੀ ਚਾਹੀਦਾ ਹੈ। ਆਖਰ ਸੰਸਦ ਦੇਸ ਦੇ ਸੰਵਿਧਾਨ ਦੇ ਤਿੰਨ ਜ਼ਰੂਰੀ ਅੰਗਾਂ ਵਿਚੋਂ ਇੱਕ ਹੈ। ਅੱਜ ਜੁਡੀਸ਼ਰੀ ਤੇ ਐਗਜ਼ੈਕਟਿਵ ਸੰਸਦ ਤੋਂ ਪ੍ਰਭਾਵਿਤ ਹੋ ਰਹੀ ਹੈ(ਜੁਡੀਸ਼ਰੀ ਦੇ ਚੰਗੇ ਕੰਮਾਂ ਤੋਂ ਬਹੁਤ ਆਸਾਂ ਹਨ) ਤੇ ਲੋਕਾਂ ਤੋਂ ਵਿਥ ਸਿਰਜ ਗਈ ਹੈ।

ਆਮ ਪਾਰਟੀ ਇਸ ਵਿੱਥ ਦੀ ਗੱਲ ਹੀ ਕਰ ਰਹੀ ਹੈ। ਸੰਤੁਲਨ ਬਨਾਉਂਣਾ ਅਵਸ਼ਕ ਹੈ। ਲੋਕ ਰੋਹ ਨਾਲ ਹੀ ਆਮ ਪਾਰਟੀ ਨਾਲ ਜੁੜ ਰਹੇ ਹਨ। ਹੁਣ ਇਹ ਜ਼ਰੂਰੀ ਨਹੀ ਰਿਹਾ ਕਿ ਕੌਣ ਪਾਰਟੀ ਅੱਗੇ ਆਉਂਦੀ ਹੈ। ਅਸਲ ਮੁੱਦਾ ਤੇ ਚੇਤਨਾ ਦਾ ਹੈ ਜੋ ਕਿਤੇ ਗੁਆਚ ਗਈ ਸੀ। ਇਹ ਚੇਤਨਾ ਹੀ ਜ਼ਰੂਰੀ ਹੈ ਤੇ ਲਗਾਤਾਰ ਜਾਰੀ ਰਹਿੰਣੀ ਚਾਹੀਦੀ ਹੈ। ਇਸ ਵਿਚ ਸਾਹਿਤਕ, ਧਾਰਮਿਕ ਤੇ ਰਾਜਨੀਤਕ ਵਿਦਵਾਨਾਂ ਨੂੰ ਆਪਣਾ ਬਣਦਾ ਹਿੱਸਾ ਪਾਉਂਣਾ ਚਾਹੀਦਾ ਹੈ। ਸੁਹਿਰਦ ਪਤਰਕਾਰ ਆਪਣਾ ਕੰਮ ਇਮਾਨਦਾਰੀ ਨਾਲ ਕਰ ਰਹੇ ਹਨ। ਮਸਲਾ ਚੁੱਪ ਰਹਿੰਣ ਨਾਲ ਹੱਲ ਹੋਣ ਵਾਲਾ ਨਹੀ ਹੈ। ਮਸਲਾ ਇਹ ਵੀ ਨਹੀ ਹੈ ਕਿ ਆਮ ਪਾਰਟੀ ਦੀ ਗੱਲ ਹੀ ਕੀਤੀ ਜਾਵੇ, ਸਗੋਂ ਡਿਬੇਟ ਕਰਦਿਆਂ ਦੂਜੀਆਂ ਪਾਰਟੀਆਂ ਦੇ ਚੰਗੇ ਸਵਰੂਪ ਵੀ ਸਾਹਮਣੇ ਆਉਣੇ ਚਾਹੀਦੇ ਹਨ। ਜਪਾਨ ਦੀ ਸਿਵਲ ਵਾਰ ਵਿਚ ਉੱਥੋਂ ਦੇ ਕਲਾਸਿਕ ਤੇ ਕੰਨਟੈਂਪਰੇਰੀ ਹਾਇਜ਼ਨ, ਜੋ ਸਿਰਫ ਹਾਇਕੂ ਹੀ ਲਿਖਦੇ ਸਨ, ਨੇ ਵਧ ਚੜ੍ਹ ਕੇ ਹਿੱਸਾ ਲਿਆ, ਜਿੱਥੇ ਕਲਾਸਿਕ, ਸਮੇਂ ਦੀ ਸਰਕਾਰ ਦੇ ਹੱਕ ਵਿਚ ਭੁਗਤੇ ਸਨ, ਉੱਥੇ ਕੰਨਟੈਂਪਰੇਰੀ ਹਾਇਜ਼ਨਜ਼ ਦਾ ਵਡੇ ਪਧਰ ਤੇ ਘਾਣ ਹੋਇਆ ਸੀ।

ਲੇਖਕਾਂ ਦਾ ਕੰਮ ਹੈ ਕਿ ਲੋਕਾਂ ਨੂੰ ਸੇਧ ਦਿੰਦੇ ਹੋਏ, ਰਾਹ-ਦਸੇਰੇ ਬਨਣਾ ਚਾਹੀਦਾ ਹੈ। ਹਰ ਲੇਖਕ ਦਾ ਆਪਣਾ ਲੇਖਕ ਵਰਗ ਹੁੰਦਾ ਹੈ। ਉਨ੍ਹਾਂ ਨੂੰ ਸਹੀ ਤਸਵੀਰ ਦਿਖਾਉਣੀ ਚਾਹੀਦੀ ਹੈ। ਇਹ ਚੋਣਾਂ ਕੋਈ ਕਰਾਂਤੀ ਨਹੀ ਹੈ, ਕੋਈ ਬਗਾਵਤ ਵੀ ਨਹੀ ਹੈ ਕਿ ਤੁਹਾਡਾ ਕੋਈ ਨੁਕਸਾਨ ਹੋ ਜਾਵੇਗਾ। ਤੁਹਾਡੇ ਸ਼ੀਸ਼ੇ ਦੇ ਘਰਾਂ ਨੂੰ ਕੋਈ ਤਰੇੜ ਨਹੀ ਆਉਣ ਲੱਗੀ। ਇਹ ਚੇਤਨਾ ਦੀ ਪਗਡੰਡੀ ਹੀ ਹੈ। ਇਹ ਕੋਈ ਨੀਰੋ ਵਾਂਗ ਬੰਸਰੀ ਵਜਾਉਣ ਵਾਲੀ ਗੱਲ ਵੀ ਨਹੀ ਹੈ। ਲੋਕ ਤੁਹਾਡੇ ਹਲੂਣੇ ਦੀ ਉਡੀਕ ਕਰ ਰਹੇ ਹਨ। ਪੰਜਾਬ ਵਿਚ ਕਿਸੇ ਵੀ ਪਾਰਟੀ ਦੇ ਵਕਤਾ ਬਣਕੇ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਉ।

5.

# ਮਗਰ ਸਿੰਘ ਦੇ ਬੋਲ

ਸੰਵੇਦਨਾ ਦਾ ਨਾਮ ਹੁੰਦਾ ਹੈ ਤੇ ਨਹੀ ਵੀ ਹੁੰਦਾ, ਅਸੀਂ ਕਹਿ ਸਕਦੇ ਹਾਂ ਪੰਜਾਬੀ ਸੰਵੇਦਨਾ ਤੇ ਜਿਸਨੂੰ ਜ਼ਰਾ ਧਿਆਨ ਨਾਲ ਵਾਚੀਏ ਤਾਂ ਸਾਨੂੰ ਆਪਣੀ ਬੀਤੀ ਜ਼ਿੰਦਗੀ ਦੇ ਕਿਤਨੇ ਹੀ ਪਲ ਚੇਤੇ ਆ ਜਾਣਗੇ ਜਦੋਂ ਅਸੀਂ ਭਾਵੁਕ ਹੋਕੇ ਨਸਤਮਸਤਕ ਹੋਏ ਹੋਵਾਂਗੇ। ਸਾਡੇ ਰੀਤੀ ਰਿਵਾਜ਼ ਤੇ ਕਲਚਰ ਸਾਨੂੰ ਸਿਖਾ ਦਿੰਦਾ ਹੈ ਮਾਨਵ ਦੀਆਂ ਮਾਨਤਾਵਾਂ ਕੀ ਹਨ? ਇਸੇਤਰ੍ਹਾਂ ਹੀ ਕਿਸੇ ਹੋਰ ਦੇਸ਼ ਦਾ ਤੇ ਕਿਸੇ ਹੋਰ ਸਭਿਆਚਾਰ ਦਾ ਆਪਣਾ ਮਾਨਵ ਬੁੱਤ ਹੁੰਦਾ ਹੈ ਜੋ ਉਸਰ ਜਾਂਦਾ ਹੈ, ਉਨ੍ਹਾਂ ਦੇ ਰੀਤੀ ਰਿਵਾਜਾਂ ਅਨੁਸਾਰ। ਸਾਰਾ ਕੈਨੇਡਾ ਮੁਲਕ ਜਿੱਥੇ ਕੌਮਨ ਲਾਅ ਨਾਲ ਬੱਝਾ ਹੈ ਜਿਸ ਵਿਚ ਹੋਏ ਫੈਸਲਿਆਂ ਨੂੰ ਅਧਾਰ ਬਣਾ ਕੇ ਚਲਿਆ ਜਾਂਦਾ ਹੈ ਉੱਥੇ ਕੁਬੈਕ ਸਿਵਲ ਲਾਅ ਅਨੁਸਾਰ ਕੰਮ ਕਰਦਾ ਹੈ ਜੋ ਕਸਟਮ ਅਨੁਸਾਰ ਆਪਣੀ ਵਿਆਖਿਆ ਆਪ ਕਰਦਾ ਹੈ। ਇਨ੍ਹਾ ਦਾ ਮੂਲ ਸਰੋਤ ਕੁਝ ਬੰਦਸ਼ਾਂ ਹਨ ਜੋ ਹਰ ਵਿਅਕਤੀ ਲਈ ਜ਼ਰੂਰੀ ਹਨ।

ਤੰਦ ਤੇ ਸੋਚਣ ਦੇ ਢੰਗ ਨਾਲ ਜੁੜਦੀ ਹੈ ਜਿਸਨੂੰ ਕਦੇ ਕਦੇ ਜ਼ਮੀਰ ਦੀ ਅਵਾਜ਼ ਵੀ ਕਹਿ ਲਿਆ ਜਾਂਦਾ ਹੈ, ਜੋ ਛਣਿਕ ਪਲ ਲਈ ਉਭਰਦੀ ਹੈ ਤੇ ਸਾਨੂੰ ਇੱਕ ਸੋਚ ਦੇ ਜਾਂਦੀ ਹੈ ਜੋ ਨਿਰਛਲ ਹੁੰਦੀ ਹੈ ਪਰ ਬਾਦ ਵਿਚ ਸਾਡੇ ਲਾਲਚ ਆਪਣੇ ਹੱਕ ਵਿਚ ਭੁਗਤ ਕੇ ਉਸਨੂੰ ਗੰਦਲਾ ਕਰ ਦਿੰਦੇ ਹਨ।

ਆਉ ਦੋ ਗੱਲਾਂ ਵਿਚਾਰਦੇ ਹਾਂ, ਗੱਲ ਨੂੰ ਥੋੜਾ ਰੂਪਕ ਪੱਖ ਤੋਂ ਵੇਖਦੇ ਹਾਂ-

ਟਾਂਗਾ ਰੁਕਦਾ ਹੈ ਤੇ ਵਿਚੋਂ ਚਾਰ ਜਣੇ ਛਾਲਾਂ ਮਾਰਕੇ ਥੱਲੇ ਉੱਤਰ ਆਉਂਦੇ ਹਨ, ਸਿਰ ਮੂੰਹ ਘਟੇ ਨਾਲ ਭਰਿਆ ਹੋਇਆ ਹੈ ਤੇ ਝਬਦੇ ਹੀ ਕੋਲ ਹਲਵਾਈ ਦੀ ਦੁਕਾਨ ਤੇ ਜਾਕੇ ਨਲਕਾ ਗੇੜਨ ਲੱਗ ਪੈਂਦੇ ਹਨ। ਇੱਕ ਦਸ ਕੁ ਸਾਲ ਦਾ ਮੁੰਡਾ ਆ ਜਾਂਦਾ ਹੈ ਤੇ ਨਲਕੇ ਦੀ ਹੱਥੀ ਸੰਭਾਲ ਲੈਂਦਾ ਹੈ। ਗੇੜਨ ਵਾਲਾ ਹੱਥੀ ਛੱਡ ਕੇ ਪਰਾਂ ਹੋ ਜਾਂਦਾ ਹੈ। ਇਹ ਚਾਰੇ ਇਸ ਪਿੰਡ ਲਈ ਪਰਾਏ ਹਨ, ਕਿਸੇ ਨੇ ਵੀ ਇਨ੍ਹਾਂ ਨੂੰ ਪਹਿਲਾਂ ਨਹੀ ਦੇਖਿਆ ਹੋਇਆ। ਇੱਕ ਘਰੋਂ ਇੱਕ ਹੋਰ ਨਿਆਣਾਂ ਸਾਫਾ ਚੁੱਕੀ ਆਉਂਦਾ ਹੈ ਤੇ ਅਜਨਬੀਆਂ ਨੂੰ ਦੇ ਦਿੰਦਾ ਹੈ। ਮੂੰਹ ਹੱਥ ਧੋਕੇ ਉਹ ਇੱਕ ਰੁੱਖ ਥੱਲੇ ਖਲੋ ਜਾਂਦੇ ਹਨ ਤੇ ਕਿਸੇ ਡਰਾਮੇ ਦੇ ਸੀਨ ਵਾਂਗ ਕੋਈ ਜਣਾ ਇੱਕ ਮੰਜਾ ਚੁੱਕੀ ਆਉਂਦਾ ਹੈ ਤੇ ਡਾਹ ਦਿੰਦਾ ਹੈ। ਉਹ ਜੁੱਤੀਆਂ ਲਾਹਕੇ ਅਰਾਮ ਨਾਲ ਬੈਠ ਜਾਂਦੇ ਹਨ। ਸਿਖਰ ਦੁਪਿਹਰਾ ਹੈ। ਟਾਂਗਾ ਆਪਣਾ ਭਾੜਾ ਲੈਕੇ ਮੁੜ ਗਿਆ ਹੈ। ਇਤਨੇ ਨੂੰ ਤਿੰਨ ਚਿੱਟੀਆਂ ਪੱਗਾਂ ਵਾਲੇ ਬਜੁਰਗ ਉੱਥੇ ਆਉਂਦੇ ਹਨ ਤੇ ਉਨ੍ਹਾਂ ਵਿਚੋਂ ਇੱਕ ਪੁਛਦਾ ਹੈ, "ਗਭਰੂਓ, ਸਿਆਣ ਵਿਚ ਨਹੀ ਆਏ, ਕੀਹਦੇ ਪ੍ਰਾਹੁਣੇ ਹੋ?" "ਬਾਪੂ ਅਸੀਂ ਮਗਰ ਸਿੰਘ ਨੂੰ ਮਿਲਣਾ ਹੈ, ਹਰੀ

ਸਿੰਘ ਦੀ ਪੱਤੀ ਵਾਲੇ ਨੂੰ, ਪਰ ਅਜੇ ਤਿੱਖੜ ਹੈ, ਲੌਢੇ ਵੇਲੇ ਮਿਲਾਂਗੇ।''

''ਚੰਗਾ ਜਵਾਨੋ, ਘੜੀ ਅਰਾਮ ਕਰ ਲਵੋ, ਅਸੀਂ ਭੇਜਦੇ ਹਾਂ ਲੱਸੀ ਪਾਣੀ।''

ਸ਼ਾਮ ਨੂੰ ਉਹ ਗਭਰੂ ਮਗਰ ਸਿੰਘ ਦੇ ਘਰ ਜਾਂਦੇ ਹਨ ਜਿਸਨੇ ਆਪਣੀ ਜ਼ਮੀਨ ਦਾ ਕੁਝ ਹਿੱਸਾ ਵੇਚਣਾ ਹੁੰਦਾ ਹੈ। ਦਸ ਕੁ ਮਿੰਟ ਵਿਚ ਹੀ ਸੌਦਾ ਹੋ ਜਾਂਦਾ ਹੈ ਤੇ ਦਸ ਰੁਪਏ ਸਾਈ ਦੇ ਫੜਾ ਕੇ ਵੇਹਲੇ ਹੋ ਜਾਂਦੇ ਹਨ। ਰਾਤ ਮਗਰ ਸਿੰਘ ਦੇ ਮਹਿਮਾਨ ਬਣ, ਦਿਨ ਚੜ੍ਹਦੇ ਨੂੰ ਹੀ ਚਲੇ ਜਾਂਦੇ ਹਨ।

ਛਾਹ ਵੇਲੇ ਤੋਂ ਬਾਦ ਮਗਰ ਸਿੰਘ ਦੇ ਸ਼ਰੀਕ ਭਰਾਵਾ ਨੂੰ ਪਤਾ ਲਗਦਾ ਹੈ ਤੇ ਮਗਰ ਸਿੰਘ ਕੋਲ ਆਉਂਦੇ ਹਨ। ਤੇਵਰ ਕੁਝ ਖਿੱਚੇ ਹੋਏ। ਬਾਪੂ ਇਹ ਕੀ ਲੋਹੜਾ ਮਾਰਿਆ, ਬਿਗਾਨੇ ਹੁਣ ਪਿੰਡ ਵਿਚ ਆਉਣਗੇ। ਕਾਕਾ ਕੌਣ ਬਿਗਾਨਾ, ਤੇ ਕੌਣ ਆਪਣਾ, ਇਹ ਤੇ ਉਪਰ ਵਾਲਾ ਵੇਖਦਾ ਹੈ। ਰਚ ਮਿਚ ਜਾਣਗੇ, ਭਲੇ ਲੋਕ ਹੀ ਹਨ।

''ਫਿਰ ਕਿਤਨੇ ਦਾ ਸੌਦਾ ਹੋਇਆ?'' ''ਬੱਤੀ ਮੰਗਿਆ ਸੀ ਉਨ੍ਹਾ ਨੇ ਤੀਹ ਕਿਹਾ, ਮੈ ਮੰਨ ਗਿਆ ਤੇ ਸਾਈ ਦੇ ਦਸ ਫੜਾ ਗਏ।''

''ਚਾਚਾ ਗੱਲ ਤੇ ਮਾੜੀ ਆ ਅਸੀਂ ਪਹਿਲੇ ਹੱਕਦਾਰ ਸੀ ਤੇ ਹੁਣ ਵੀ ਪੈਂਤੀ ਦੇਣ ਲਈ ਤਿਆਰ ਹਾਂ, ਮਾਰ ਮੱਥੇ ਸਾਈ ਉਨ੍ਹਾਂ ਦੇ ਸਾਡੇ ਨਾਲ ਚਲਕੇ।''

''ਸਾਉਆ, ਲਸੀ ਪੀ, ਤੇਰੀ ਬਹੂ ਨੇ ਹੱਥੀ ਲਿਆਂਦੀ ਹੈ। ਸੌਦਾ ਤੇ ਹੁਣ ਹੋ ਗਿਆ। ਪੰਜ ਵਧ ਲੈਕੇ ਕਲੰਕ ਵੀ ਖਟੂੰ ਤੇ ਅੱਲ ਵੀ। ਤੇ ਹਰ ਰੋਜ਼ ਮਰੂੰ, ਹੁਣ ਤੇ ਜ਼ਬਾਨ ਹੋਗੀ, ਮਗਰ ਸਿੰਘ ਦੀ''

ਰੂਪਕ ਪੱਖ ਭਾਵੇਂ ਫਿਕਸ਼ਨ ਹੀ ਲੱਗੇ ਤੁਹਾਨੂੰ, ਲਗਣੀ ਵੀ ਚਾਹੀਦੀ ਹੈ ਜਦ ਹੈ ਹੀ ਫਿਕਸ਼ਨ, ਪਰ ਮਗਰ ਸਿੰਘ ਦੀ ਗੱਲ ਸੱਚੀ ਹੈ, ਮੈ ਆਪ ਸੁਣੀ ਹੋਈ ਤੇ ਸਾਂਭ ਰਖਿਆ ਇਸਨੂੰ ਮੈ ਸੰਵੇਦਨਾ ਦੇ ਖਾਨੇ ਵਿਚ।

ਪਤਾ ਨਹੀ ਕਿੱਥੇ ਦਫਨ ਸੀ ਇਹ ਗੱਲ ਕਲ ਅਚੇਤ ਤੋਂ ਸੁਚੇਤ ਵਲ ਸਫਰ ਕਰਦੀ ਆ ਗਈ ਜ਼ਹਿਨ ਵਿਚ, ਦੋ ਕੁ ਲਾਇਨਾਂ ਪੜ੍ਹ ਲਈਆਂ ਕਿਤੇ ਕਿਸੇ ਫਰੰਗੀ ਦੀਆ। ਕੀ ਕਿਹਾ, ਤੁਹਾਨੂੰ ਵੀ ਸੁਣਾਵਾਂ? ਤੇ ਲਵੋ ਸੁਣੋ ਫਿਰ–

ਡਾਉਨ ਟਾਉਨ ਜਾਣ ਲਈ ਕਲ ਮੈ ਲੋਕਲ ਟਰੇਨ ਵਿਚ ਸਫਰ ਕਰ ਰਿਹਾ ਸੀ ਤੇ ਇੱਕ ਟੈਬਲਟ ਜਿਹਾ ਰਸਾਲਾ ਛਡ ਗਿਆ ਸੀ ਕੋਈ ਸੀਟ ਤੇ ਹੀ, ਮੈਂ ਟਾਇਮ ਪਾਸ ਕਰਨ ਲਈ ਚੁੱਕ ਲਈ, ਉਂਝ ਵੀ ਪਹਿਲੇ ਸਫੇ ਤੇ ਫੋਟੋ ਹੀ ਐਸੀ ਸੀ। ਰਿਹਾ ਹੀ ਨਹੀ ਗਿਆ, ਪਹਿਲੇ ਤੇ ਨੀਝ ਲਾਕੇ ਫੋਟੋ ਵੇਖੀ ਤੇ ਫੇਰ ਪੇਜ਼ ਪਲਟ ਕੇ ਇੱਕ ਪੈਰਾ ਪੜਿਆ ਜੋ ਇੰਝ ਸੀ–
––

ਟੂਡੇ.... ਅੱਜ ਮੇਰਾ ਦਾਦਾ ਜਿਸਦੀ ਉਮਰ ਸਤਰ ਸਾਲ ਹੈ ਨੇ ਬਿਜ਼ਨਿਸ ਸਕੂਲ ਵਿਚੋਂ

ਬਿਜਿਨਸ ਸਟਡੀਜ਼ ਦੀ ਗਰੈਜੂਏਸ਼ਨ ਪਾਸ ਕੀਤੀ। ਮੂੰਹ ਵਿਚ ਨਕਲੀ ਦੰਦ ਹਨ। ਸਾਰੀ ਜ਼ਿੰਦਗੀ ਉਹ ਬਹੁਤ ਹੀ ਕਾਮਯਾਬ ਬਿਜ਼ਨਿਸਮੈਨ ਰਿਹਾ, ਢੇਰ ਸਾਰੇ ਡਾਲਰ ਇੱਕਠੇ ਕੀਤੇ ਹੋਏ ਹਨ। ਮੇਰੇ ਪੁੱਛਣ ਤੋਂ ਪਹਿਲਾਂ ਹੀ ਬੋਲ ਪਿਆ। ਇਹ ਵੀ ਪਤਾ ਨਹੀ ਕਿ ਉਸਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਬੋਲਣ ਵਾਲਾ ਹਾਂ ਤੇ ਕੁਝ ਪੁੱਛਣ ਵਾਲਾ ਹਾਂ।

"ਸਟੀਵ ਮੈਂ ਤੇਰੀ ਦਾਦੀ ਨਾਲ ਵਿਆਹ ਤੋਂ ਪਹਿਲਾਂ ਇੱਕ ਵਾਇਦਾ ਕੀਤਾ ਸੀ ਕਿ ਮੈਂ ਬਿਜ਼ਨਿਸ ਦੀ ਗਰੈਜੂਏਸ਼ਨ ਦੀ ਡਿਗਰੀ ਜ਼ਰੂਰ ਹੀ ਪ੍ਰਾਪਤ ਕਰਾਂਗਾ। ਇਸ ਵਾਇਦੇ ਵਿਚ ਜਾਮਨ ਮੇਰੀ ਆਪਣੀ ਮਾਂ ਵੀ ਸੀ। ਮੇਰੀ ਮਾਂ ਨੇ ਵੀ ਵਿਆਹ ਦੀ ਹਾਂ ਤਾਂ ਹੀ ਕੀਤੀ ਸੀ ਜਦ ਮੈਂ ਵਾਇਦਾ ਕੀਤਾ ਕਿ ਮੈਂ ਜ਼ਰੂਰ ਡਿਗਰੀ ਪ੍ਰਾਪਤ ਕਰਾਂਗਾ, ਅੱਜ ਨਾਂ ਤੇ ਮੇਰੀ ਮਾਂ ਜ਼ਿੰਦਾ ਹੈ ਤੇ ਨਾ ਹੀ ਤੇਰੀ ਦਾਦੀ। ਪਰ ਮੇਰਾ ਉਨ੍ਹਾਂ ਨਾਲ ਕੀਤਾ ਵਾਇਦਾ ਅੱਜ ਵੀ ਜ਼ਿੰਦਾ ਹੈ। ਮਾਂ ਮੇਰੀ ਤੇ ਬੁਢੀ ਹੋਕੇ ਮਰੀ ਪਰ ਤੇਰੀ ਦਾਦੀ ਕੈਂਸਰ ਨਾਲ। ਇਤਨੀ ਤਕਲੀਫ ਨਾਲ ਦੁਨੀਆਂ ਨਾਲ ਗਈ ਕਿ ਝਲਣਾ ਮੁਸ਼ਕਲ ਹੈ। ਅੱਜ ਮੈਂ ਉਹ ਵਾਇਦਾ ਪੂਰਾ ਕਰ ਲਿਆ ਹੈ ਹੁਰਰਰਰੇ...

## 6.

# ਹਰ ਕੋਈ ਖੇਡ ਸਕਦਾ ਹੈ।

ਪੜ੍ਹ ਰਿਹਾ ਸੀ, ਇੱਕ ਬੇਟੇ ਦਾ ਇਕਬਾਲੀਆ ਬਿਆਨ, ਜਿਸ ਵਿਚੋਂ ਇੱਕ ਟੂਕ ਕੁਝ ਇਸਤਰ੍ਹਾਂ ਸੀ, "ਮੇਰੀ ਮੌਮ ਪੂਰੀ ਸੇਹਤਮੰਦ ਸੀ ਜਦੋਂ ਉਸਦੀ ਉਮਰ 54 ਸਾਲ ਸੀ ਜਦੋਂ ਉਹ ਡਾਉਨ-ਟਾਉਨ ਵਿਚ ਇੱਕ ਮਸ਼ਹੂਰ ਬੇਕਰੀ ਦੀ ਮਾਲਕ ਸੀ ਤੇ ਸੁਪਨਈ ਪੈਸੇ ਕਮਾਉਂਦੀ ਸੀ, ਅਸਲ ਵਿਚ ਇਹ ਉਸਦਾ ਸੁਪਨਾ ਸੀ। ਇਸਤੋਂ 15 ਸਾਲ ਪਹਿਲਾਂ ਉਹ ਬਿਮਾਰ ਹੋਈ ਤੇ ਪੜਤਾਲ ਤੋਂ ਪਤਾ ਲੱਗਾ ਕਿ ਉਸਨੂੰ ਕੈਂਸਰ ਹੈ। ਆਪਣੀ ਮੌਤ ਦੀ ਦਹਿਲੀਜ਼ ਤੇ ਖੜੀ, ਉਸਨੇ ਆਪਣੇ ਸੁਪਨਈ ਕੰਮ ਨੂੰ ਨੇਪਰੇ ਚਾੜ੍ਹਨ ਲਈ ਆਪਣੀ ਸਟੋਰ ਕਲਰਕ ਦੀ ਨੌਕਰੀ ਛੱਡ ਦਿੱਤੀ ਤੇ ਬੇਕਰੀ ਦਾ ਕਾਰੋਬਾਰ ਸ਼ੁਰੂ ਕਰ ਲਿਆ। ਉਸਦੀ ਦੁਕਨਾਦਾਰੀ ਤੇ ਕੀਮੋ ਥਿਰੋਪੀ ਨਾਲੋ ਨਾਲ ਸ਼ੁਰੂ ਹੋਏ ਤੇ ਸਖ਼ਤ ਜਾਨ ਮੇਰੀ ਮੌਮ ਨੇ ਦੋਵੇਂ ਕੰਮਾਂ ਵਿਚ ਸਫਲਤਾ ਹਾਸਲ ਕੀਤੀ। ਕੈਂਸਰ ਤੋਂ ਨਿਜਾਤ ਵੀ ਪਾ ਲਈ ਤੇ ਦੁਕਾਨਦਾਰੀ ਵੀ ਚਲਾ ਲਈ।

ਆਮਤੌਰ ਤੇ ਜਦੋਂ ਅਸੀਂ ਹਤਾਸ਼ ਹੋ ਜਾਂਦੇ ਹਾਂ ਤਾਂ ਹੌਂਸਲਾ ਹਾਰ ਜਾਂਦੇ ਹਾਂ ਤੇ ਨਾਲ ਹੀ ਇੱਛਾ ਸ਼ਕਤੀ ਨਾਲੋਂ ਤੋੜ ਵਿਛੋੜਾ ਕਰ ਬੈਠਦੇ ਹਾਂ। ਜੋ ਹੋਣਾ ਹੈ, ਉਸਦੀ ਇੰਤਜਾਰ ਵਿਚ ਬੈਠ ਜਾਂਦੇ ਹਾਂ, ਜਿਵੇਂ ਰੇਲਵੇ ਸਟੇਸ਼ਨ ਤੇ ਲੇਟ ਹੋਈ ਗੱਡੀ ਦਾ ਇੰਤਜਾਰ ਕਰ ਰਹੇ ਹੋਈਏ।

ਇੱਕ ਗੱਲ ਪੱਕੀ ਹੈ ਜੋ ਅਸੀਂ ਧਾਰ ਲਈਏ ਤੇ ਧਾਰੇ ਤੇ ਅਮਲ ਸ਼ੁਰੂ ਕਰ ਦੇਈਏ ਤਾਂ ਸਾਰੀ ਕਾਇਨਾਤ ਹੀ ਤੁਹਾਡੇ ਅਮਲ ਨਾਲ ਵਾਬਸਤਾ ਹੋ ਜਾਵੇਗੀ। ਕੀ ਇਹ ਕਥਨ ਠੀਕ ਹੈ?

ਇਸਦੇ ਦੋ ਅਧਾਰ ਹਨ, ਇੱਕ ਮਨੌਤ ਤੇ ਇੱਕ ਵਿਗਿਆਨਕ ਕਾਰਣ, ਪਰ ਦੋਵਾਂ ਹੀ ਹਾਲਤਾਂ ਵਿਚ, ਕਾਇਨਾਤ ਨਾਲ ਜੁੜਨ ਵਾਲੀ ਗੱਲ ਤੁਹਾਨੂੰ ਹਾਂ ਪੱਖੀ ਹੁੰਗਾਰਾ ਜ਼ਰੂਰ ਦਿੰਦੀ ਹੈ।

ਮੇਰਾ ਬੇਟਾ ਜਨਮ ਤੋਂ ਸਰੀਰਕ ਤੇ ਮਾਨਸਿਕ ਤੌਰ ਤੇ ਠੀਕ ਨਹੀ ਹੈ, ਇਸ ਲਈ ਅਸੀਂ ਵੀ ਕਈ ਵਾਰ ਹਤਾਸ਼ ਹੋ ਜਾਂਦੇ ਹਾਂ ਤੇ ਜਾਣੇ ਅਨਜਾਣੇ ਕਈ ਵਾਰ ਉਦਾਸੀ ਸਹੇੜ ਲੈਂਦੇ ਹਾਂ। ਇੱਕ ਵਾਰ ਮੈਨੂੰ ਇੱਕ ਐਸੇ ਹੀ ਆਲਮ ਵਿਚ ਕੁਝ ਪੜ੍ਹਣ ਦਾ ਮੌਕਾ ਮਿਲਿਆ। ਆਉ ਤੁਹਾਡੇ ਨਾਲ ਵੀ ਸਾਂਝਾ ਕਰਦਾ ਹਾਂ।

ਮੰਦ-ਬੁਧੀ ਬੱਚਿਆਂ ਦੀ ਦੇਖ ਰੇਖ ਕਰਨ ਵਾਲੇ ਇੱਕ ਅਮਰੀਕਨ ਸਕੂਲ ਦਾ ਫੰਡ ਰੇਜ਼ਿੰਗ ਡਿਨਰ ਸੀ। ਡਿਨਰ ਵਿਚ, ਉਸ ਸਕੂਲ ਦੇ ਰਹਿ ਚੁੱਕੇ ਵਿਦਿਆਰਥੀ ਦਾ ਪਿਤਾ ਵੀ ਹਾਜ਼ਰ ਸੀ। ਉਸਨੇ ਆਪਣੇ ਨਾਲ ਵਾਪਰੀ ਇੱਕ ਘਟਨਾ ਦਾ ਉਲੇਖ ਕੀਤਾ, ਜਿਸਨੂੰ ਕੋਈ ਵੀ ਸੁਣਨ ਵਾਲਾ ਆਪਣੀ ਜ਼ਿੰਦਗੀ ਵਿਚ ਭੁਲਾ ਨਹੀ ਸਕਦਾ। ਸਕੂਲ ਤੇ ਉਸਦੇ ਸਟਾਫ ਦੇ ਸੋਹਲੇ ਗਾਉਣ ਤੋਂ ਬਾਦ, ਉਸਨੇ ਇੱਕ ਸੁਆਲ ਖੜਾ ਕੀਤਾ--

ਜਦੋਂ ਬਾਹਰਲਾ ਪ੍ਰਭਾਵ ਕੋਈ ਵੀ ਦਖ਼ਲ ਅੰਦਾਜ਼ੀ ਨਾ ਕਰੇ ਤਾਂ ਕੀ ਕੁਦਰਤ ਕੁਝ ਵੀ ਕ੍ਰਿਸ਼ਮੇ ਵਰਗਾ, ਕੁਝ ਕਰ ਸਕਦੀ ਹੈ? ਉਸਨੇ ਆਪ ਹੀ ਜੁਆਬ ਦੇ ਦਿੱਤਾ, "ਨਹੀ, ਇਹ ਕੁਦਰਤ ਨਹੀ, ਇਹ ਇੱਕ ਸੰਵੇਦਨਾ ਦਾ ਵਰਤਾਰਾ ਹੈ, ਜਿਸਨੂੰ ਸਮਝਣ ਦੀ ਲੋੜ ਹੈ। ਦੁਨੀਆ ਖ਼ੂਬਸੂਰਤ ਹੋ ਜਾਂਦੀ ਹੈ, ਤੁਹਾਡੇ ਲਈ ਵੀ ਤੇ ਮੇਰੇ ਲਈ ਵੀ। ਮੇਰੇ ਬੇਟੇ ਸ਼ਾਹ ਨੂੰ, ਆਮ ਬੱਚਿਆਂ ਵਾਂਗ ਸੋਝੀ ਨਹੀ ਸੀ, ਉਸਨੂੰ ਵਸਤਾਂ ਦੀ ਸਮਝ ਨਹੀ ਆਉਂਦੀ ਸੀ ਜਿਵੇਂ ਬਾਕੀ ਨਿਆਣੇ ਸਿੱਖਦੇ ਹਨ। ਜੇ ਇੰਝ ਸੀ ਤਾਂ ਕੁਦਰਤ ਦਾ ਕ੍ਰਿਸ਼ਮਾ ਕਿੱਥੇ ਹੈ? ਕਿੱਥੇ ਹੈ ਤੁਹਾਡਾ ਰੱਬ? ਸਾਰੇ ਦਰਸ਼ਕ ਮੂਕ ਬਣੇ ਉਸਨੂੰ ਸੁਣ ਰਹੇ ਸਨ।

ਪਿਤਾ ਨੇ ਕਹਿੰਣਾ ਜਾਰੀ ਰਖਦਿਆਂ ਕਿਹਾ, "ਮੇਰਾ ਯਕੀਨ ਹੈ ਕਿ ਜਦੋਂ ਸ਼ਾਹ ਵਰਗਾ ਨਿਆਣਾਂ ਸਰੀਰਕ ਤੇ ਮਾਨਸਿਕ ਤੌਰ ਤੇ ਅਪੰਗ ਇਸ ਦੁਨੀਆਂ ਤੇ ਆਉਂਦਾ ਹੈ, ਤਾਂ ਇਨਸਾਨ ਦੇ ਅਸਲ ਸੁਭਾਅ ਨੂੰ ਪਹਿਚਾਨਣ ਦਾ ਮੌਕਾ ਮਿਲਦਾ ਹੈ, ਉਸ ਅੰਦਰ ਬੈਠੀ ਚੰਗਿਆਈ ਅਕਸਰ ਟੁੰਬੀ ਜਾਂਦੀ ਹੈ। ਇਹ ਇਸਤਰ੍ਹਾਂ ਉਜਾਗਰ ਹੁੰਦੀ ਹੈ ਕਿ ਇਨਸਾਨ ਦਾ ਨਾਤਾ ਆਪਣੇ ਆਪ ਹੀ ਉਸ ਨਿਆਂਣੇ ਜ਼ਰੀਏ ਚੰਗੇਪਨ ਨਾਲ ਜੁੜ ਜਾਂਦਾ ਹੈ ਤੇ ਇਹੋ ਹੀ ਅਸਲ ਗੱਲ ਹੈ।

ਇਤਨਾ ਪੜ੍ਹਦਿਆਂ ਮੈਨੂੰ ਆਪਣੇ ਜੈਸੀ ਦਾ ਖਿਆਲ ਆਉਂਦਾ ਹੈ ਜੋ ਹੁਣ ਅਠਾਈ ਸਾਲ ਦਾ ਹੈ ਪਰ ਚਾਰ ਸਾਲ ਦਾ ਬੱਚਾ ਹੈ। ਉਸਦਾ ਸ਼ੌਕ ਹੈ ਸ਼ਾਮ ਨੂੰ ਆਇਸ ਕਰੀਮ-ਟਰਕ ਤੋਂ ਆਇਸ ਕਰੀਮ ਖਰੀਦ ਕੇ ਖਾਣ ਦਾ। ਉਸਨੂੰ ਕਿਤਨਾ ਵੀ ਕਹਿ ਲਵੋ ਕਿ ਬਾਹਰੋਂ ਕਿਸੇ ਸਟੋਰ ਤੋਂ ਲੈ ਆਉਂਦੇ ਹਾਂ ਪਰ ਉਹ ਆਇਸ ਕਰੀਮ ਨਹੀ ਬਲਕਿ ਉਸਨੂੰ ਖਰੀਦਣ ਦੇ ਤਰੀਕੇ ਨਾਲ ਖ਼ੁਸ਼ ਹੁੰਦਾ ਹੈ। ਹੱਥ ਵਿਚ ਟੂਨੀ ਫੜੀ ਉਹ ਘੰਟਿਆਂ ਬੱਧੀ ਇੰਤਜਾਰ ਕਰਦਾ ਹੈ। ਕਈ ਵਾਰ ਟੂਨੀ ਕਿਤੇ ਡਿਗ ਪੈਂਦੀ ਹੈ ਤੇ ਜਦੋਂ ਟਰਕ ਆਉਂਦਾ ਹੈ ਤਾਂ ਉਸਦਾ ਹੱਥ ਖਾਲੀ ਹੁੰਦਾ ਹੈ ਪਰ

ਉਹ ਕਦੇ ਵੀ ਆਇਸ ਕਰੀਮ ਤੋਂ ਬਗੈਰ ਨਹੀ ਰਿਹਾ। ਕਦੇ ਕੋਈ ਪੈਸੇ ਦੇ ਦਿੰਦਾ ਹੈ ਤੇ ਕਦੇ ਟਰਕ ਵਾਲਾ ਆਪ ਹੀ ਆਈਸ ਕਰੀਮ ਦੇ ਦਿੰਦਾ ਹੈ। ਸਾਨੂੰ ਭਾਵੇਂ ਬਾਦ ਵਿਚ ਨਮੋਸ਼ੀ ਹੋਵੇ ਪਰ ਕਿਸੇ ਨਾ ਕਿਸੇ ਦੀ ਚੰਗਿਆਈ ਨੇ ਕੀਮਤ ਤਾਰੀ ਹੁੰਦੀ ਹੈ।

ਇਹ ਸੋਚਦਿਆਂ ਮੈ ਦੁਬਾਰਾ ਪੜ੍ਹਦਾ ਹਾਂ।

ਪਿਤਾ ਆਪਣਾ ਬਿਰਤਾਂਤ ਜਾਰੀ ਰਖਦਾ ਹੋਇਆ ਕਹਿੰਦਾ ਹੈ,"

ਸ਼ਾਹ ਤੇ ਉਸਦਾ ਪਿਤਾ ਇੱਕ ਪਾਰਕ ਕੋਲੋਂ ਲੰਘਦੇ ਹਨ ਜਿੱਥੇ ਕੁਝ ਮੁੰਡੇ ਬੇਸਬਾਲ ਖੇਡ ਰਹੇ ਸਨ। ਸ਼ਾਹ ਆਪਣੇ ਪਿਤਾ ਨੂੰ ਪੁੱਛਦਾ ਹੈ,

ਡੈਡ ਕੀ ਤੈਨੂੰ ਲਗਦਾ ਹੈ ਕਿ ਇਹ ਮੈਨੂੰ ਵੀ ਖਿਡਾਉਣਗੇ?" ਸ਼ਾਹ ਦਾ ਪਿਤਾ ਜਾਣਦਾ ਹੈ ਕਿ ਬਹੁਤੇ ਮੁੰਡੇ ਇਹ ਨਹੀ ਚਾਹੁੰਣਗੇ ਕਿ ਸ਼ਾਹ ਉਨ੍ਹਾਂ ਦੀ ਟੀਮ ਵਿਚ ਖੇਡੇ ਪਰ ਡੈਡ ਇਹ ਵੀ ਜਾਣਦਾ ਸੀ ਕਿ ਜੇ ਸ਼ਾਹ ਨੂੰ ਉਹ ਖਿਡਾ ਲੈਂਦੇ ਹਨ, ਤਾਂ ਇਹ ਸ਼ਾਹ ਲਈ ਬਹੁਤ ਹੀ ਚੰਗਾ ਹੋਵੇਗਾ, ਉਸਨੂੰ ਅਹਿਸਾਸ ਹੋਵੇਗਾ ਕਿ ਉਹ ਵੀ ਕਿਸੇ ਟੀਮ ਦਾ ਹਿੱਸਾ ਹੈ ਤੇ ਇਸਤਰ੍ਹਾਂ ਉਸਦਾ ਵਿਸ਼ਵਾਸ਼ ਵੀ ਵਧੇਗਾ।

ਸ਼ਾਹ ਦਾ ਪਿਤਾ ਗਰਾਉਂਡ ਵਿਚ ਗਿਆ ਤੇ ਇੱਕ ਮੁੰਡੇ ਨਾਲ ਸ਼ਾਹ ਦੇ ਖੇਡਣ ਬਾਰੇ ਗੱਲ ਕੀਤੀ ਪਰ ਉਸਨੂੰ ਬਹੁਤਾ ਭਰੋਸਾ ਨਹੀ ਸੀ ਕਿ ਕੁਝ ਵਧੀਆ ਜੁਆਬ ਆਵੇਗਾ। ਮੁੰਡਾ ਵੀ ਭਵੱਤਰ ਗਿਆ ਤੇ ਆਸੇ ਪਾਸੇ ਮਦਦ ਲਈ ਵੇਖਣ ਲੱਗਾ ਤੇ ਬੋਲਿਆ, "ਅਸੀਂ ਛੇ ਸਕੋਰਾਂ ਤੇ ਅੱਗੇ ਹੀ ਹਾਰ ਰਹੇ ਹਾਂ ਤੇ ਗੇਮ ਇਸ ਵੇਲੇ ਅਠਵੀਂ ਪਾਰੀ ਵਿਚ ਹੈ। ਮੇਰਾ ਖਿਆਲ ਹੈ ਕਿ ਨੌਂਵੀਂ ਪਾਰੀ ਵਿਚ ਅਸੀਂ ਉਸਨੂੰ ਖਿਡਾ ਸਕਦੇ ਹਾਂ ਤੇ ਬੈਟ ਇਸਦੇ ਹੱਥ ਫੜਾ ਸਕਦੇ ਹਾਂ।"

ਸ਼ਾਹ ਨੇ ਟੀਮ ਦੇ ਬੈਂਚ ਵਲ ਜਾਂਦਿਆਂ ਕੁਝ ਤੁਰਨ ਲਈ ਸੰਘਰਸ਼ ਕੀਤਾ ਕਿਉਂਕਿ ਉਹ ਚਲਣ ਵਿਚ ਵੀ ਦਿੱਕਤ ਮਹਿਸੂਸ ਕਰਦਾ ਸੀ ਤੇ ਜਾਕੇ ਟੀਮ ਦੀ ਸ਼ਰਟ ਪਾ ਲਈ। ਇਸ ਨਾਲ ਉਸਦੇ ਮੁੱਖ ਤੇ ਰੁਹਾਨੀ ਮੁਸਕਰਾਹਟ ਆ ਗਈ ਤੇ ਪਿਤਾ ਦੀਆਂ ਅੱਖਾਂ ਵਿਚ ਅਥਰੂ ਆ ਗਏ ਪਰ ਉਸਦੇ ਦਿਲ ਨੇ ਨਿੱਘ ਮਹਿਸੂਸ ਕੀਤਾ। ਮੁੰਡਿਆ ਨੇ ਪਿਤਾ ਦਾ ਖੇੜਾ ਵੇਖਿਆ, ਜਦੋਂ ਉਸਦਾ ਬੇਟਾ ਟੀਮ ਦਾ ਮੈਂਬਰ ਬਣ ਗਿਆ। ਅਠਵੀਂ ਪਾਰੀ ਵਿਚ ਸ਼ਾਹ ਦੀ ਟੀਮ ਨੇ ਕੁਝ ਹੰਬਲਾ ਤੇ ਮਾਰਿਆ ਪਰ ਪਾਰੀ ਦੇ ਖਾਤਮੇ ਤੱਕ ਉਹ ਅਜ਼ੇ ਵੀ ਤਿੰਨ ਸਕੋਰਾਂ ਨਾਲ ਪਿੱਛੇ ਸਨ। ਨੌਂਵੀ ਪਾਰੀ ਸ਼ੁਰੂ ਹੋ ਗਈ ਤੇ ਸ਼ਾਹ ਨੇ ਦਸਤਾਨੇ ਪਾ ਲਏ ਤੇ ਫੀਲਡ ਦੇ ਸੱਜੇ ਪਾਸੇ ਖਲੋ ਗਿਆ।

ਭਾਵੇਂ ਉਸਦੇ ਪਾਸੇ ਕੋਈ ਵੀ ਹਿੱਟ ਨਹੀ ਗਈ ਪਰ ਫਿਰ ਵੀ ਉਹ ਬਹੁਤ ਸਤਰਕ ਸੀ ਤੇ ਪੂਰੇ ਧਿਆਨ ਨਾਲ ਅੱਖਾਂ ਗੱਡੀ ਖੜਾ ਸੀ। ਕੰਨਾਂ ਤੱਕ ਖੁਸ਼ੀ ਨਾਲ ਲਾਲ ਹੋਇਆ ਸ਼ਾਹ ਆਪਣੇ ਪਿਤਾ ਵਲ ਕਦੇ ਕਦੇ ਵੇਖ ਲੈਂਦਾ ਜੋ ਸਟੈਂਡ ਤੋਂ ਉਸਨੂੰ ਹੱਥ ਹਿਲਾ ਹਿਲਾ ਹੱਲਾਸ਼ੇਰੀ ਦੇ ਰਿਹਾ ਸੀ। ਨੌਂਵੀ ਪਾਰੀ ਖਾਤਮੇ ਵਲ ਜਾ ਰਹੀ ਸੀ ਤੇ ਸ਼ਾਹ ਦੀ ਟੀਮ ਨੇ ਹੋਰ ਸਕੋਰ ਪ੍ਰਾਪਤ

ਕਰ ਲਏ। ਹੁਣ ਜਦ ਕਿ ਦੋ ਆਉਟ ਹੋ ਗਏ ਤੇ ਬੇਸ ਵੀ ਭਖਿਆ ਹੋਇਆ ਸੀ ਤਾਂ ਸੰਭਾਵਨਾ ਸੀ ਕਿ ਜਿੱਤ ਵਾਲਾ ਸਕੋਰ ਵੀ ਮਿਲ ਹੀ ਜਾਇਗਾ। ਐਸੇ ਮੌਕੇ ਸ਼ਾਹ ਦੀ ਬੈਟ ਕਰਨ ਦੀ ਵਾਰੀ ਆ ਗਈ।

ਇਸ ਮੌਕੇ ਬਹੁਤ ਹੀ ਨਾਜ਼ਕ ਮਸਲਾ ਟੀਮ ਦੇ ਸਾਹਮਣੇ ਆ ਗਿਆ। ਕੀ ਉਹ ਸ਼ਾਹ ਨੂੰ ਬੈਟ ਕਰਨ ਦੇਣ ਕਿ ਨਾਂ, ਸ਼ਾਹ ਨੂੰ ਬੈਟ ਕਰਨ ਦਾ ਮੌਕਾ ਦੇਣ ਦਾ ਮਤਲਬ ਆਪਣੀ ਜਿੱਤ ਨੂੰ ਹੱਥੋਂ ਗਵਾਉਣਾ ਸੀ। ਹੈਰਾਨੀ ਤਾਂ ਉਦੋਂ ਹੋਈ ਜਦੋਂ ਸ਼ਾਹ ਨੂੰ ਇਹ ਮੌਕਾ ਦੇ ਦਿੱਤਾ ਗਿਆ। ਸਭ ਨੂੰ ਹੀ ਪਤਾ ਸੀ ਕਿ ਸ਼ਾਹ ਲਈ ਹਿੱਟ ਕਰਨਾ ਅਸੰਭਵ ਹੈ ਕਿਉਂਕਿ ਸ਼ਾਹ ਨੂੰ ਤੇ ਬੈਟ ਵੀ ਚੰਗੀ ਤਰ੍ਹਾਂ ਫੜਨਾ ਨਹੀ ਆਉਂਦਾ ਸੀ। ਕਦੇ ਹੋ ਹੀ ਨਹੀ ਸਕਦਾ ਸੀ ਕਿ ਉਸਦਾ ਬੈਟ, ਬਾਲ ਨੂੰ ਛੋਹ ਵੀ ਜਾਵੇ।

ਜਿਉਂ ਹੀ ਸ਼ਾਹ ਨੇ ਪਲੇਟ ਤੇ ਪੁਜੀਸ਼ਨ ਸੰਭਾਲੀ, ਤਾਂ ਦੂਸਰੀ ਟੀਮ ਦੇ ਪਿੱਚਰ ਨੂੰ ਅਹਿਸਾਸ ਹੋ ਗਿਆ ਕਿ ਵਿਰੋਧੀ ਟੀਮ ਨੇ ਸ਼ਾਹ ਵਾਸਤੇ ਆਪਣੀ ਯਕੀਨਨ ਜਿੱਤ ਨੂੰ ਦਾਅ ਤੇ ਲਾ ਦਿੱਤਾ ਹੈ ਤੇ ਉਨ੍ਹਾਂ ਨੂੰ ਜਿੱਤ ਦੀ ਬਜਾਇ ਸ਼ਾਹ ਦੀ ਖੁਸ਼ੀ ਪਿਆਰੀ ਹੈ ਤਾਂ ਪਿੱਚਰ ਨੇ ਵੀ ਕੁਝ ਸੋਚ ਲਿਆ। ਉਹ ਕੁਝ ਕਦਮ ਹੀ ਚਲਿਆ ਤੇ ਬਹੁਤ ਹੀ ਹੌਲੀ ਬਾਲ ਨੂੰ ਸ਼ਾਹ ਵਲ ਸੁਟਿਆ ਤਾਂ ਕਿ ਸ਼ਾਹ ਹਰ ਹਾਲਤ ਵਿਚ ਬਾਲ ਨੂੰ ਹਿੱਟ ਕਰ ਸਕੇ। ਜਿਉਂ ਹੀ ਬਾਲ ਸ਼ਾਹ ਵਲ ਆਇਆ, ਸ਼ਾਹ ਨੇ ਬਾਲ ਨੂੰ ਹੌਲੀ ਜਿਹੇ ਹਿੱਟ ਕੀਤਾ ਤੇ ਪਿਚਰ ਵੱਲ ਹੀ ਬਾਲ ਰਿੜ ਪਿਆ।

ਗੇਮ ਤੇ ਲਗਭਗ ਖਤਮ ਹੀ ਸੀ ਪਰ ਪਿੱਚਰ ਨੇ ਹੌਲੀ ਹੌਲੀ ਆ ਰਹੇ ਬਾਲ ਨੂੰ ਚੁੱਕ ਕੇ ਪਹਿਲੇ ਬੇਸਮੈਨ ਵਲ ਸੁਟ ਦਿੱਤਾ। ਸ਼ਾਹ ਅਸਾਨੀ ਨਾਲ ਆਉਟ ਹੋ ਸਕਦਾ ਸੀ ਤੇ ਗੇਮ ਦਾ ਭੋਗ ਪੈ ਜਾਣਾ ਸੀ ਪਰ ਪਿੱਚਰ ਨੇ ਬਾਲ ਪਹਿਲੇ ਬੇਸਮੈਨ ਦੇ ਸਿਰ ਉਪਰੋਂ ਸੁਟਿਆ ਤਾਂ ਕਿ ਉਨ੍ਹਾਂ ਦੀ ਟੀਮ ਦਾ ਕੋਈ ਵੀ ਖਿਡਾਰੀ, ਬਾਲ ਨੂੰ ਫੜ ਨਾ ਸਕੇ। ਸਟੈਂਡ ਤੇ ਖੜੇ ਦਰਸ਼ਕ ਚਿਲਾਏ, “ਸ਼ਾਹ, ਭਜਕੇ ਰਨ ਬਟੋਰ ਲੈ, ਪਹਿਲੇ ਰਨ ਲਈ ਭਜ। ਆਪਣੀ ਜ਼ਿੰਦਗੀ ਵਿਚ ਸ਼ਾਹ ਕਦੇ ਵੀ ਇਤਨਾ ਤੇਜ਼ ਨਹੀ ਭਜਿਆ ਸੀ, ਉਸਨੇ ਪਹਿਲਾ ਬੇਸ ਪੂਰਾ ਕੀਤਾ।

ਸਟੈਂਡ ਤੋਂ ਫਿਰ ਸ਼ੋਰ ਉਠਿਆ, “ਸ਼ਾਹ, ਦੂਜੇ ਰਨ ਲਈ ਭਜ, ਸ਼ਾਹ ਭਜ, ਹੋਰ ਤੇਜ਼ ਸ਼ਾਹ!” ਆਪਣੇ ਸਾਹ ਤੇ ਕਾਬੂ ਪਾਉਂਦੇ ਸ਼ਾਹ ਨੇ ਦੂਜਾ ਰਨ ਵੀ ਪੂਰਾ ਕੀਤਾ। ਹਫਦਿਆਂ, ਲਿਸ਼ਕਾਰੇ ਮਾਰਦਿਆਂ ਉਸਨੇ ਦੂਜਾ ਰਨ ਵੀ ਪੂਰਾ ਕਰ ਲਿਆ। ਸ਼ਾਹ ਜਦੋਂ ਦੂਜਾ ਰਨ ਪੂਰਾ ਕਰ ਰਿਹਾ ਸੀ ਤਾਂ ਬਾਲ ਸੱਜੇ ਹੱਥ ਖੜੇ ਫੀਲਡਰ ਕੋਲ ਸੀ, ਇਹ ਠਿਗਣਾ ਜਿਹਾ ਮੁੰਡਾ ਆਪਣੀ ਟੀਮ ਵਿਚ ਸਭਤੋਂ ਛੋਟੀ ਉਮਰ ਤੇ ਕਦ ਦਾ ਸੀ। ਉਹਦੇ ਕੋਲ ਵੀ ਆਪਣੀ ਟੀਮ ਸਾਹਮਣੇ ਹੀਰੋ ਬਣਨ ਦਾ ਸੁਨਿਹਰੀ ਮੌਕਾ ਸੀ। ਉਹ ਬੜੇ ਅਰਾਮ ਨਾਲ ਸੈਕੰਡ ਬੇਸਮੈਂਨ ਕੋਲ ਟੈਗ ਲਈ ਬਾਲ ਨੂੰ ਸੁਟ ਸਕਦਾ ਸੀ ਪਰ ਉਹ ਵੀ ਪਿਚਰ ਦੀ ਭਾਵਨਾ ਨੂੰ ਸਮਝ ਚੁੱਕਾ ਸੀ

ਤੇ ਉਸਨੇ ਵੀ ਬਾਲ ਤੀਸਰੇ ਬੇਸਮੈਨ ਦੇ ਸਿਰ ਦੇ ਉਪਰੋਂ ਸੁਟਿਆ। ਹੁਣ ਸ਼ਾਹ ਤੀਸਰੇ ਬੇਸ ਲਈ ਭਜ ਰਿਹਾ ਸੀ।

ਸਾਰੇ ਜੋਰ ਜੋਰ ਦੀ ਚੀਕ ਰਹੇ ਸਨ, ਸ਼ਾਹ, ਸ਼ਾਹ, ਸ਼ਾਹ, ਸਾਰੇ ਰਾਹ ਸਾਡਾ ਸ਼ਾਹ। ਹੁਣ ਸ਼ਾਹ ਸਾਹੋ ਸਾਹੀ ਹੋਮ ਰਨ ਲਈ ਭਜ ਰਿਹਾ ਸੀ। ਸ਼ਾਹ ਦੀ ਟੀਮ ਗੇਮ ਜਿੱਤ ਚੁੱਕੀ ਸੀ, ਸ਼ਾਹ ਗਰਾਉਂਡ ਵਿਚ ਹੀਰੋ ਬਣਿਆ ਬਾਘੀਆਂ ਪਾ ਰਿਹਾ ਸੀ।

ਅਥਰੂਆਂ ਦੀਆ ਘਰਾਲਾਂ ਨੂੰ ਪੂੰਝਦੇ ਸ਼ਾਹ ਦੇ ਡੈਡ ਦੀ ਘਿੱਗੀ ਬਝ ਗਈ। ਦੋਵਾਂ ਟੀਮਾਂ ਦੇ ਮੁੰਡਿਆਂ ਨੇ ਇਨਸਾਨੀਅਤ ਦੀ ਸਹੀ ਤਸਵੀਰ ਪੇਸ਼ ਕਰਦਿਆ, ਇਹ ਦਸਿਆ ਕਿ ਪਿਆਰ ਹੁੰਦਾ ਕੀ ਹੈ, ਤੇ ਕਿੱਥੇ ਤੇ ਕਦੋਂ ਹੁੰਦਾ ਹੈ। ਸ਼ਾਹ ਅਗਲੀਆਂ ਗਰਮੀਆਂ ਵਿਚ ਇਹ ਕ੍ਰਿਸ਼ਮਾ ਨਹੀ ਕਰ ਸਕਿਆ, ਨਹੀ ਪੂਰਾ ਕਰ ਸਕਿਆ ਆਪਣਾ ਵਾਇਦਾ ਆਪਣੀ ਟੀਮ ਨਾਲ। ਸਰਦੀਆਂ ਵਿਚ ਹੀ ਉਸਦੀ ਮੌਤ ਹੋ ਗਈ ਸੀ। ਮੈਂ ਕਦੇ ਵੀ ਉਹ ਸ਼ਾਮ ਨਹੀ ਭੁਲ ਸਕਦਾ ਜਦੋਂ ਸ਼ਾਹ ਨੇ ਹੀਰੋ ਬਣਕੇ ਆਪਣੇ ਡੈਡ ਨੂੰ ਉਹ ਖੁਸੀ ਦਿੱਤੀ ਜੋ ਉਹਦੇ ਲਈ ਸਦੀਵੀ ਬਣ ਗਈ।

ਸ਼ਾਹ ਦੀ ਮੌਮ ਨੇ ਜਿੱਤੇ ਹੋਏ ਸ਼ਾਹ ਨੂੰ ਆਪਣੀਆਂ ਰੋਂਦੀਆ ਅੱਖਾਂ ਨਾਲ ਆਪਣੇ ਸੀਨੇ ਲਾਇਆ ਸੀ ਤਾਂ ਮੌਮ ਦੇ ਅਥਰੂਆਂ ਦੀ ਭਾਸਾ ਸਮਝ ਨਹੀ ਆਈ, ਇਹ ਜਿੱਤ ਦੇ ਅਹਿਸਾਸੀ ਅਥਰੂ ਸਨ ਜਾਂ ਵਿਚਾਰਗੀ ਦੇ। ਖੈਰ ਸਾਰੀ ਜ਼ਿੰਦਗੀ ਪਈ ਹੈ ਇਹ ਜਾਨਣ ਲਈ।

Source: Rabbi Paysach Krohn, a popular lecturer and best-selling author of the ArtScroll Maggid series of short stories

## 7

# ਫਿਲਾਸਫੀ ਦਾ ਪਰੋਫੈਸਰ

ਮੀਂਹ ਪਏ ਤੇ ਜੋਰਦਾਰ ਪਏ, ਮੈਂ ਕਿਤੇ ਵੀ ਨਹੀ ਜਾ ਸਕਿਆ। ਮੀਹਾਂ ਦਾ ਤੇ ਬਹਾਨਾ ਸੀ ਮੇਰਾ ਜਾਣ ਨੂੰ ਦਿਲ ਹੀ ਨਹੀ ਕਰਦਾ ਸੀ। ਕੋਈ ਕੰਮ ਕਾਰ ਵੀ ਨਹੀ ਸੀ ਸੋ ਨਹਾਉਣ ਧੋਣ ਦੀ ਵੀ ਕੋਈ ਮਜ਼ਬੂਰੀ ਨਹੀ ਸੀ। ਸਾਡੇ ਘਰ ਦੇ ਪਿਛਲੇ ਯਾਰਡ ਨਾਲ ਹਾਇਵੇ 427 ਲਗਦਾ ਹੈ ਤੇ ਇੱਕ ਮਜ਼ਬੂਤ ਦਿਵਾਰ ਬਣੀ ਹੋਈ ਹੈ ਕਿਲ੍ਹੇ ਵਰਗੀ। ਇਸ ਦਿਵਾਰ ਤੇ ਗਾਲੜ੍ਹ ਕਲੋਲਾਂ ਕਰਦੇ ਰਹਿੰਦੇ ਹਨ। ਰੰਗ ਬਰੰਗੀਆਂ ਚਿੜੀਆਂ ਆਸੇ ਪਾਸੇ ਘੁੰਮਦੀਆਂ ਯਾਰਡ ਵਿਚ ਆਕੇ ਖੇਡਣ ਲੱਗ ਜਾਂਦੀਆਂ ਹਨ। ਮੇਰੀ ਅਣਗਹਿਲੀ ਨਾਲ ਯਾਰਡ ਦਾ ਘਾਹ ਵਧ ਗਿਆ ਤੇ ਫਿਰ ਮੀਂਹ ਪੈ ਗਏ ਤੇ ਘਾਹ ਕਟਣ ਦਾ ਕੰਮ ਅੱਗੇ ਤੋਂ ਅੱਗੇ ਪੈਂਦਾ ਗਿਆ। ਹੌਲੀ ਹੌਲੀ ਘਾਹ

ਤੇ ਬੂਟੀਆਂ ਉੱਗ ਆਈਆਂ ਤੇ ਵਡੀਆਂ ਹੋ ਗਈਆਂ, ਸਮਝ ਲਵੋ ਗੋਡੇ ਗੋਡੇ। ਹੁਣ ਇਹ ਨਹੀ ਕਿ ਗੁਆਂਢੀ ਵੀ ਮੇਰੇ ਵਰਗੇ ਹਨ। ਪਤਾ ਨਹੀ ਕਿਹੜੇ ਵੇਲੇ ਵਕਤ ਕਢਕੇ ਯਾਰਡ ਸਿਧ ਪਧਰਾ ਕਰ ਲੈਂਦੇ ਹਨ, ਮੈਂ ਤੇ ਮੌਸਮ ਵਲ ਹੀ ਵੇਖਦਾ ਰਹਿੰਦਾ ਹਾਂ, ਸੰਵੇਦਨਸ਼ੀਲ ਜੋ ਹੋਇਆ।

ਘਾਹ ਵਿਚ ਖਰਗੋਸ਼ ਚੁੰਘੀਆਂ ਭਰਦੇ, ਭੈੜੇ ਭੈੜੇ ਜੀਵ ਜੰਤੂ ਤੁਰੇ ਫਿਰਦੇ। ਐਸੇ ਵਿਚ ਗਾਲੜ੍ਹ ਤੇ ਚਿੜੀਆਂ ਨੇ ਆਉਂਣਾ ਬੰਦ ਕਰ ਦਿੱਤਾ। ਮੈਂ ਵੀ ਖਿਝ ਕੇ ਕੰਮਪਿਉਟਰ ਅੱਗੇ ਬੈਠ ਜਾਂਦਾ ਤੇ ਖਬਰਾਂ ਵੇਖਦਿਆਂ ਗੈਂਗ ਰੇਪ ਤੇ ਹੋਰ ਮਾਰ ਧਾੜ ਵੇਖਕੇ ਸੋਚਦਾ ਕਿ ਸਿਸਟਮ ਕਿਤਨਾ ਕੁਰਪਟ ਹੋ ਗਿਆ ਹੈ, ਕਿਤੇ ਵੀ ਪਸ਼ੂ ਬਿਰਤੀ ਤੋਂ ਬਗੈਰ ਕੋਈ ਕੰਮ ਹੀ ਨਹੀ ਹੋ ਰਿਹਾ। ਇਹੋ ਜਿਹੇ ਵੇਲੇ ਜੇ ਕੋਈ ਫੋਨ ਵੀ ਆ ਜਾਂਦਾ ਤਾਂ ਮੈਂ ਪਹਿਲਾਂ ਹੀ ਕੜਵਾਹਟ ਨਾਲ ਭਰ ਜਾਂਦਾ ਤੇ ਅੱਗੇ ਭਾਵੇਂ ਵਹੁਟੀ ਹੀ ਹੋਵੇ। ਇੰਝ ਲਗਦੈ ਜਿਵੇਂ ਕੋਈ ਵੀ ਚੰਗਾ ਫੋਨ ਤੇ ਆ ਹੀ ਨਹੀ ਸਕਦਾ, ਕੋਈ ਕਹਿੰਦਾ ਡਕਟ ਕਲੀਨ ਕਰਵਾ ਲਵੋ, ਭਾਂਡੇ ਕਲੀ ਕਰਵਾ ਲਵੋ। ਨਾ ਦਸੋ ਸਭਤੋਂ ਜ਼ਰੂਰੀ ਤੇ ਘਾਹ ਕਟਣਾ ਹੈ ਜੇ ਉਹਦੇ ਵਾਸਤੇ ਵੀ ਮੈਂ ਤਿਆਰ ਨਹੀ ਤਾਂ ਕੀ ਭਾਂਡੇ ਕਲੀ ਕਰਵਾ ਲਵਾਂਗਾ?

ਆਖਰ ਇੱਕ ਦਿਨ ਮੰਨ ਮੇਹਰ ਪਈ ਤੇ ਅਸੀਂ ਸਾਰਾ ਟੱਬਰ ਹੀ ਘਾਹ ਕਟਣ ਦਾ ਪਲੈਂਨ ਬਣਾ ਬੈਠੇ। ਸਾਹੋ ਸਾਹੀ ਹੋਇਆ ਜਿਉਂ ਜਿਉਂ ਘਾਹ ਕਟ ਹੋ ਰਿਹਾ ਸੀ, ਦੋਸਤਾਂ ਦੇ ਫੋਨ ਵੀ ਆਉਣ ਲੱਗ ਪਏ। ਹਰ ਕੋਈ ਵਧੀਆ ਗੱਲਾਂ ਕਰ ਰਿਹਾ ਸੀ। ਪਤਾ ਨਹੀ ਇਹ ਸਾਰੇ ਪਹਿਲਾਂ ਕਿੱਥੇ ਸਨ? ਥੱਕਕੇ ਅਸੀਂ ਸੌਂ ਗਏ। ਸਵੇਰੇ ਉਠਕੇ ਮੈਂ ਯਾਰਡ ਵਲ ਝਾਤੀ ਮਾਰੀ। ਰੰਗ ਬਰੰਗੀਆਂ ਚਿੜੀਆਂ ਸਾਡੇ ਯਾਰਡ ਵਿਚ ਕਲੋਲਾਂ ਕਰ ਰਹੀਆਂ ਸਨ। ਹਾਇਵੇ ਦੀ ਦੀਵਾਰ ਤੇ ਗਾਲੜ੍ਹ ਖੇਡ ਰਹੇ ਸਨ। ਮੈਂ ਮੁਸਕਰਾ ਪਿਆ ਤੇ ਬਾਹਰ ਜਾਕੇ ਪੌੜੀ ਦੇ ਬਿਲਕੁਲ ਹੇਠਲੇ ਡੰਡੇ ਤੇ ਬੈਠ ਗਿਆ। ਇੱਟਾਂ ਦੀ ਤਿੜ ਵਿਚ ਇੱਕ ਬਹੁਤ ਛੋਟੀ ਜਿਹੀ ਬੂਟੀ ਉਗੀ ਹੋਈ ਸੀ, ਮਲੂਕ ਜਿਹੇ ਪੱਤੇ, ਜਿਵੇਂ ਹੁਣੇ ਹੀ ਪੁੰਗਰੇ ਹੋਣ। ਕਰਨੀ ਰੱਬ ਦੀ, ਮੇਰਾ ਪੈਰ ਸਹਿ ਸੁਭਾਅ ਉਸ ਤੇ ਆ ਗਿਆ ਤੇ ਬੂਟੀ ਇੱਟ ਨਾਲ ਲੱਗ ਗਈ ਤੇ ਮਿੱਧੀ ਗਈ। ਮੈਨੂੰ ਬਹੁਤ ਅਫਸੋਸ ਹੋਇਆ। ਕੁਝ ਦੇਰ ਬਾਦ ਮੈਂ ਅੰਦਰ ਆ ਗਿਆ। ਅਗਲੇ ਦਿਨ ਮੈਂ ਵੇਖਿਆ ਉਹੀ ਤਿੜ ਵਾਲੀ ਬੂਟੀ ਫਿਰ ਸਿਧੀ ਹੋ ਗਈ ਸੀ ਪਰ ਅਜੇ ਵੀ ਮਾੜਾ ਜਿਹਾ ਵਿੰਗ ਸੀ ਪਰ ਯਕੀਨਨ ਉਸਨੇ ਸਿਧੀ ਹੋ ਜਾਣਾ ਸੀ। ਇੱਕ ਪੱਤੀ ਹੋਰ ਪੁੰਗਰ ਪਈ ਸੀ। ਮੈਂ ਅੰਦਰੋਂ ਪਾਣੀ ਦਾ ਗਲਾਸ ਲੈ ਆਇਆ ਤੇ ਇੱਟਾਂ ਦੀ ਤਿੜ ਵਿਚ ਉਗੀ ਬੂਟੀ ਦੀ ਜੜ੍ਹ ਵਿਚ ਪਾ ਦਿੱਤਾ। ਮੇਰੇ ਅਚੇਤ ਵਿਚ ਹੀ ਅਗਲੇ ਦਿਨ ਦੀ ਇੰਤਜਾਰ ਸੀ। ਮੈਂ ਬੂਟੀ ਬਾਰੇ ਸੋਚਦਿਆਂ ਹੀ ਅੰਦਰ ਆਇਆ ਤੇ ਮੈਨੂੰ ਇੱਕ ਪੁਰਾਣੀ ਪੜ੍ਹੀ ਹੋਈ ਗੱਲ ਚੇਤੇ ਆਈ ਜੋ ਇਸਤਰ੍ਹਾਂ ਹੈ--

ਇਕ ਫਿਲਾਸਫੀ ਦਾ ਪਰੋਫੈਸਰ ਆਪਣੀ ਕਲਾਸ ਪੜ੍ਹਾ ਰਿਹਾ ਸੀ ਤੇ ਉਸਦੇ ਟੇਬਲ ਤੇ ਕੁਝ ਚੀਜ਼ਾਂ ਪਈਆਂ ਸਨ, ਯਕੀਨਨ ਉਹ ਕੁਝ ਦਸਣਾ ਚਾਹੁੰਦਾ ਸੀ। ਜਿਉਂ ਹੀ ਕਲਾਸ ਸ਼ੁਰੂ

ਹੋਈ ਤਾਂ ਉਸਨੇ ਇੱਕ ਜਾਰ ਚੁੱਕਿਆ ਤੇ ਉਸਨੂੰ ਪੱਥਰਾਂ ਨਾਲ ਭਰ ਦਿੱਤਾ ਤੇ ਆਪਣੇ ਵਿਦਿਆਰਥੀਆਂ ਨੂੰ ਪੁਛਿਆ ਕਿ ਜਾਰ ਭਰਿਆ ਹੈ ਕਿ ਨਹੀ, ਵਿਦਿਆਰਥੀ ਬੋਲੇ ਜੀ ਸਰ ਭਰਿਆ ਹੈ। ਫਿਰ ਪਰੋਫੈਸਰ ਨੇ ਗੀਟੇ ਚੁੱਕੇ ਤੇ ਉਹ ਵੀ ਜਾਰ ਵਿਚ ਪਾ ਦਿੱਤੇ, ਜਾਰ ਨੂੰ ਥੋੜਾ ਜਿਹਾ ਹਿਲਾਇਆ ਤੇ ਛੋਟੇ ਗੀਟਿਆਂ ਨੇ ਆਪੋ ਆਪਣੀ ਜਗ੍ਹਾ ਮਲ ਲਈ ਤੇ ਐਨ ਪੱਥਰਾਂ ਨਾਲ ਘੁਲ ਮਿਲ ਗਏ। ਫਿਰ ਉਹੋ ਸੁਆਲ ਉਹੋ ਜੁਆਬ, ਹਾਂ ਜੀ ਜਾਰ ਭਰਿਆ ਹੋਇਆ ਹੈ। ਪਰੋਫੈਸਰ ਨੇ ਫਿਰ ਰੇਤ ਦੀ ਗੁਥਲੀ ਖੋਲੀ ਤੇ ਉਹ ਵੀ ਜਾਰ ਵਿਚ ਪਾ ਦਿੱਤੀ। ਰੇਤ ਨੇ ਪੱਥਰ ਤੇ ਗੀਟਿਆਂ ਦੀਆਂ ਵਿਰਲਾਂ ਵਿਚ ਆਪਣੇ ਆਪ ਨੂੰ ਸਮਾ ਲਿਆ। ਫਿਰ ਉਹੋ ਜੁਆਬ ਹਾਂ ਜੀ ਜਾਰ ਭਰ ਗਿਆ ਹੈ, ਜਾਰ ਤੇ ਪਹਿਲੇ ਹੀ ਭਰਿਆ ਸੀ, ਫਿਰ ਭਰ ਗਿਆ।

ਪਰੋਫੈਸਰ ਬੋਲਿਆ, ਮੈਂ ਚਾਹੁੰਦਾ ਹਾਂ ਕਿ ਤੁਸੀਂ ਕੁਝ ਸਮਝੋ, ਇਹ ਜੋ ਜਾਰ ਹੈ ਇਹ ਤੁਹਾਡੀ ਜ਼ਿੰਦਗੀ ਹੈ। ਪੱਥਰ ਤੁਹਾਡੀਆਂ ਜ਼ਰੂਰੀ ਵਸਤਾਂ ਮਸਲਨ ਤੁਹਾਡਾ ਪਰਿਵਾਰ, ਤੁਹਾਡਾ ਹਮਸਫਰ, ਤੁਹਾਡੀ ਸੇਹਤ, ਬੱਚੇ, ਜੇ ਬਾਕੀ ਸਭ ਕੁਝ ਗੁਆਚ ਵੀ ਜਾਵੇ ਫਿਰ ਵੀ ਤੁਹਾਡੀ ਜ਼ਿੰਦਗੀ ਭਰੀ ਰਹੇ। ਗੀਟੇ ਉਨ੍ਹਾਂ ਵਸਤਾਂ ਵਾਂਗ ਹੈ ਜੋ ਜ਼ਰੂਰੀ ਤਾਂ ਹਨ ਪਰ ਇਤਨੀਆ ਨਹੀ ਕਿ ਤੁਸੀਂ ਰਹਿ ਹੀ ਨਾ ਸਕੋ ਜਿਵੇਂ ਤੁਹਾਡਾ ਘਰ, ਤੁਹਾਡੀ ਨੌਕਰੀ, ਤੁਹਾਡੀ ਕਾਰ। ਤੇ ਰਾਤ ਬਾਕੀ ਸਭ ਕੁਝ, ਛੋਟੀਆਂ ਮੋਟੀਆਂ ਗੱਲਾਂ, ਜੋ ਯਾਦ ਵੀ ਨਹੀ ਰਹਿੰਦੀਆਂ।

ਹੁਣ ਜੇ ਤੁਸੀਂ ਉਲਟਾ ਕਰ ਲਵੋ, ਮਸਲਨ ਜਾਰ ਵਿਚ ਰੇਤ ਪਹਿਲਾਂ ਪਾ ਦੇਵੋ ਤਾਂ ਪੱਥਰ ਤੇ ਗੀਟਿਆਂ ਲਈ ਥਾਂ ਹੀ ਨਹੀ ਬਚੇਗੀ, ਇਸਤਰ੍ਹਾਂ ਹੀ ਜ਼ਿੰਦਗੀ ਹੈ। ਜੇ ਤੁਸੀਂ ਸਾਰਾ ਸਮਾਂ ਛੋਟੀਆਂ ਗੱਲਾਂ ਵਿਚ ਹੀ ਉਲਝੇ ਰਹੋਗੇ ਤਾਂ ਕਦੇ ਵੀ ਉਹ ਵਸਤ ਨਹੀ ਮਿਲੇਗੀ ਜੋ ਤੁਹਾਡੀ ਜ਼ਰੂਰਤ ਹੈ। ਇਸਲਈ ਉਨ੍ਹਾਂ ਗੱਲਾਂ ਵਲ ਧਿਆਨ ਦੇਵੋ ਜਿਸਦਾ ਸਬੰਧ ਤੁਹਾਡੀ ਖੁਸ਼ੀ ਨਾਲ ਹੈ, ਬੱਚਿਆਂ ਨਾਲ ਖੇਡੋਗੇ ਤਾਂ ਘਰ ਵਿਚ ਖੇੜਾ ਆਵੇਗਾ, ਵਹੁਟੀ ਰਸੋਈ ਵਿਚ ਖਲੋਤੀ ਹੀ ਨੱਚ ਪਏਗੀ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇੱਟ ਦੀ ਤਿੜ ਵਾਲੀ ਬੂਟੀ ਕੱਲ ਤੱਕ ਹਰੀ ਭਰੀ ਹੋ ਜਾਵੇਗੀ। ਚਿੜੀਆਂ ਕਲ ਫੇਰ ਆਉਣਗੀਆਂ, ਗਾਲੜ ਫਿਰ ਖੇਡਣਗੇ, ਤੇ ਹੋ ਸਕਦਾ ਹੈ ਰੇਡੀਉ ਤੇ ਵੀ ਚੰਗੀਆਂ ਖਬਰਾਂ ਆਉਣ ਲੱਗ ਪੈਣ। ਕੀ ਖਿਆਲ ਹੈ ਸਾਂਝੀ ਸੰਵੇਦਨਾ ਬਾਰੇ?

8

# 'ਜੋਸਫ਼ ਬਟਲਰ ਦਾ ਜ਼ਮੀਰ ਬਾਰੇ ਵਿਚਾਰ' ਤੇ ਉਸਦਾ ਵਿਸ਼ਲੇਸ਼ਣ

ਕੌਨਸਾਇੰਸ ਦਾ ਜੇ ਪੰਜਾਬੀ ਵਿਚ ਤਰਜ਼ਮਾ ਕਰਨਾ ਹੋਵੇ ਤਾਂ ਜ਼ਮੀਰ ਬਣਦਾ ਹੈ, ਜਿਵੇਂ ਅਕਸਰ ਹੀ ਅਸੀਂ ਕਹਿੰਦੇ ਹਾਂ ਕਿ ਆਪਣੀ ਜ਼ਮੀਰ ਦੀ ਅਵਾਜ ਸੁਣ, ਤੇਰੀ ਜ਼ਮੀਰ ਤੈਨੂੰ ਲਾਹਨਤਾਂ ਨਹੀ ਪਾਉਂਦੀ? ਇੱਥੇ ਅਸੀਂ ਇਹ ਸੁਝਾਅ ਰਹੇ ਹੁੰਦੇ ਹਾਂ ਕਿ ਇੱਕ ਖਾਸ ਵਰਗ ਵਿਚ ਰਹਿੰਦਿਆਂ ਤੈਨੂੰ ਕਿਸਤਰ੍ਹਾਂ ਵਿਚਰਨਾ ਚਾਹੀਦਾ ਹੈ, ਇਹ ਤਰਕ ਵੀ ਇੱਕ ਤਰਫਾ ਬਣ ਜਾਂਦਾ ਹੈ ਜਦੋਂ ਇਸ ਤਤ ਨੂੰ ਅਸੀਂ ਖਾਰਜ ਕਰ ਰਹੇ ਹੁੰਦੇ ਹਾਂ ਕਿ ਹੋ ਸਕਦਾ ਹੈ ਕਿ ਪੈਸਿਵ ਜਾਂ ਦੂਜਾ ਵਿਅਕਤੀ ਕਿਸੇ ਹੋਰ ਨੁਕਤੇ-ਨਿਗਾਹ ਤੋਂ ਸੋਚ ਰਿਹਾ ਹੋਵੇ। ਉਦਾਹਰਣ ਦੇ ਤੌਰ ਤੇ ਕੋਈ ਗਰੀਬ ਆਦਮੀ ਜਿਸਦੇ ਨਿਆਂਣੇ ਘਰ ਭੁੱਖੇ ਹੋਣ ਤਾਂ ਉਸਦੀ ਚੋਣ ਚੋਰੀ ਕਰਨ ਦੀ ਵੀ ਬਣ ਸਕਦੀ ਹੈ ਤੇ ਜਿਸਨੂੰ ਉਸਦੀ ਜ਼ਮੀਰ ਤਸਲੀਮ ਵੀ ਕਰ ਰਹੀ ਹੋਵੇਗੀ ਪਰ ਉਸਦੇ ਪਕੜੇ ਜਾਣ ਤੇ ਅਸੀਂ ਉਸਦੇ ਅਣਦਿਸਦੇ ਭਾਗ ਤੋਂ ਅਨਜਾਣ ਹੁੰਦੇ ਹਾਂ ਤੇ ਇਹੋ ਕਹਿੰਦੇ ਹਾਂ ਕਿ ਤੇਰੀ ਜ਼ਮੀਰ ਕਿੱਥੇ ਗਈ? ਬੋਲਾਂ ਤੇ ਪੂਰਾ ਉਤਰਨਾ, ਦੋਸਤੀ ਨਿਭਾਉਣੀ, ਦੇਸ਼- ਪਿਆਰ ਇਹ ਕਈ ਮਸਲੇ ਹਨ ਜਿਨ੍ਹਾਂ ਨੂੰ ਅਸੀਂ ਖਾਰਜ ਹੀ ਕਰ ਰਹੇ ਹਾਂ ਤੇ ਆਪੋ ਆਪਣੀਆਂ ਘਾੜਤਾਂ ਘੜ ਲਈਆਂ ਹਨ ਜਿਸਨਾਲ ਆਪਣੇ ਆਪ ਨੂੰ ਜਸਟੀਫਾਈ ਕਰ ਸਕੀਏ, ਇਹ ਅੰਦਰ ਦੀ ਲੜਾਈ ਹਰ ਇੱਕ ਦੀ ਆਪੋ ਆਪਣੀ ਹੀ ਹੁੰਦੀ ਹੈ।

ਪੰਜਾਬੀ ਯੂਨੀਵਰਸਿਟੀ ਦੀ ਡਿਕਸ਼ਨਰੀ ਵਿਚ ਕੌਨਸਾਇੰਸ ਦੇ ਅਰਥ ਇਸਤਰ੍ਹਾਂ ਦਿੱਤੇ ਗਏ ਹਨ :---

ਜ਼ਮੀਰ, ਅੰਤਹਕਰਨ ਅੰਤਰ-ਆਤਮਾ ਚੋਰ ਦੀ ਦਾੜ੍ਹੀ ਵਿੱਚ ਤਿਣਕਾ

in all conscience

ਪੂਰੀ ਇਮਾਨਦਾਰੀ ਨਾਲ

open one's conscience

ਸੱਚੋ-ਸੱਚ ਦੱਸ।

ਹੁਣ ਵੇਖਦੇ ਹਾਂ ਕਿ ਬਟਲਰ ਇਸ ਜ਼ਮੀਰ ਵਾਲੇ ਮਾਮਲੇ ਵਿਚ ਕੀ ਕਹਿੰਦਾ ਹੈ ਤੇ ਉਸਦੇ ਸੱਚ ਨੂੰ ਅਸੀਂ ਕਿਸਤਰ੍ਹਾਂ ਅਪਨਾਉਣਾ ਹੈ ਜਾਂ ਰਿਜੈਕਟ ਕਰਨਾ ਹੈ, ਜਿਸਦਾ ਸਾਨੂੰ ਪੂਰਾ ਹੱਕ ਹੈ। ਯਾਦ ਰਹੇ ਕਿ ਅਸੀਂ ਇਸ ਵਿਚਾਰ ਨੂੰ ਸਿਰਫ ਭਾਰਤੀ ਸੋਚ ਦੇ ਚੌਖਟੇ ਵਿਚ ਹੀ ਰੱਖਕੇ ਵਿਚਾਰਾਂਗੇ।

ਫਿਲਾਸਫਰ ਸ਼ਾਫਟਬਰੀ ਵਾਂਗ ਹੀ ਬਟਲਰ ਨੇ ਜ਼ਮੀਰ ਦੇ ਸੰਦਰਭ ਵਿਚ ਅਸੂਲਾਂ ਨੂੰ

ਪ੍ਰਤੀਬਿੰਬ ਪਾਉਣ ਯੋਗ ਵਾਂਗ ਲਿਆ ਹੈ। ਸ਼ਾਫਟਬਰੀ ਅਨੁਸਾਰ ਹਰ ਤਰਕ ਜਾਂ ਪ੍ਰਤੀਬਿੰਬਿ ਸਿਰਜਣਾ ਆਪਣੇ ਕੁਦਰਤੀ ਵਰਤਾਰੇ ਅਨੁਸਾਰ ਕਿਸੇ ਵੀ ਵਿਅਕਤੀ ਦੇ ਦਿਮਾਗ ਨੂੰ ਖੰਘੋਲਦੀ ਹੈ, ਤੇ ਇਸਤਰ੍ਹਾਂ ਕਰਦਿਆਂ ਉਹ ਆਪਣੇ ਆਪ ਨੂੰ ਹੀ ਸੰਬੋਧਿਤ ਹੋ ਰਿਹਾ ਹੁੰਦਾ ਹੈ। ਉਸਦੇ ਅੰਦਰ ਜਿਸਨੂੰ ਅਸੀਂ ਅੰਤਰ ਆਤਮਾ ਵੀ ਕਹਿ ਲੈਂਦੇ ਹਾਂ, ਇੱਕ ਪ੍ਰਵਾਹ ਚਲ ਪੈਂਦਾ ਹੈ। ਇਹ ਪ੍ਰਵਾਹ ਨਿਰੰਤਰ ਚਲਦਾ ਹੈ ਜਦੋਂ ਤੱਕ ਇਹ ਨਤੀਜੇ ਵਿਚ ਨਾ ਬਦਲ ਜਾਵੇ। ਇਹ ਨਤੀਜਾ ਕਦੇ ਤੇ ਕਈ ਵਾਰ ਉਸਦੀ ਸੋਚ ਨੂੰ ਹੀ ਬਦਲ ਦਿੰਦਾ ਹੈ।

ਇਸ ਮਾਮਲੇ ਵਿਚ ਬਟਲਰ ਦਾ ਜ਼ਮੀਰ ਵਾਲਾ ਕੰਨਸੈਪਟ ਹੋਰ ਵੀ ਸਪਸ਼ਟ ਹੈ, ਉਹ ਇਸ ਵਿਚ ਸੰਭਾਵੀ, ਸੰਭਾਵਨਾ ਤੋਂ ਪਹਿਲਾਂ ਵਾਲੀ ਸਥਿਤੀ ਤੇ ਸੰਭਾਵੀ ਸੋਚਾਂ ਨੂੰ ਨਤੀਜਣ ਵਰਤਣ ਤੋਂ ਬਾਦ ਵਾਲੀ ਸਥਿਤੀ ਬਾਰੇ ਗੱਲ ਕਰਦਾ ਹੈ। ਇਸ ਵਿਚ ਬਟਲਰ ਨਵੀਂ ਬਣੀ ਸਥਿਤੀ ਵਿਚਲਾ ਵਰਗ ਤੇ ਦੂਜੇ ਥੀਸਸ ਵਰਗ ਦੀ ਤਰਕ-ਪੜਚੋਲ ਕਰਦਾ ਹੈ।

ਜਦੋਂ ਅਸੀਂ ਕਿਸੇ ਵਿਅਕਤੀ ਬਾਰੇ ਕੋਈ ਵੀ ਫੈਸਲਾ ਲੈਂਦੇ ਹਾਂ ਤਾਂ ਅਸੀਂ ਉਸਦੇ ਕੀਤੇ ਕਾਰਜ ਨੂੰ, ਪਹਿਲਾਂ ਤੋਂ ਹੀ ਸਥਾਪਿਤ ਹੋਈਆਂ ਕਦਰਾਂ ਕੀਮਤਾਂ ਨਾਲ ਮਿਣਦੇ ਤੋਲਦੇ ਹਾਂ। ਬਟਲਰ ਦਾ ਮੰਨਣਾ ਹੈ ਕਿ ਹਰ ਸਧਾਰਣ ਵਿਅਕਤੀ ਕੋਲ ਇਤਨੀ ਕੁ ਅਕਲ ਹੁੰਦੀ ਹੈ ਕਿ ਉਹ ਠੀਕ ਤੇ ਗਲਤ ਦੀ ਪਛਾਣ ਕਰ ਸਕੇ। ਇਸਤਰਾਂ ਕਰਦਿਆਂ ਇੱਕ ਸਧਾਰਣ ਮਨੁੱਖ ਆਪਣੇ ਕੋਲ ਉਪਲਬਦ ਕਦਰਾਂ ਕੀਮਤਾਂ ਤੇ ਸਮਾਜਿਕ ਮਾਪ ਦੰਡਾਂ ਨੂੰ ਹੀ ਅਧਾਰ ਬਣਾਉਂਦਾ ਹੈ। ਇਸ ਗਲਤ ਤੇ ਠੀਕ ਦੇ ਵਰਤਾਰੇ ਨੂੰ ਤੋਲਣ ਲਈ ਉਸ ਕੋਲ ਕਈ ਸਾਧਨ ਹੁੰਦੇ ਹਨ ਪਰ ਧਿਆਨ ਦੇਣ ਵਾਲੀ ਲੋੜ ਹੈ ਕਿ ਇਹ ਬਿੰਬ ਪ੍ਰਤੀਬਿੰਬ ਦਾ ਧਰਾਤਲ ਇੱਕੋ ਜਿਹਾ ਹੀ ਹੋਵੇ। ਇਸ ਵਿਚ ਆ ਜਾਂਦੇ ਹਨ, ਜ਼ਮੀਰ, ਆਦਰਸ਼ਕ ਪਹੁੰਚ, ਧਾਰਮਿਕਤਾ, ਤੇ ਸਮਝਣ ਵਾਲੀ ਜਜ਼ਬਾਤੀ ਪਹੁੰਚ। ਤੇ ਕੁਲ ਮਿਲਾ ਕੇ ਵੇਖਣਾ ਹੋਵੇ ਤਾਂ ਇਹ ਮਾਇੰਡ-ਸੈਟ ਵਾਲੀ ਗੱਲ ਹੀ ਹੈ ਕਿ ਉਸਦੀ ਪਰਵਰਿਸ਼ ਕਿਸ ਸਮਾਜ ਵਿਚ ਹੋਈ ਤੇ ਉਸ ਸਮਾਜ ਦੀ ਆਦਰਸ਼ਕ ਪਹੁੰਚ ਕਿਨਾਂ ਮੁੱਦਿਆਂ ਤੇ ਅਧਾਰਿਤ ਹੈ। ਪਰ ਸਾਡੇ ਕੋਲ ਬਹੁਤ ਸਾਰੇ ਤੱਤ ਹਨ ਜੋ ਕੁਦਰਤ ਦੀ ਸ਼ਾਨਦਾਰ ਬਣਤਰ ਦੇ ਤਹਿਤ ਆਉਂਦੇ ਹਨ। ਇਹ ਤੱਤ ਹੀ ਸਾਨੂੰ ਦਸਦੇ ਹਨ ਕਿ ਕੁਦਰਤ ਦੀ ਪ੍ਰਭੂਤਾ ਕੀ ਹੈ ਤੇ ਉਹ ਤੁਹਾਡੀ ਉਸਰੀ ਹੋਈ ਜ਼ਮੀਰ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ?

ਸਭਤੋਂ ਪਹਿਲਾਂ, ਬਟਲਰ ਅਨੁਸਾਰ, ਜ਼ਮੀਰ ਦਾ ਇੱਕ ਅਨੋਖਾ ਤੇ ਲਾਜਵਾਬ ਪ੍ਰਭੂਤਵ ਹੈ ਤੇ ਵਿਅਕਤੀ ਦਾ ਸੁਭਾਅ ਇਨ੍ਹਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ।

ਇੱਕ ਸਭਿਆ ਸਮਾਜ ਦੀ ਬਣਤਰ ਵਿਚ, ਰਵਾਇਤ ਦੀ ਅੰਸ਼ਕ ਸਮਰੂਪਤਾ ਹੁੰਦੀ ਹੈ। ਅਸੀਂ ਉਸਨੂੰ ਮਾਨਤਾ ਦਿੰਦੇ ਹਾਂ ਤੇ ਇਹ ਮਾਨਤਾ ਅਚੇਤ ਹੀ ਸਾਡੇ ਮੰਨਾਂ ਅੰਦਰ ਬੈਠੀ ਹੁੰਦੀ ਹੈ। ਇਹ ਜ਼ਿੰਦਗੀ ਦੇ ਦੂਸਰੇ ਸਿਧਾਂਤਾਂ ਦੇ ਸਿੱਧੇ ਅਨੁਪਾਤ ਵਿਚ ਹੀ ਹੁੰਦੀ ਹੈ ਤੇ ਇਹ ਵਿਰੋਧ

ਪੈਦਾ ਨਹੀ ਕਰਦੀ। ਇਹ ਹੀ ਸਾਡੀ ਜ਼ਮੀਰ ਨੂੰ ਨਿਰਧਾਰਿਤ ਕਰਦੀ ਹੈ। ਇਸਤੋਂ ਅੱਗੇ ਜਾਂਦੇ ਹੋਏ ਅਸੀਂ ਇਨ੍ਹਾਂ ਨੂੰ ਹੀ ਮਾਨਤਾ ਦਿੰਦੇ ਹਾਂ ਤੇ ਹੋਰ ਕੋਈ ਵਿਪਰੀਤ ਵਿਕਲਪ ਜ਼ਮੀਰ ਦੇ ਵਿਚਾਰ ਨਾਲ ਮੇਲ ਨਹੀ ਖਾਂਦਾ।

ਇਸਤੋਂ ਅਗਲਾ ਪੜ੍ਹਾ ਹੈ ਕੋਈ ਵੀ ਸਧਾਰਣ ਨਾਗਰਿਕ ਜ਼ਮੀਰ ਦੇ ਇਨ੍ਹਾਂ ਮਾਪ-ਦੰਡਾਂ ਨੂੰ ਮੰਨਣ ਦਾ ਪਾਬੰਧ ਹੁੰਦਾ ਹੈ। ਜ਼ਮੀਰ ਦਾ ਸਿਧਾਂਤ, ਸਧਾਰਣਤਾ ਅਧਿਆਤਮਕ ਤੇ ਦਾਰਸ਼ਨਿਕ ਨੁਕਤੇ-ਨਿਗਾਹ ਤੋਂ ਮੰਨਣਯੋਗ ਹੁੰਦਾ ਹੈ। ਫਿਲਾਸਫਰ ਸ਼ਾਫਟਬਰੀ ਇਸਦੀ ਪਹਿਚਾਣ ਪ੍ਰਤੀਬਿੰਬ ਤਰਕਾਂ ਨਾਲ ਕਰਦਾ ਹੈ। ਪਰ ਇਹ ਧਾਰਨਾਵਾਂ ਸਮੇ ਸਮੇ ਕਾਨੂੰਨੀ ਸੁਭਾਅ ਵੀ ਗ੍ਰਹਿਣ ਕਰਦੀਆਂ ਹਨ ਤੇ ਬਟਲਰ ਇਸ ਕਾਨੂੰਨੀ ਬਣਤਰ ਦੀ ਹੋਂਦ ਬਾਰੇ ਹੀ ਪ੍ਰਵਚਨ ਕਰਦਾ ਹੈ। ਕਾਨੂੰਨ ਦੇ ਸੰਦਰਭ ਵਿਚ ਇਹ ਇਸਤਰ੍ਹਾਂ ਹੈ ਕਿ ਘਟੋ ਘਟ ਕਾਨੂੰਨ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕੀਤਾ ਜਾਵੇ ਤੇ ਵਧ ਤੋਂ ਵਧ ਇਸ ਬਾਰੇ ਹੋਰ ਜਾਣਕਾਰੀ ਲੈਕੇ ਇਸਨੂੰ ਵਰਤੋਂ ਵਿਚ ਲਿਆਂਦਾ ਜਾਵੇ ਤੇ ਸਮਾਜ ਵਿਚਲੇ ਸੇਹਤਮੰਦ ਵਰਤਾਰੇ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਜਾਵੇ।

ਇਸਤੋਂ ਅੱਗੇ ਆਉਂਦਾ ਹੈ ਜ਼ਮੀਰ ਦਾ ਸਭਿਆਚਾਰਕ ਢਾਂਚੇ ਨਾਲ ਇੱਕਸੁਰ ਹੋਣਾ। ਜਦੋਂ ਅਸੀਂ ਜ਼ਮੀਰ ਦੀ ਅਵਾਜ਼ ਸੁਣਕੇ ਵਰਤਾਵ ਕਰਦੇ ਹਾਂ ਤਾਂ ਅਸੀਂ ਪ੍ਰਭੂਤਵ ਦੇ ਪ੍ਰਭਾਵ ਵਾਲੇ ਰਕਬੇ ਤੇ ਉਸਦੇ ਕਾਨੂੰਨ ਦੀ ਪਾਲਣਾ ਹੀ ਕਰ ਰਹੇ ਹੁੰਦੇ ਹਾਂ। ਇੱਥੇ ਕਾਨੂੰਨ ਤੇ ਆਪਾ ਇੱਕ ਹੀ ਰੱਸੀ ਦੇ ਦੋ ਪਹਿਲੂ ਬਣਦੇ ਹਨ। ਇਸਤਰ੍ਹਾਂ ਨਾਗਰਿਕ ਜ਼ਿੰਮੇਵਾਰੀ ਦੀ ਪਾਲਣਾ ਤੇ ਉਸਦਾ ਸਮਾਜੀ ਰਕਬੇ ਨਾਲ ਇੱਕਮਿੱਕ ਹੋਣਾ ਹੀ ਸੱਚ, ਹੱਕ ਤੇ ਠੀਕ ਪੋਸ਼ਣ ਦੀ ਉਤਸੁਕਤਾ ਉਸਾਰ ਦਿੰਦਾ ਹੈ ਤੇ ਇਸਤਰ੍ਹਾਂ ਹੀ ਸਾਰਾ ਆਲਾ ਦੁਆਲਾ ਉਤਸ਼ਾਹਿਤ ਹੋਣਾ ਚਾਹੀਦਾ ਹੈ। ਜੋ ਇਸਦੇ ਉਲਟ ਚਲਦੇ ਹਨ, ਉਹ ਹੀ ਜ਼ਮੀਰ ਦੇ ਉਲਟ ਚਲਦੇ ਨਜ਼ਰ ਆਉਂਦੇ ਹਨ। ਇੱਥੇ ਕਾਨੂੰਨ ਦੀ ਇੱਕ ਧਾਰਣਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਤਾਂ ਕਿ ਅਸੀਂ ਬਟਲਰ ਦੇ ਸਿਧਾਂਤ ਨੂੰ ਚੰਗੀ ਤਰਾਂ ਸਮਝ ਸਕੀਏ।

ਕਾਨੂੰਨ ਦੇ ਦੋ ਅਹਿਮ ਪਹਿਲੂ ਹਨ, ਕਮਿਸ਼ਨ ਤੇ ਉਮੇਸ਼ਨ। ਕਮਿਸ਼ਨ ਦਾ ਮਤਲਬ ਹੈ ਕਿ ਅਸੀ ਉਹ ਕਰੀਏ ਜੋ ਸਾਨੂੰ ਕਰਨਾ ਚਾਹੀਦਾ ਹੈ ਜਾਂ ਜਿਸਦੀ ਤਵਕੋ ਕਾਨੂੰਨ ਦੁਆਰਾ ਸਾਡੇ ਤੋਂ ਕੀਤੀ ਜਾਂਦੀ ਹੈ। ਸੌਖੀ ਤਰਾਂ ਇੰਝ ਵੇਖ ਸਕਦੇ ਹਾਂ ਕਿ ਅਸੀਂ ਟਰੈਫਿਕ ਦੀਆਂ ਲਾਲ ਲਾਈਟਾਂ ਤੇ ਆਪਣਾ ਵਹੀਕਲ ਰੋਕ ਲੈਂਦੇ ਹਾਂ, ਇਹ ਕਮਿਸ਼ਨ ਹੈ, ਤੇ ਕਾਨੂੰਨ ਸਾਡੇ ਕੋਲੋਂ ਇਸਦੀ ਮੰਗ ਕਰਦਾ ਹੈ।

ਉਮੇਸ਼ਨ ਦੀ ਉਦਾਹਰਣ ਇਸਤਰ੍ਹਾਂ ਲਈ ਜਾ ਸਕਦੀ ਹੈ ਕੈਨੇਡਾ ਦੇ ਚੌਖਟੇ ਵਿਚ ਰਹਿੰਦਿਆਂ ਜੇ ਅਸੀਂ ਕਿਤੇ ਬੱਚੇ ਨਾਲ ਹੁੰਦਾ ਦੁਰ- ਵਿਹਾਰ ਵੇਖਦੇ ਹਾਂ ਤੇ ਅੱਖਾਂ ਬੰਦ ਕਰਕੇ ਚੁੱਪ ਕਰ ਜਾਂਦੇ ਹਾਂ ਤਾਂ ਇਹ ਉਮੇਸ਼ਨ ਹੈ ਕਾਨੂੰਨ ਦੀ, ਐਸਾ ਕਰਦੇ ਵੀ ਅਸੀਂ ਕਾਨੂੰਨ ਤੋੜ

ਰਹੇ ਹੁੰਦੇ ਹਾਂ।

ਬਟਲਰ ਅਨੁਸਾਰ, ਜਿਵੇਂ ਕਲਾਰਕ ਨੇ ਵੀ ਕਿਹਾ ਹੈ ਕਿ ਨੈਤਿਕ ਕਾਨੂੰਨ, ਜ਼ਿੰਮੇਵਾਰੀ, ਫਰਜ਼ ਜਾਂ ਸਦਾਚਾਰ ਜਾਂ ਠੀਕ ਹੁੰਦੇ ਹਨ ਜਾਂ ਗਲਤ, ਸਦਾਚਾਰਕ ਕੀਮਤਾਂ ਅਨੁਸਾਰ ਹੀ ਇਨ੍ਹਾਂ ਦੀ ਪੈਰਵਾਈ ਹੁੰਦੀ ਹੈ।

ਠੀਕ ਜਾਂ ਅਜ਼ਾਦਾਨਾ ਤੌਰ ਤੇ ਬੁਰੇ, ਜਿਨ੍ਹਾਂ ਵਾਸਤੇ ਕੋਈ ਸਜ਼ਾ ਜਾਂ ਇਨਾਮ ਨਿਰਧਾਰਿਤ ਨਹੀ ਹੁੰਦਾ।

ਹੌਬਜ਼ ਦੇ ਪ੍ਰਮਾਣ ਵਾਲੇ ਉਹ ਪਹਿਲੂ ਜੋ ਕੁਦਰਤ ਦੇ ਕਾਨੂੰਨ ਅਨੁਸਾਰ ਪ੍ਰੇਰਨਾ ਦੇਣ ਵਾਲੇ ਵਿਅਕਤੀ ਨੂੰ ਜਾਂ ਤੇ ਇਨਾਮ ਦੇਣ ਜਾਂ ਸਜ਼ਾ ਤੇ ਇਨਾਮ ਜਾਂ ਸ਼ਜਾ ਦੇਣ ਵਾਲਾ ਉਸ ਰਕਬੇ ਦਾ ਕਾਨੂੰਨ ਹੋਵੇ, ਇਸਦਾ ਅਧਾਰ ਭਾਵੇਂ ਰੁਹਾਨੀ ਹੋਵੇ ਤੇ ਭਾਵੇਂ ਪੰਚਾਇਤੀ। ਬਟਲਰ ਇਸ ਨੂੰ ਸੋਧ ਕੇ ਵੇਖਦਾ ਹੈ ਤੇ ਦਲੀਲ ਦਿੰਦਾ ਹੈ ਕਿ ਸਿਧਾਂਤਕ ਤੌਰ ਤੇ ਠੀਕ ਤੇ ਗਲਤ ਦੇ ਕਾਰਜਾਂ ਨੂੰ ਕਾਨੂੰਨੀ ਤੇ ਪੰਚਾਇਤੀ ਤਖਤੀਆਂ ਦੇ ਨੁਕਤੇ ਨਿਗਾਹ ਨਾਲ ਨਹੀ ਵੇਖਣਾ ਚਾਹੀਦਾ ਹੈ ਤੇ ਸ਼ਜਾ ਤੇ ਇਨਾਮ ਵਰਗੇ ਕਾਨੂੰਨੀ ਹੱਥਕੰਡਿਆਂ ਤੋਂ ਮਨਸੂਖ ਕਰ ਦੇਣਾ ਚਾਹੀਦਾ ਹੈ। ਕਾਨੂੰਨੀ ਬੰਧਨ ਤੇ ਠੀਕ ਹੋਣ ਦੀ ਪਰਕਿਰਿਆ ਵਿਚ ਕੋਈ ਸਬੰਧ ਨਹੀ ਹੈ, ਇਹ ਤੇ ਸਿਧਾ ਸਾਡੀ ਜ਼ਮੀਰ ਦਾ ਸੁਆਲ ਹੈ, ਸਿਰਫ ਵਿਅਕਤੀਗਤ ਮਨੌਤ।

ਬਟਲਰ ਕਹਿੰਦਾ ਹੈ ਕਿ ਮੈਂ ਆਪਣੀ ਜ਼ਮੀਰ ਅਨੁਸਾਰ ਕੰਮ ਕਰਨ ਲਈ ਕਿਸੇ ਬੰਧਨ ਨੂੰ ਤਸਲੀਮ ਨਹੀ ਕਰਦਾ, ਇਸਤਰ੍ਹਾਂ ਦੀ ਮਨੌਤ ਨਾਲ, ਇਹ ਅੰਤਹ-ਕਰਣ ਦੀ ਅਵਾਜ਼ ਨਹੀ ਰਹੇਗੀ।

ਜ਼ਮੀਰ ਦਾ ਸਿਧਾਂਤ ਸਾਡੇ ਮੰਨਣਯੋਗ ਵਤੀਰੇ ਲਈ ਬਿਲਕੁਲ ਤਿਆਰ ਹੈ---

ਬਹੁਤ ਲਾਗੇ ਤੇ ਸਾਡੇ ਅੰਤਹਕਰਣ ਨਾਲ ਘੁਲਿਆ ਮਿਲਿਆ ਤੇ ਸਪਸ਼ਟ ਪਹਿਚਾਣ ਵਾਲਾ ਹੈ ਜ਼ਮੀਰ ਦਾ ਵਿਚਾਰ। ਇਸਦੇ ਸਿੱਟੇ ਵਿਵੇਕਪੂਰਣ ਹਨ ਤੇ ਜਾਤੀ ਫਾਇਦੇ ਵਾਲੇ ਨਹੀ ਹਨ। ਇਹ ਪ੍ਰਮਾਣਿਕ ਸਿਧਾਂਤ ਹਨ ਜਿਨ੍ਹਾਂ ਦੀ ਮਨੌਤ ਦੇ ਨਾਲ ਰੁਬਰੂ ਹੋਣਾ, ਸਾਡਾ ਚੰਗਾ ਕਾਰਜ ਸਿਧ ਹੁੰਦਾ ਹੈ ਤੇ ਇਹ ਬਾਹਰੀ ਤਾਕਤਾਂ ਤੇ ਨਿਰਭਰ ਨਹੀ ਹੋਣਾ ਚਾਹੀਦਾ। ਬਾਹਰੀ ਤਾਕਤਾਂ ਸਾਡੀ ਵਿਵੇਕ ਸ਼ਕਤੀ ਦੇ ਰਾਹ ਵਿਚ ਰੋੜੇ ਅਟਕਾ ਸਕਦੀਆਂ ਹਨ। ਇਸ ਲਈ ਜ਼ਮੀਰ ਸਾਡੀ ਲਹਿਰ ਹੈ ਜੋ ਨਿਰੰਤਰ ਚਲਦੀ ਹੈ ਤੇ ਇਹ ਆਪਣੀ ਜਗ੍ਹਾ ਤੇ ਸਥਾਪਿਤ ਰਹਿੰਦੀ ਹੈ।

ਬਟਲਰ ਆਪਣੇ ਪ੍ਰਵਚਨ ਵਿਚ ਤਰਕ ਦਿੰਦਾ ਹੈ ਕਿ ਜ਼ਮੀਰ ਇੱਕ ਸਿਧਾਂਤ ਹੈ ਜੋ ਉੱਤਮ ਹੈ ਤੇ ਸਾਡੇ ਖਾਸ ਆਵੇਗ ਤੇ ਸਨੇਹੀ ਮੋਹ, ਸਾਡੀ ਜਮਾਂਦਰੂ ਸੋਚ ਤੇ ਮੌਜੂਦਾ ਸਥਾਪਿਤ ਹੋਈ ਦੈਵੀ ਰੂਪਮਾਨਤਾ ਨੂੰ ਜੋ ਪਹਿਚਾਣ ਦਿੰਦੀ ਹੈ ਉਹ ਹੀ ਸਾਡੀ ਜ਼ਮੀਰ ਹੈ।

ਇਹ ਮੰਨਿਆ ਜਾਂਦਾ ਹੈ ਕਿ ਸਾਡੀਆਂ ਦੈਵੀ ਪਰਵਿਰਤੀਆਂ ਕੁਦਰਤੀ ਹਨ ਤੇ ਸਾਡੀ

ਜ਼ਮੀਰ ਤੇ ਪ੍ਰਭਾਵ ਪਾਉਂਦੀਆਂ ਹਨ, ਪਰੰਤੂ ਬਟਲਰ ਦੀ ਵਿਚਾਰਧਾਰਾ ਕੁਝ ਵਖਰੇਵੇਂ ਵਾਲੀ ਹੈ ਇਸਲਈ ਬਟਲਰ ਦੇ ਵਿਅਕਤੀਗਤ ਪਰਵਚਨਾਂ ਨੂੰ ਸਮਝਣ ਲਈ ਕਈ ਹੋਰ ਰਸਤੇ ਹਨ। ਆਉ ਇਸਨੂੰ ਦੂਜੇ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਮੋਟਾ ਜਿਹਾ ਹੀ ਪੈਤੜਾ ਲੈਂਦੇ ਹੋਏ ਵੇਖਦੇ ਹਾਂ ਕਿ ਬਟਲਰ ਦਾ ਜ਼ਮੀਰ ਦਾ ਸਿਧਾਂਤ ਤੇ ਹੋਰ ਦੂਜੇ ਸਿਧਾਂਤ ਕਿਵੇਂ ਇੱਕ ਦੂਜੇ ਨਾਲ ਆਪਣਾ ਸਬੰਧ ਜੋੜਦੇ ਹਨ।

ਬਟਲਰ ਦੇ ਸਿਧਾਂਤਕ ਪਹਿਲੂ ਦੇ ਪਹਿਲੇ ਪਾਠ ਨਾਲ ਇਹੋ ਗੱਲ ਸਮਝ ਆਉਂਦੀ ਹੈ ਕਿ ਜ਼ਮੀਰ ਦਾ ਮੰਨਣਾ ਤੇ ਉਸਦਾ ਬਾਕੀ ਸਿਧਾਤਾਂ ਨਾਲੋਂ ਉੱਤਮ ਹੋਣ ਦੀ ਗੱਲ ਹੀ ਹੋ ਰਹੀ ਹੈ।

ਬਟਲਰ ਦਾ ਨਿੱਜ ਨੂੰ ਮੋਹ ਕਰਨਾ, ਦਿਆਲੂਤਾ ਤੇ ਉਦਾਰਤਾ ਦਾ ਵਸਤ ਲੈਕੇ ਵਿਚਰਨਾ ਹੀ ਉੱਤਮ ਹੈ ਤੇ ਇਸਦੀ ਪੂਰੀ ਵਜ਼ਾਹਤ ਕਰਨ ਨਾਲ ਹੀ ਸਾਡੇ ਆਪੇ ਦੀ ਕੁਦਰਤ ਨਾਲ ਇੰਨ ਬਿੰਨਤਾ ਹੈ। ਜਦੋਂ ਅਸੀਂ ਸਿਰਫ ਆਪਣੀਆਂ ਚੰਗਿਆਈਆਂ ਹੀ ਵੇਖਦੇ ਹਾਂ ਤੇ ਦੂਜਿਆਂ ਦੀਆਂ ਚੰਗਿਆਂਈਆਂ ਨੂੰ ਵੀ ਇਨ੍ਹਾ ਹੀ ਮਾਪ-ਦੰਡਾਂ ਨਾਲ ਮਾਪਦੇ ਹਾਂ ਤਾਂ ਅਸੀਂ ਇਹ ਭਰਮ ਸਿਰਜ ਲੈਂਦੇ ਹਾਂ ਕਿ ਅਸੀਂ ਠੀਕ ਹਾਂ ਤੇ ਦੂਜੇ ਵੀ ਵਧੀਆ ਹਨ ਜੋ ਸਾਡੇ ਵਾਂਗ ਸੋਚਦੇ ਹਨ ਤੇ ਇਸਤਰ੍ਹਾਂ ਕਰਦਿਆਂ ਅਸੀਂ ਆਪਣੀ ਖੁਸ਼ੀ ਵਿਚ ਸਮਾ ਜਾਂਦੇ ਹਾਂ, ਇਸਨੂੰ ਹੁਲਾਸ ਦੀ ਅਵਸਥਾ ਨਾਲ ਵੀ ਜੋੜਕੇ ਵੇਖਿਆ ਜਾ ਸਕਦਾ ਹੈ। ਪਰੰਤੂ ਇਸਦੇ ਇਲਾਵਾ ਵੀ ਦੁਨੀਆਂ ਵਸਦੀ ਹੈ ਜੋ ਹੋਰ ਤਰ੍ਹਾਂ ਸੋਚ ਸਕਦੀ ਹੈ।

ਇੰਝ ਲਗਦਾ ਹੈ ਕਿ ਬਟਲਰ ਆਪਣੇ ਸਿਧਾਂਤ ਆਪਣੀ ਖੁਸ਼ੀ ਨੂੰ ਸਿਰਫ ਜ਼ਮੀਰ ਨਾਲ ਜੋੜਕੇ ਹੀ ਦੁਨੀਆਂ ਦਾ ਪਾਰ ਉਤਾਰਾ ਕਰਨ ਦਾ ਰਾਹੀ ਹੈ।

ਔਰ ਭੀ ਗਮ ਹੈਂ ਜ਼ਮਾਨੇ ਮੇਂ ਮੁਹਬਤ ਕੇ ਸਿਵਾ,

ਤੇ ਜੇ ਇਹ ਮੁਹਬਤ ਆਪਣੇ ਨਾਲ ਹੀ ਕੀਤੀ ਜਾਵੇ ਤਾਂ ਤੇ ਇਹ ਹਨ ਉਹ ਰਾਹ ਜਿੱਥੇ ਬਟਲਰ ਦੁਆਰਾ ਸੁਝਾਏ ਵਿਚਾਰ ਕਿ ਆਪਣੇ ਆਪ ਨੂੰ ਪਿਆਰ ਕਰਨ ਲਈ ਜ਼ਮੀਰ ਤੇ ਪਹਿਰਾ ਦੇਵੋ ਤੇ ਸਾਰੀਆਂ ਚੰਗੀਆਂ ਗੱਲਾਂ ਇਸ ਵਿਚ ਹੀ ਸਮੋ ਜਾਂਦੀਆਂ ਹਨ ਤੇ ਮੰਥਨ ਇਹ ਨਿਕਲਦਾ ਹੈ ਕਿ ਇਹ ਉਹ ਸਿਧਾਂਤ ਹਨ ਜੋ ਜ਼ਮੀਰ ਦੇ ਸਮਾਨੰਤਰ ਚਲ ਰਹੇ ਹਨ।

ਐਸਾ ਕੀਤਿਆਂ, ਨਤੀਜਾ ਇਹ ਨਿਕਲਦਾ ਹੈ ਕਿ ਇਹ ਮਹੰਤੀ ਸੋਚ ਦੇ ਦ੍ਰਿਸ਼ਟ ਹਨ। ਮਹੰਤੀ ਸੋਚ ਨੂੰ ਖਦੇੜਣ ਵਾਲੇ ਜਿਹੜੇ ਹਨ, ਉਹ ਆਪਣੇ ਆਪ ਨੂੰ ਪਿਆਰ ਕਰਨ ਵਾਲੇ ਵਿਚਾਰ ਨਾਲ ਸਹਿਮਤ ਨਹੀ ਹਨ। ਉਹ ਜ਼ਮੀਰ ਦੇ ਨਾਮ ਉਪਰ ਹੋ ਰਹੇ ਸੰਵਾਦ ਵਿਚ ਆਪਣਾ ਮੱਤ ਰਖਦੇ ਹਨ। ਉਹ ਭਾਵੇਂ ਜ਼ਮੀਰ ਦੇ ਇਸ ਵਿਚਾਰ ਨੂੰ ਮੁਢੋਂ ਹੀ ਨਿਕਾਰਦੇ ਨਹੀ ਹਨ ਪਰ ਇਸਨੂੰ ਬਟਲਰ ਦੇ ਵਿਚਾਰਾਂ ਦੀ ਇੱਕ ਸਮਸਿਆ ਸਮਝਦੇ ਹਨ।

ਇਹ ਸਮਸਿਆਵਾਂ ਕੀ ਹਨ, ਆਉ ਇਨ੍ਹਾਂ ਬਾਰੇ ਉਨ੍ਹਾਂ ਦਾ ਮੱਤ ਵਿਚਾਰਦੇ ਹਾਂ।

ਜੇ ਜ਼ਮੀਰ ਦੀ ਅਵਾਜ਼ ਨੂੰ ਮੰਨਣਯੋਗ ਸਮਝ ਲਿਆ ਜਾਵੇ ਤਾਂ ਜ਼ਮੀਰ ਦਾ ਸਿਧਾਂਤ ਜਾਂ ਤਾਂ ਆਪਣੇ ਆਪ ਵਿਚ ਸਮਾਂ ਵਿਹੂਣਾ ਹੋ ਜਾਵੇਗਾ ਜਾਂ ਇੰਝ ਲਗੇਗਾ ਕਿ ਸਾਨੂੰ ਕੋਈ ਮੱਤਾਂ ਦੇ ਰਿਹਾ ਹੈ, ਜੋ ਕਿ ਜ਼ਮੀਰ ਦੀ ਉਤਪਤੀ ਦੇ ਹੀ ਉਲਟ ਹੈ। ਸਿਜਵਿਕ ਅਨੁਸਾਰ ਜੇ ਦੂਜੀ ਗੱਲ ਠੀਕ ਮੰਨ ਲਈ ਜਾਵੇ ਤਾਂ ਇਹ ਸਮਝਣਾ ਪਵੇਗਾ ਕਿ ਮੱਤਾਂ ਦੇ ਕੌਣ ਰਿਹਾ ਹੈ? ਤੇ ਜੇ ਪਹਿਲੇ ਨੂੰ ਠੀਕ ਮੰਨ ਲਿਆ ਜਾਵੇ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਇਸਤਰ੍ਹਾਂ ਦੀ ਕੋਈ ਵੀ ਸੁਤੰਤਰ ਆਦਰਸ਼ਿਕ ਪਹੁੰਚ ਨਹੀ ਹੈ ਜੋ ਨਿੱਜ ਨੂੰ ਕੋਈ ਰਾਹ ਦਿਖਾਵੇ।

ਤੱਪਸਵੀ ਹੋਕੇ ਰਾਹ ਦਸੇਰਾ ਤੇ ਬਣਿਆ ਜਾ ਸਕਦਾ ਹੈ ਪਰ ਸਮਾਜੀ ਤੌਰ ਤੇ ਵਿਚਰਿਆ ਨਹੀ ਜਾ ਸਕਦਾ। ਇੱਥੇ ਹੀ ਬਟਲਰ ਦਾ ਸਿਧਾਂਤ ਕੁਝ ਵਜਾਹਤ ਦੀ ਮੰਗ ਕਰਦਾ ਲਗਦਾ ਹੈ ਤੇ ਜਿਸਦੀਆਂ ਵਜਾਹਤ ਲਈ ਸ਼ਾਖਾਵਾਂ ਹੀ ਨਹੀ ਹਨ। ਜ਼ਿੰਦਗੀ ਤੇ ਉਪਾਵਾਂ ਨਾਲ ਭਰੀ ਹੋਈ ਹੋਣੀ ਚਾਹੀਦੀ ਹੈ।

ਜਿਹੜਾ ਮੰਥਨ ਸਿਜਵਿਕ ਦਾ ਸੋਚਣ ਢੰਗ, ਕਰਦਾ ਹੈ ਉਹ ਬਹੁਤ ਹੀ ਢੁਕਵਾਂ ਲਗਦਾ ਹੈ- ਬਟਲਰ ਦਾ ਇਸਤਰ੍ਹਾਂ ਦਾ ਵਿਚਾਰ ਕਟਿਹਰੇ ਵਿਚ ਖੜਾ ਹੋ ਜਾਂਦਾ ਹੈ। ਜ਼ਿੰਦਗੀ ਬਾਰੇ ਬਟਲਰ ਦੀ ਸੋਚ ਤੇ ਉਸਦਾ ਤਰਕ ਤੇ ਖਾਸ ਤੌਰ ਤੇ ਜਦੋ ਉਹ ਕੁਦਰਤ ਦੀ ਗੱਲ ਕਰਦਾ ਹੈ ਤਾਂ ਉਹ ਮਹਿਜ਼ ਇੱਕ ਸਹਿਜ਼ ਮਾਰਗੀ ਫਿਲਾਸਫ਼ਰ ਹੀ ਦਿਸਦਾ ਹੈ। ਇਸ ਵਿਚਾਰ ਨੂੰ ਇਸਤਰ੍ਹਾਂ ਵੀ ਲਿਆ ਜਾ ਸਕਦਾ ਹੈ ਕਿ ਕੁਦਰਤ ਵਾਂਗ ਜੀਵੋ ਤੇ ਕੁਦਰਤ ਵਾਂਗ ਜੀਣਾ ਤਰਕ ਅਧਾਰਿਤ ਹੋਣਾ ਚਾਹੀਦਾ ਹੈ। ਸਬੰਧਿਤ ਇਤਰਾਜ਼ ਇਹ ਹੈ ਕਿ ਜੇ ਦੋਵੇਂ ਜ਼ਮੀਰ ਤੇ ਆਹੰਮ ਨਾਲ ਪਿਆਰ ਆਮ ਤੌਰ ਤੇ ਆਪੋ ਵਿਚ ਆਪਾ ਵਿਰੋਧੀ ਨਹੀ ਹੋ ਸਕਦੇ ਤਾਂ ਜ਼ਮੀਰ ਸਿਰਫ ਸਾਨੂੰ ਹੁਕਮ ਹੀ ਕਰ ਰਹੀ ਹੋਵੇਗੀ ਕਿ ਕੀ ਠੀਕ ਹੈ ਤੇ ਕੀ ਠੀਕ ਨਹੀ ਹੈ, ਤੇ ਸੁਆਲ ਇਹ ਹੈ ਕਿ ਆਪਣੇ ਆਪ ਨਾਲ ਪਿਆਰ ਕਰਨ ਨੂੰ ਕਿਹੜੀ ਤਕੜੀ ਵਿਚ ਤੋਲੋਗੇ? ਨਤੀਜਾ ਇਹ ਨਿਕਲੇਗਾ ਕਿ ਜ਼ਮੀਰ ਕੋਈ ਵਖਰੀ ਸ਼ਕਤੀ ਨਹੀ ਹੈ, ਇਹ ਉਹੋ ਹੀ ਹੈ ਜੋ ਤੁਸੀਂ ਠੀਕ ਸਮਝਦੇ ਹੋ।

ਇੱਕ ਹੋਰ ਫਿਲਾਸਫਰ ਸਟਰਗਨ ਇਸ ਬਾਰੇ ਇਉਂ ਕਹਿੰਦਾ ਹੈ ਕਿ ਇੱਕ ਵਖਰੇ ਸੋਚਣ ਦਾ ਢੰਗ ਜੋ ਜ਼ਮੀਰ ਨੂੰ ਹੀ ਸਰਵਉੱਚ ਮੰਨਦਾ ਹੈ, ਉਸਦੇ ਦੂਜੇ ਸੋਚਣ ਵਾਲੇ ਨਾਲ ਵਖਰੇਵਾਂ ਹੋ ਸਕਦਾ ਹੈ ਫਿਰ ਕਿਸਦੀ ਜ਼ਮੀਰ ਜ਼ਮੀਨੀ ਹੋਈ?

ਬਟਲਰ ਇਹ ਕਹਿੰਦਾ ਹੈ ਕਿ ਨੇਕ ਕੰਮ ਉਹ ਹਨ ਜੋ ਕੁਦਰਤ ਦੇ ਅਨੁਸਾਰੀ ਹਨ ਤੇ ਜਿਹੜੇ ਮਨੁੱਖੀ ਕਾਰਜ ਦੁਰਾਚਾਰੀ ਹਨ, ਓਹ ਜ਼ਮੀਰ ਦੇ ਘੇਰੇ ਵਿਚ ਨਹੀ ਆਉਂਦੇ। ਇੱਥੇ ਫੈਸਲਾ ਕਰਨਾ ਔਖਾ ਹੈ ਕਿ ਨੇਕ ਤੇ ਦੁਰਾਚਾਰੀ ਕਾਰਜਾਂ ਦਾ ਅਧਾਰ ਕੀ ਹੈ?

ਸਰਟਜਨ ਦਾ ਕਹਿੰਣਾ ਹੈ ਕਿ ਕੁਦਰਤ ਦੇ ਅਸੂਲ ਤੇ ਦੈਵੀ ਸੋਚ ਅਨੁਸਾਰ ਜ਼ਮੀਰ ਦਾ ਚੌਖਟਾ ਘੜ ਲੈਣਾ, ਐਵੇਂ ਵਾਧੂ ਜਿਹੀ ਗੱਲ ਹੈ ਜਿਸਦਾ ਕੋਈ ਮੁੱਲ ਨਹੀ ਹੈ।

ਇਸਦਾ ਇੱਕ ਕਾਰਣ ਇਹ ਹੈ ਕਿ ਜ਼ਮੀਰ ਸਾਨੂੰ ਇਸ਼ਾਰਾ ਕਰਦੀ ਹੈ ਕਿ ਕਿਹੜਾ ਕਾਰਜ ਗਲਤ ਹੈ ਤੇ ਇਹ ਗਲਤ ਕਰਨ ਦਾ ਫੈਸਲਾ ਸਾਡੀ ਕੁਦਰਤ ਪ੍ਰਤੀ ਪਹੁੰਚ ਤੇ ਮੁਨਸਰ ਕਰਦਾ ਹੈ। ਸਿਧਾਤਾਂ ਦੇ ਆਪਸੀ ਵਿਰੋਧਭਾਸ ਕਰਕੇ ਸਾਡਾ ਕੁਦਰਤ ਪ੍ਰਤੀ ਸੰਕਲਪ ਸਥਿਰ ਨਹੀ ਰਹਿੰਦਾ। ਬਹੁਤ ਸਾਰੀਆਂ ਐਸੀਆਂ ਕਿਰਿਆਵਾਂ ਹਨ ਜੋ ਹਨ ਤਾਂ ਕੁਦਰਤੀ ਪਰ ਉਨ੍ਹਾਂ ਨੂੰ ਲੋਕ ਪਹੁੰਚ ਵਿਚੋਂ ਮਨਫੀ ਕਰ ਦਿੱਤਾ ਜਾਂਦਾ ਹੈ ਤੇ ਇਸ ਮਨਫੀ ਪੁਣੇ ਦੇ ਰੁਝਾਂਨ, ਵਖੋ ਵਖਰੇ ਸਮਾਜਿਕ ਰਕਬਿਆਂ ਵਿਚ ਪਾਏ ਜਾਂਦੇ ਹਨ। ਮਸਲਨ ਜਿਵੇਂ ਇੱਕ ਮੁਹਾਵਰਾ ਹੀ ਬਣ ਗਿਆ ਹੈ, ਤਾਲਬਾਨੀ ਸੋਚ।

ਜ਼ਮੀਰ ਆਪਣੇ ਆਪ ਵਿਚ ਇਹ ਨਹੀ ਦਸ ਸਕਦੀ ਕਿ ਇਸਦੀ ਪਹੁੰਚ ਦੇ ਨਵੇਂ ਤੇ ਦੂਰ ਰੱਸ ਸਿੱਟੇ ਕੀ ਹੋ ਸਕਦੇ ਹਨ? ਇਸ ਲਈ ਇਸਦੇ ਵਿਰੋਧ ਵਿਚ ਉਸਰਿਆ ਹੋਇਆ ਕੋਈ ਸਿਧਾਂਤ ਜਿਸਦੇ ਆਪਣੇ ਹੀ ਦਿਸਹਿੱਦੇ ਹੁੰਦੇ ਹਨ, ਉਨ੍ਹਾਂ ਨਾਲ ਇਸਦੇ ਤਰਕ, ਪੂਰਕ ਨਹੀ ਹੁੰਦੇ। ਜ਼ਮੀਰ ਸਿਰਫ ਇਹ ਹੀ ਦਸਦੀ ਹੈ ਜੋ ਉਸਦੀਆਂ ਜੜ੍ਹਾਂ ਵਿਚ ਹੁੰਦਾ ਹੈ ਤੇ ਉਹ ਸਾਨੂੰ ਉਨ੍ਹਾਂ ਮਨੌਤਾਂ ਨੂੰ ਮੰਨਣ ਲਈ ਮਜ਼ਬੂਰ ਕਰਦੀ ਹੈ। ਇਸਦੀ ਕਈ ਉਦਾਹਰਣਾਂ ਹਨ, ਜਿਵੇਂ ਅਸੀਂ ਕਹਿ ਸਕਦੇ ਹਾਂ ਕਿ ਭਰੂਣ ਹਤਿਆ ਦਾ ਰੁਝਾਂਨ ਵੀ ਅਸਿਧੇ ਰੂਪ ਵਿਚ ਇਸੇ ਦੀ ਉਪਜ ਹੈ। ਧਾਰਮਿਕ ਜਨੂੰਨ ਵੀ ਜ਼ਮੀਰ ਦਾ ਨਸ਼ਿਆਇਆ ਹੋਇਆ ਰੂਪ ਸਾਡੇ ਸਮਾਜ ਨੂੰ ਬਿਮਾਰ ਕਰ ਰਿਹਾ ਹੈ। ਔਰਤ ਉੱਤੇ ਹੋ ਰਹੇ ਜ਼ੁਰਮ ਵੀ ਇਸ ਕੈਟੇਗਰੀ ਵਿਚ ਲਿਆਂਦੇ ਜਾ ਸਕਦੇ ਹਨ। ਖਾਪ ਪੰਚਾਇਤਾਂ ਦੀ ਸੋਚ, ਔਨਰ ਕਿਲਿੰਗ – ਇਹ ਸਭ ਉਹ ਵਰਤਾਰੇ ਹਨ ਜਿਨ੍ਹਾਂ ਨੂੰ ਅਸੀਂ ਆਪਣੀ ਇੱਜਤ ਨਾਲ ਜੋੜ ਕੇ ਵੇਖਦੇ ਹਾਂ ਤੇ ਇਹ ਇੱਜਤ ਸਾਡੇ ਅਵਚੇਤਨ ਵਿਚ ਪਈ ਹੋਈ ਜ਼ਮੀਰ ਦਾ ਹੀ ਪ੍ਰਤੀਰੂਪ ਹੈ।

ਮਸਲਾ ਜ਼ਮੀਰ ਨੂੰ ਨਿਖੇੜਣ ਦਾ ਨਹੀ ਸਗੋਂ ਨਵੀਆਂ ਪਰਸਥਿਤੀਆਂ ਅਨੁਸਾਰ ਜ਼ਮੀਰ ਨੂੰ ਨਵਿਆਉਂਣ ਦਾ ਹੈ। ਇਹ ਕੋਈ ਅਸਾਨ ਕੰਮ ਨਹੀ ਹੈ। ਸਾਂਝੀ ਸਮਾਜਿਕ ਚੇਤਨਾ ਨੂੰ ਉਭਾਰਨ ਦੀ ਲੋੜ ਹੈ। ਸਦੀਆਂ ਤੋਂ ਆ ਰਹੀ, ਵਰਣਮਾਲਾ, ਦਾਸੀ ਪ੍ਰਥਾ, ਤੇ ਮਰਦ ਪ੍ਰਧਾਨ ਸਮਾਜ ਨੂੰ ਬਦਲਣ ਦੀ ਲੋੜ ਹੈ। ਇਸਦਾ ਮਤਲਬ ਇਹ ਨਹੀ ਹੈ ਕਿ ਮਰਦ ਸਮਾਜ ਪ੍ਰਤੀ ਨਾਂਹ ਪੱਖੀ ਕੁਝ ਕਰਨ ਦੀ ਲੋੜ ਹੈ ਸਗੋਂ ਉਸਦੇ ਅਰਧ ਬਾਰੇ ਸਹੀ ਪਹੁੰਚ ਅਪਣਾ ਕੇ ਹੋਰ ਵੀ ਬੇਹਤਰ ਬਨਾਉਣ ਦੀ ਲੋੜ ਹੈ। ਸਾਨੂੰ ਇਹ ਨਾ ਕਹਿੰਣਾ ਪਵੇ ਕਿ ਸਾਡੀ ਧੀ ਤੇ ਸਾਡਾ ਪੁੱਤ ਹੈ। ਕਿਉਂ ਪੁੱਤ ਹੈ? ਕੀ ਧੀ ਦਾ ਔਰਤਪਣ ਕਿਸੇ ਆੜੇ ਆ ਰਿਹਾ ਹੈ? ਕਿਸੇ ਵੀ ਸਮਾਜ ਦਾ ਰੁਤਬਾ, ਉਸ ਸਮਾਜ ਦੀ ਔਰਤ ਦੇ ਸਵੈਮਾਣ ਤੋਂ ਹੀ ਲਗਾਇਆ ਜਾ ਸਕਦਾ ਹੈ। ਇੱਥੇ ਹੀ ਆਪਣੇ ਅੰਦਰ ਹੋਈ ਅਵਚੇਤਨ ਦੀ ਗਰਦ ਨੂੰ ਸਾਫ਼ ਕਰਦੇ ਹੋਏ ਆਪਣੀ ਜ਼ਮੀਰ ਦੇ ਨਵੇਂ ਮਾਇਨੇ ਤਲਾਸ਼ ਕਰ ਸਕਦੇ ਹਾਂ।

ਇਸ ਰਾਹ ਪਏ ਹੋਏ ਹੀ ਅਸੀਂ ਆਪਣੇ ਅੰਦਰ ਪਈ ਹੋਈ ਕਥਿਤ ਜ਼ਮੀਰ ਦੀ

ਹੁਕਮਰਾਨੀ ਦਾ ਬੁਤ-ਸ਼ਿਕਨ ਕਰ ਸਕਦੇ ਹਾਂ।

ਇਸਦੇ ਦੂਸਰੇ ਪੱਖ ਨੂੰ ਵੇਖਦਿਆਂ ਹੋਇਆਂ ਬਟਲਰ ਦਾ ਇਹ ਮੰਨਣਾ ਕਿ ਆਦਰਸ਼ਕ ਪਹੁੰਚ ਹੀ ਜ਼ਮੀਰ ਨੂੰ ਅਸਰਦਾਰ ਢੰਗ ਨਾਲ ਨਿਸਚਿਤ ਕਰਦੀ ਹੈ। ਬਟਲਰ ਦੇ ਜ਼ਮੀਰ ਦਾ ਇਸ ਤਰ੍ਹਾਂ ਪੀੜ੍ਹੀਆਂ ਵਿਚ ਉਤਰਾ ਅਧਿਕਾਰੀ ਹੋਣਾ, ਸਮੇਂ ਦੀ ਲੋੜ ਨਹੀ ਹੈ। ਇਸ ਤਰ੍ਹਾਂ ਜ਼ਮੀਰ ਦੇ ਨਿਸਚਿਤ ਪੂਰਵਜ਼-ਬੁੱਤ ਨੂੰ ਪੂਰੀਆਂ ਸ਼ਰਤਾਂ ਸਹਿਤ ਇੰਤਕਾਲ ਨਹੀ ਕੀਤਾ ਜਾ ਸਕਦਾ। ਵਿਰਸੇ ਸਦਾ ਹੀ ਬਦਲਦੇ ਆਏ ਹਨ। ਅੱਜ ਟੈਕਨੋਲੌਜੀ ਨੇ ਪ੍ਰਚੰਡ ਰੂਪ ਅਖਤਿਆਰ ਕੀਤਾ ਹੋਇਆ ਹੈ, ਗਲੋਬਲ ਤੱਰਕੀ ਨੇ ਸਰਵਾਈਵਲ ਦਾ ਸੰਕਲਪ ਖੜ੍ਹਾ ਕੀਤਾ ਹੋਇਆ ਹੈ। ਇੱਕ ਨਵਾਂ ਅਧਿਕਾਰ ਖੇਤਰ ਖਾਲੀ ਕਿਵੇਂ ਛਡਿਆ ਜਾ ਸਕਦਾ ਹੈ? ਕੀ ਸਾਡਾ ਵਿਰਸਾ ਇਸ ਨਵੇਂ ਅਧਿਕਾਰ ਖੇਤਰ ਨੂੰ ਕਬੂਲ ਕਰਨ ਦੇ ਸਮਰਥ ਨਹੀ ਹੈ? ਜੇ ਨਹੀ ਹੈ ਤਾਂ ਕਿਉਂ ਨਹੀ ਹੈ? ਅਸਲ ਵਿਚ ਵਿਰਸਾ ਤੇ ਨਵਾਂਪਨ ਪੂਰਕ ਹੀ ਨਹੀ ਹਨ, ਇਹ ਹਮੇਸ਼ਾਂ ਵਿਰੋਧ ਵਿਚ ਹੀ ਵਿਚਰੇ ਹਨ। ਸਿਆਣੀਆਂ ਕੌਮਾਂ ਇਸ ਵਿਰੋਧ ਨੂੰ ਜਲਦੀ ਖਤਮ ਕਰ ਲੈਂਦੀਆਂ ਹਨ। ਇੱਥੇ ਅਸੀਂ ਹੀਗਲ ਦਾ ਸਿਧਾਂਤ ਥੀਸਸ, ਐਂਟੀ ਥੀਸਸ ਤੇ ਸੈਂਨਥੀਸਸ ਦਾ ਵੀ ਹਵਾਲਾ ਦੇ ਸਕਦੇ ਹਾਂ, ਜਿਸ ਅਨੁਸਾਰ ਸੈਂਨਥੀਸਸ ਆਪਣੀ ਸੈਲੀਬਰੇਸ਼ਨ ਤੋਂ ਬਾਦ ਜਲਦੀ ਹੀ ਥੀਸਸ ਬਣ ਜਾਂਦਾ ਹੈ ਤੇ ਉਸਦਾ ਨਵੀਆਂ ਪਰਸਥਿਤੀਆਂ ਨਾਲ ਖਹਿਸਰਨਾ ਸ਼ੁਰੂ ਹੋ ਜਾਂਦਾ ਹੈ।

ਬਟਲਰ ਦੇ ਵਿਚਾਰ ਨੂੰ ਵੰਗਾਰਦਿਆਂ ਸਟਰਜਨ ਨੂੰ ਬਹੁਤ ਭਰਪੂਰ ਹੁੰਗਾਰਾ ਮਿਲਿਆ। ਖਾਸ ਤੌਰ ਤੇ ਪੈਨਲਹਮ ਨੇ ਖਾਸ ਤੋਰ ਤੇ ਕਿਹਾ ਕਿ ਬਟਲਰ ਅਸਲ ਵਿਚ "ਪੂਰੀ ਤਰ੍ਹਾਂ, ਕੁਦਰਤੀਪਨ ਵਰਤਾਰੇ ਦੇ ਸਮੁੱਚ ਨੂੰ ਸ਼ਰਧਾ ਭਾਵਨਾ ਨਾਲ ਸਮਰਪਿਤ ਹੈ। ਉਸਨੂੰ ਅਸਲ ਵਿਚ ਇਸ ਜ਼ਮੀਰ ਦੇ ਵਿਚਾਰ ਨੂੰ ਖੁਲਾ ਛੱਡ ਦੇਣਾ ਚਾਹੀਦਾ ਸੀ। ਇਸਦੀ ਬਜਾਇ ਗਲਤ ਤੇ ਠੀਕ ਦੀ ਜਜਮੈਂਟ ਦੀ ਹੋਂਦ ਦਾ ਅਜਾਦਾਨਾ ਰੂਪ ਦੇਣਾ ਚਾਹੀਦਾ ਸੀ, ਇਸਨੂੰ ਇਸਤਰ੍ਹਾਂ ਵੀ ਪ੍ਰਭਸ਼ਿਤ ਕੀਤਾ ਜਾ ਸਕਦਾ ਸੀ ਕਿ ਜ਼ਮੀਰ ਦਾ ਮਸਲਾ ਕੁਦਰਤੀ ਤੇ ਗੈਰ-ਕੁਦਰਤੀ ਵਰਤਾਰਿਆਂ ਦਾ ਸੁਮੇਲ ਹੈ।

## 9

# ਹੁਣ ਤੁਹਾਡੀ ਵਾਰੀ ਹੈ

ਮਰ ਰਿਹਾ ਫਕੀਰ ਅਜੇ ਵੀ ਜ਼ਿੰਦਾ ਸੀ ਤੇ ਖੁਸ਼ ਸੀ, ਆਖਰੀ ਘੜੀਆਂ ਵਿਚ ਵੀ ਉਹ ਖਿੜਕੀ ਦੇ ਬਾਹਰ ਵੇਖ ਰਿਹਾ ਸੀ, ਜਾਨਣ ਵਾਲੇ ਉਸਦੇ ਮੰਜੇ ਦੇ ਦੁਆਲੇ ਖੜੇ, ਉਸਦੀ ਮੌਤ ਦਾ ਇੰਤਜਾਰ ਕਰ ਰਹੇ ਸਨ।

ਪੁੱਛ ਲਵੋ, ਦੋਸਤੋ, ਜੇ ਕੋਈ ਸੁਆਲ ਹੈ ਤਾਂ? ਸ਼ਾਇਦ ਮੈਂ ਕੋਈ ਮਦਦ ਕਰ ਸਕਾਂ।

ਉਸਦੇ ਬੋਲਦਿਆਂ ਹੀ ਸੁਆਲਾਂ ਦਾ ਪੁਲੰਦਾ ਉਸਦੇ ਸਾਹਮਣੇ ਸੀ। ਫਕੀਰ ਨੇ ਸਭ ਨੂੰ ਸੁਣਿਆ ਤੇ ਫਿਰ ਰੋਣ ਲੱਗ ਪਿਆ। ਤੁਸੀਂ ਤੇ ਮੇਰੀ ਮੌਤ ਦਾ ਉਤਸਵ ਹੀ ਖਰਾਬ ਕਰ ਦਿੱਤਾ। ਸੱਜਣੋਂ ਮੈਨੂੰ ਤੇ ਇੰਝ ਲਗਣ ਲੱਗ ਪਿਆ ਹੈ ਕਿ ਮੈਂ ਤੇ ਇੱਕ ਭੈੜਾ ਮੁਰਸ਼ਦ ਸੀ। ਚਲੋਂ ਕੋਸ਼ਿਸ਼ ਕਰਦਾ ਹਾਂ ਕਿ ਜ਼ਿੰਦਗੀ ਦੇ ਆਖਰੀ ਪਲ ਵਿਚ ਮੈਂ ਆਪਣੇ ਆਪ ਨੂੰ ਸੁਧਾਰ ਸਕਾਂ।

ਫਕੀਰ ਤੇ ਜੋਰ ਨਾਲ ਅੱਖਾਂ ਖੋਲੀਆਂ ਤੇ ਬੋਲਿਆ, "ਮੈਂ ਤੇ ਹਰ ਸਵੇਰ ਚੇਹਰੇ ਤੇ ਮੁਸਕਾਨ ਚਿਪਕਾ ਕੇ ਜਾਗਦਾ ਸੀ। ਮੈਂ ਸਭ ਤੋਂ ਪਹਿਲਾਂ ਚੜ੍ਹਦੇ ਦਿਨ ਨੂੰ ਹੀ ਮਿਲਦਾ ਸੀ। ਇੰਝ ਮਿਲਦਾ ਸੀ ਜਿਵੇਂ ਇਹ ਮੇਰੇ ਲਈ ਪਹਿਲਾ ਦਿਨ ਹੈ ਤੇ ਆਖਰੀ ਵੀ। ਤੇ ਮੈਂ ਇਸਦੀ ਹਰ ਦਿੱਤੀ ਹੋਈ ਬਖਸ਼ਿਸ਼ ਨੂੰ ਕਬੂਲ ਕਰਕੇ ਧੰਨਵਾਦੀ ਹੋਵਾਂਗਾ। ਇਹ ਦਿਨ ਹੀ ਮੈਨੂੰ ਸੰਸਾਰ ਦੀ ਹਰ ਖ਼ੂਬਸੂਰਤ ਵਸਤ ਦੇ ਦਰਸ਼ਨ ਕਰਵਾ ਦੇਵੇਗਾ। ਮੈਂ ਤੁਹਾਡੇ ਨਾਲ ਵੀ ਹਰ ਮਿਲਣੀ ਨੂੰ ਖੁਸ਼ੀ ਨਾਲ ਹੀ ਪ੍ਰਵਾਨ ਕਰਕੇ ਖੁਸ਼ ਹੁੰਦਾ ਸੀ। ਇੰਝ ਹੀ ਜਿਵੇਂ ਤੁਹਾਡੇ ਨਾਲ ਇਹ ਪਹਿਲੀ ਤੇ ਆਖਰੀ ਮਿਲਣੀ ਹੋਵੇ। ਇਹ ਮੈਨੂੰ ਵਖਰੇ ਸੰਸਾਰ ਵਿਚ ਲੈ ਜਾਂਦੀ ਸੀ। ਮੈਂ ਅਰਦਾਸ ਵਿਚ ਜੁੜਕੇ ਵੀ ਇਸਤਰ੍ਹਾਂ ਹੀ ਸੋਚਦਾ ਸੀ ਕਿ ਇਹ ਮੇਰੀ ਪਹਿਲੀ ਤੇ ਆਖਰੀ ਅਰਦਾਸ ਹੈ। ਰੱਬ ਸੁਣੇਗਾ, ਇਹ ਭਰਮ ਸੀ ਜਾਂ ਨਹੀ, ਮੈਂ ਕਦੇ ਸੋਚਿਆ ਹੀ ਨਹੀ ਸੀ। ਮੇਰੇ ਲਈ ਇਹ ਵੀ ਜ਼ਰੂਰੀ ਸੀ ਕਿ ਕਿਸੇ ਵੀ ਵਸਤ ਜਾਂ ਇਨਸਾਨ ਨੂੰ ਕਦੇ ਵੀ ਨਾ ਭੁਲਾਂ। ਮੈਂ ਆਪਣਾ ਕੰਮ ਵੀ ਬੜੀ ਸ਼ਿਦਤ ਤੇ ਖੁਸ਼ੀ ਨਾਲ ਕਰਦਾ ਸੀ ਤੇ ਉਦੋਂ ਤੱਕ ਕਰਦਾ ਸੀ ਜਦ ਤੱਕ ਥੱਕਕੇ ਚੂਰ ਨਾ ਹੋ ਜਾਵਾਂ। ਇਹ ਵੀ ਸੋਚਦਾ ਸੀ ਕਿ ਸ਼ਾਇਦ ਇਸ ਤੋਂ ਬਾਦ ਮੈਨੂੰ ਹੋਰ ਕੰਮ ਕਰਨਾ ਹੀ ਨਾ ਪਵੇ।

ਰੱਬ ਦੀ ਹਰ ਰਚਨਾ ਦੀ ਸਿਫਤ ਸਲਾਹ ਮੈਂ ਖਿੜੇ ਮੱਥੇ ਕਰਦਾ ਸੀ। ਮੇਰੀ ਅੱਖ ਵਿਚ ਇੱਕ ਐਸੀ ਗੰਭੀਰਤਾ ਹੁੰਦੀ ਜੋ ਦਸਦੀ ਕਿ ਵੇਖ ਲੈ, ਮੁੜ ਮੌਕਾ ਨਹੀ ਮਿਲਣਾ। ਮੈਂ ਸਿਰਫ ਉਸ ਦਿੱਤੇ ਦਿਨ ਵਿਚ ਹੀ ਜੀਂਣ ਲਈ ਸੰਕਲਪਿਆ ਰਹਿੰਦਾ। ਸਿਰਫ ਅੱਜ ਦਾ ਦਿਨ ਹੀ ਹੈ,

ਇਹ ਕੋਈ ਯਤਨ ਨਹੀ ਸਗੋਂ ਇਸਤਰ੍ਹਾ ਹੀ ਕਰਨਾ ਹੈ, ਇਹੋ ਮੇਰੀ ਚੇਤਨਾ ਸੀ। ਮੈਂ ਰੱਬ ਦੀਆਂ ਵਸਤਾਂ ਵੇਖਦਾ, ਖੁਸ਼ ਹੁੰਦਾ ਤੇ ਸੋਚਦਾ ਕਿ ਮੈਂ ਜੋ ਕਰ ਰਿਹਾ ਹਾਂ, ਇਹੋ ਠੀਕ ਹੈ।

ਤੁਹਾਡੇ ਸੁਆਲ ਸੁਣਕੇ, ਹੁਣ ਮੈਨੂੰ ਅਹਿਸਾਸ ਹੋਇਆ ਹੈ, ਕਿ ਕਰਨ ਲਈ ਤੇ ਬਹੁਤ ਕੁਝ ਰਹਿ ਗਿਆ, ਮੈਨੂੰ ਤੇ ਅਜੇ ਹੋਰ ਬਹੁਤ ਦਿਨ ਚਾਹੀਦੇ ਹਨ, ਪਰ ਦੋਸਤੋ, ਹੁਣ ਮੇਰੇ ਕੋਲ ਸਮਾਂ ਨਹੀ ਹੈ।

ਹੁਣ ਤੁਹਾਡੇ ਕੋਲ ਸਮਾਂ ਹੈ, ਮੇਰੇ ਕੋਲ ਨਹੀ ਹੈ। ਬਸ ਇਹੋ ਕਹਿੰਣਾ ਹੈ ਕਿ ਤੁਹਾਡੇ ਕੋਲ ਹਰ ਸੁਆਲ ਦਾ ਜੁਆਬ ਹੋਵੇ, ਜੋ ਮੇਰੇ ਕੋਲ ਨਹੀ ਹੈ। ਗਲਤੀਆਂ ਤੇ ਹੁੰਦੀਆਂ ਹਨ ਪਰ ਦਿਸਦੀਆਂ ਨਹੀ। ਵੇਖਣ ਵਾਲੀ ਅੱਖ ਹੀ ਤੁਹਾਡਾ ਜੁਆਬ ਹੈ।

ਹੁਣ ਤੁਹਾਡੀ ਵਾਰੀ ਹੈ।

10

# ਰਾਈ ਤੇ ਪਹਾੜ

ਰਾਈ ਦਾ ਪਹਾੜ ਬਨਾਉਣਾ ਤੇ ਇਨ੍ਹਾਂ ਦਾ ਮੁਕਾਬਲਾ ਕਰਨਾ ਦੋ ਵਖਰੀਆਂ ਚੀਜਾਂ ਹਨ। ਅਸਲ ਵਿਚ ਪਹਾੜ ਹੁੰਦਾ ਹੀ ਰਾਈਆਂ ਦੇ ਸੰਗ੍ਰਹਿ ਦਾ ਹੈ। ਸਮਸਿਆ ਇਹ ਨਹੀ ਕਿ ਕੁਝ ਕਰਨ ਨੁੰ ਨਹੀ ਹੈ, ਸਮਸਿਆ ਹੈ ਕਿ ਅਸੀਂ ਪਹਾੜ ਬਾਰੇ ਸੋਚਦੇ ਹਾਂ। ਸਾਡੇ ਗਟਰ ਭਰੇ ਪਏ ਹਨ ਤੇ ਅਸੀਂ ਬੀਨਾਂ ਵਜਾਉਣ ਵਿਚ ਮਸਤ ਹਾਂ। ਵਡੀਆਂ ਵਡੀਆ ਪੋਥੀਆਂ ਦੀ ਬੀਨ੍ਹਾਂ।

ਬਦ ਕਿਸਮਤੀ ਇਹ ਹੈ ਕਿ ਅਸੀਂ ਇੱਕ ਚੀਜ਼ ਬਿਲਕੁਲ ਹੀ ਗਵਾ ਬੈਠੇ ਹਾਂ। ਉਹ ਹੈ ਵਿਸ਼ਵਾਸ਼। ਸਾਡੇ ਵਿਚ ਪਾੜਾ ਪੈ ਗਿਆ ਹੈ। ਜਿਸਨੂੰ ਸਿਰਫ ਵਿਸ਼ਵਾਸ਼ ਦੀ ਮਿੱਟੀ ਨਾਲ ਹੀ ਭਰਿਆ ਜਾ ਸਕਦਾ ਹੈ। ਜਿਤਨਾ ਚਿਰ ਸਮਾਜ ਨੂੰ ਜੋੜਨ ਦਾ ਕੰਮ ਨਹੀ ਹੋਵੇਗਾ, ਕੁਝ ਨਹੀ ਹੋਵੇਗਾ। ਵੇਖਣ ਨੂੰ ਇਹ ਯਥਾਰਥਕ ਨਹੀ ਲਗਦਾ ਮੂਲ ਰੂਪ ਵਿਚ ਇਹ ਆਦਰਸ਼ਕ ਲਗਦਾ ਹੈ।

ਅੰਤ ਹਮੇਸ਼ਾਂ ਹੀ ਪਰੇ ਹੁੰਦਾ ਹੈ, ਸੰਸਥਾਵਾਂ ਦਾ ਸੋਹਜ ਨਾਲ ਢਹਿਣਾ ਹੀ ਨਵੇਂ ਉਸਰੀਈਏ ਪੈਦਾ ਕਰਦਾ ਹੈ। ਸਾਡੀਆਂ ਰਵਾਇਤਾਂ ਦੇ ਮੂਲ ਇਤਨੇ ਸੌੜੇ ਹੋ ਗਏ ਹਨ ਕਿ ਆਪਣੇ ਵਿਸ਼ਵਾਸ਼ ਨੂੰ ਨਵੇ ਸਿਰਿਉਂ ਘੋਖਣਾ ਪਵੇਗਾ। ਵਿਸ਼ਵਾਸ਼ ਵਿਚ ਮਿਲਾਵਟ ਨਹੀ ਹੁੰਦੀ, ਇੱਕ ਗੈਰ ਅੱਠਨੀ ਵੀ ਸਾਰੀ ਤਿਜੋਰੀ ਨੂੰ ਮੈਲਾ ਕਰ ਦਿੰਦੀ ਹੈ। ਵਿਸ਼ਵਾਸ਼ ਮੁੜ ਸਥਾਪਿਤ ਕਰਨ ਲਈ ਸਾਂਝੇ ਮਕਸਦ ਜ਼ਿਆਦਾ ਜ਼ਰੂਰੀ ਹਨ। ਜੇ ਹਰ ਕੋਈ ਆਪਣੇ ਹੀ ਹਿੱਤ ਵੇਖੇਗਾ ਤਾਂ ਅਸੀਂ ਸਮਤੋਲ ਪੈਦਾ ਹੀ ਨਹੀ ਕਰ ਸਕਾਂਗੇ। ਇਹ ਸਾਡੀ ਨੈਤਿਕਤਾ ਨੂੰ ਢਾਅ ਲਾਵੇਗਾ। ਨੈਤਿਕਤਾ ਦੇ ਸਿਧਾਂਤ ਹਮੇਸ਼ਾਂ ਸੁਬਕ ਸੋਹਜ਼ ਤੇ ਰੂੜੀਵਾਦ ਤੋਂ ਨਿਰਲੇਪ ਹੁੰਦੇ ਹਨ।

ਪਿੱਛਲੇ ਕੁਝ ਦਹਾਕਿਆਂ ਤੋਂ ਅਸੀਂ ਵੇਖ ਸਕਦੇ ਹਾਂ ਕਿ ਦੁਨੀਆਂ ਅਰਥ-ਵਿਵਸਥਾ ਦੇ ਦੁਆਲੇ ਘੁੰਮੀ ਜਾਂਦੀ ਹੈ। ਪੈਸੇ ਦੀ ਤਾਕਤ ਨੂੰ ਅਸੀਂ ਭੂਰੀ ਦੀ ਬੁਕਲ ਵਾਂਗ ਲਪੇਟ ਲਿਆ ਹੈ। ਦੁਨੀਆਂ ਦੇ ਕਿਸੇ ਵੀ ਖਿੱਤੇ ਨੂੰ ਵੇਖ ਲਵੋ, ਅਮਰੀਕਾ ਤੋ ਲੈਕੇ ਕਿਸੇ ਵੀ ਅੰਡਰ ਡਿਵੈਲਪ ਦੇਸ਼ ਨੂੰ ਹਰ ਸਿਸਟਮ ਨੇ ਆਪਣੀ ਬੁਣਤਰ ਨੂੰ ਅਰਥ- ਵਿਵਸਥਾ ਦੁਆਲੇ ਹੀ ਬੁਣ ਲਿਆ ਹੈ, ਨਤੀਜਨ ਸਾਡੇ ਵਿਸ਼ਵਾਸ਼ ਦੇ ਅਲਪ-ਅੰਸ਼ ਵੀ ਉਡਦੀ ਰੇਤ ਵਰਗੇ ਹੋ ਗਏ ਹਨ। ਸਾਡੀਆਂ ਜ਼ਿੰਦਗੀਆਂ ਵਿਚੋਂ ਆਦਰਸ਼ ਗਾਇਬ ਹੀ ਹੋ ਗਿਆ ਹੈ ਤੇ ਉਸਦੀ ਜਗ੍ਹਾ ਯਥਾਰਥ ਨੇ ਲੈ ਲਈ ਹੈ। ਕੀ ਹੈ ਇਹ ਯਥਾਰਥ, ਜਿਸਦੀ ਅਸੀਂ ਡੋਂਡੀ ਪਿੱਟ ਰਹੇ ਹਾਂ?ਅੱਜ ਆਦਰਸ਼ ਪਿਛਾਂ ਖਿਚੂ ਤੇ ਯਥਾਰਥ ਅਗਾਂਹ ਵਧੂ ਬਣ ਗਿਆ ਹੈ। ਮਨੁੱਖ ਇਤਨਾ ਆਪਣੇ ਆਪ ਵਿਚ ਸੁੰਘੜ ਗਿਆ ਹੈ ਕਿ ਬਿਨ੍ਹਾਂ ਲੋੜ ਤੋਂ ਦਿਸਣਾ ਹੀ ਬੰਦ ਹੋ ਗਿਆ ਹੈ।

ਹਸੋਗੇ ਪਰ ਤੁਹਾਨੂੰ ਕੋਈ ਰੋਕ ਨਹੀ ਸਕਦਾ, ਜਦ ਮੈਂ ਇਹ ਕਹਾਂ ਕਿ ਬਾਰਟਰ

ਸਿਸਟਮ ਖਤਮ ਹੋ ਗਿਆ ਹੈ ਪਰ ਉਹ ਸਾਡੇ ਜ਼ਹਿਨ ਵਿਚ ਜ਼ਿੰਦਾ ਹੈ, ਤਾਂ ਹੀ ਤੇ ਅਸੀਂ ਝੋਰਾ ਕਰਦੇ ਹਾਂ, ਪੁਰਾਣੀਆਂ ਕੀਮਤਾਂ ਦਾ, ਪਰ ਮੰਨਦੇ ਨਹੀ। ਚਵਾਨੀ ਨੇ ਬਾਰਟਰ ਸਿਸਟਮ ਦੀ ਤਕੜੀ ਬਣਨ ਲਈ ਹੀ ਜਨਮ ਲਿਆ ਸੀ ਪਰ ਅੱਜ ਉਹੋ ਚਵਾਨੀ, ਕੁਝ ਲੋਕਾਂ ਦੀ ਮਲਕੀਅਤ ਬਣ ਗਈ ਹੈ, ਜਿਨ੍ਹਾਂ ਦੀਆਂ ਬੁਨਿਆਦੀ ਲੋੜਾਂ ਬੇਸ਼ਕ ਖਤਮ ਹੋ ਗਈਆਂ ਹਨ ਪਰ ਅੰਦਰ ਕੁਰਲਾਹਟ ਮਚੀ ਹੋਈ ਹੈ ਤੇ ਉਨ੍ਹਾਂ ਨੂੰ ਪਤਾ ਹੀ ਨਹੀ ਕਿ ਉਹ ਚਾਹੁੰਦੇ ਕੀ ਹਨ। 'ਮੈਂ ਨਾ ਮਾਨੂੰ' ਦਾ ਜਿੰਨ ਸਾਡੇ ਵੇਹੜੇ ਸਾਡੀ ਦਾਦੀ ਵਾਂਗ ਤੁਰਿਆ ਫਿਰਦਾ ਹੈ।

ਹੁਣ ਆਈਏ ਰਾਈ ਤੇ ਪਹਾੜ ਦੀ ਗੱਲ ਤੇ। ਇੱਕ ਕਤਰਾ ਤੇ ਦੂਜਾ ਸੰਗ੍ਰਹਿ। ਰਾਈ ਵਾਲੀ ਰੇਤ ਉਡਦੀ ਹੈ ਤੇ ਅੱਖਾਂ ਵਿਚ ਪੈਂਦੀ ਹੈ ਪਰ ਪਹਾੜ ਕਿਤੇ ਨਹੀ ਜਾਂਦਾ। ਉਡਦੀ ਹੋਈ ਰਾਈ ਬੇਚੈਨ ਹੈ ਕਿਉਂਕਿ ਉਹ ਉਸ ਪਹਾੜ ਦੀ ਰਾਈ ਹੈ ਜੋ ਅਸੀਂ ਆਪ ਉਸਾਰਿਆ ਹੈ।

ਬਾਕੀ ਤੁਸੀਂ ਸਿਆਣੇ ਹੋ, ਰੇਤ ਦੇ ਕਿਣਕੇ ਹੋ। ਤੁਹਾਡੇ ਵਸ ਵਿਚ ਹੈ ਆਪਣਾ ਨਿਤਰਿਆ ਪਹਾੜ ਬਨਾਉਣਾ।

## 11

# ਚੋਣ ਤੁਹਾਡੀ ਆਪਣੀ ਹੈ

ਬਹੁਤ ਠੰਡ ਦਾ ਮੌਸਮ ਸੀ, ਇਤਨੀ ਠੰਡ ਕਿ ਛੋਟੇ ਜਾਨਵਰ ਤਾਂ ਜੰਮਕੇ ਹੀ ਮਰ ਰਹੇ ਸਨ। ਬਹੁਤ ਸਾਰੇ ਜਾਨਵਰ ਮਾਰੇ ਜਾ ਚੁੱਕੇ ਸਨ। ਗਾਲੜ੍ਹਾਂ ਨੇ ਮਸ਼ਵਰਾ ਕੀਤਾ ਕਿ ਕੁਝ ਕਰਨਾ ਚਾਹੀਦਾ ਹੈ ਇਸਤਰ੍ਹਾਂ ਤਾਂ ਮਾਰੇ ਜਾਵਾਂਗੇ। ਵਡੇ ਤੇ ਸਿਆਣੇ ਗਾਲੜ੍ਹਾਂ ਨੇ ਸਲਾਹ ਦਿੱਤੀ ਕਿ ਇੱਕੋ ਹੱਲ ਹੈ ਕਿ ਇੱਕਠੇ ਹੋ ਜਾਵੋ। ਝੁੰਡ ਬਣਾ ਕੇ ਨਿੱਘ ਪੈਦਾ ਕਰੋ। ਇੱਕ ਦੂਜੇ ਦੇ ਸਰੀਰ ਨਾਲ ਗਰਮੀ ਪੈਦਾ ਹੋਵੇਗੀ ਤੇ ਠੰਡ ਤੋਂ ਬਚਾ ਹੋ ਜਾਵੇਗਾ। ਸਰਬ ਸੰਮਤੀ ਨਾਲ ਫੈਸਲਾ ਹੋ ਗਿਆ ਬਿਲਕੁਲ ਜਿਵੇਂ ਦਿਲੀ ਵਾਲਿਆਂ ਨੇ ਆਮ ਪਾਰਟੀ ਦੀ ਗੱਲ ਮੰਨ ਲਈ। ਪਰ ਇੱਕਠੇ ਬੈਠਣ ਨਾਲ ਇੱਕ ਸਮਸਿਆ ਪੈਦਾ ਹੋ ਗਈ। ਜੁੜ ਬੈਠਣ ਨਾਲ ਨਿੱਘ ਤੇ ਆ ਗਿਆ, ਜਿੰਦਗੀ ਵਿਚ ਆਸਥਾ ਜਾਗ ਪਈ ਪਰ ਇੱਕ ਦੂਜੇ ਦੀਆਂ ਪੂਛਾਂ ਤੇ ਪੈਰਾਂ ਦੇ ਨਹੁੰਦਰਾਂ ਨਾਲ ਇੱਕ ਦੂਜੇ ਦਾ ਸਰੀਰ ਪਛਿਆ ਜਾਣ ਲੱਗਾ ਤੇ ਛੋਟੇ ਮੋਟੇ ਜ਼ਖਮ ਹੋ ਗਏ।

ਨਹੁੰਦਰਾਂ ਤੋਂ ਬਚਣ ਲਈ ਇੱਕ ਦੂਜੇ ਨੂੰ ਪਰੇ ਧਕਣ ਲੱਗੇ ਤੇ ਫਿਰ ਵੇਖਦੇ ਹੀ ਵੇਖਦੇ ਧਕਮ ਧੱਕਾ ਸ਼ੁਰੂ ਹੋ ਗਿਆ। ਵਿਰੋਧ ਵਧ ਗਿਆ ਤੇ ਕੁਝ ਬਹੁਤੇ ਤੱਤੇ ਸੁਭਾਅ ਵਾਲੇ ਝੁੰਡ ਨੂੰ ਛਡ ਫਿਰ ਜੰਗਲ ਵਲ ਨਿਕਲ ਗਏ ਪਰ ਕਿਤੇ ਢੋਈ ਨਾ ਮਿਲੀ ਤੇ ਠੰਡ ਨਾਲ ਮਰਨ ਲੱਗੇ।

ਕੁਝ ਸਮੇਂ ਬਾਦ ਹੀ ਅਹਿਸਾਸ ਹੋ ਗਿਆ ਕਿ ਮਰਨ ਨਾਲੋਂ ਮਾੜੇ ਮੋਟੇ ਜਖਮ ਚੰਗੇ ਸਨ। ਜਖਮ ਸਹਿੰਦਿਆਂ ਦੂਜੇ ਗਾਲੜ੍ਹ ਨੂੰ ਸਮਝਾਇਆ ਜਾ ਸਕਦਾ ਸੀ ਕਿ ਉਹ ਆਪਣੀ

ਨਹੁੰਦਰ ਸੰਭਾਲ ਕੇ ਰਖੇ ਤੇ ਜਾਂ ਇਸਤਰਾਂ ਬੈਠੇ ਕਿ ਤਕਲੀਫ ਘਟ ਹੋਵੇ ਤੇ ਜਖਮ ਵੀ ਘਟ ਹੋਵੇ। ਇਹੋ ਰਸਤਾ ਕਾਰਗਰ ਸੀ। ਠੰਡ ਵਿਚ ਫਰੀਜ਼ ਹੋਣ ਨਾਲੋਂ ਇਸਤਰਾਂ ਜ਼ਿੰਦਗੀ ਤੇ ਬਚ ਸਕਦੀ ਸੀ। ਚੋਣ ਸਾਹਮਣੇ ਸੀ ਇੱਕ ਰਸਤਾ ਚੁਨਣਾ ਪੈਣਾ ਹੈ, ਜਾਂ ਸਾਥੀ ਨਾਲ ਪਿਆਰ ਕਰੋ ਜਾਂ ਠੰਡ ਵਿਚ ਮਰ ਜਾਵੋ ਤੇ ਦੁਨੀਆ ਤੋਂ ਹੀ ਰੁਖਸਤ ਹੋ ਜਾਵੋ।

## 12

# ਲੱਧਾ ਫੇਰੀ ਵਾਲਾ

ਇਹੋ ਕਹਿੰਦੇ ਸੀ ਸਾਰੇ ਉਸਨੂੰ ਲੱਧਾ ਫੇਰੀ ਵਾਲਾ। ਮੈਂ ਤੇ ਮਸੀਂ ਤੀਸਰੀ ਜਮਾਤ ਵਿਚ ਪੜ੍ਹਦਾ ਸੀ, ਮੇਰੇ ਤੋਂ ਵਡਾ ਸਤਵੀਂ ਵਿਚ ਤੇ ਦੋ ਹੋਰ ਸਨ, ਜਿਹੜੇ ਪਾਤਰ ਹਨ ਇਸ ਗੱਲ ਦੇ। ਇੱਕ ਦਾ ਨਾਮ ਡੱਬੀ ਸੀ ਤੇ ਉਨ੍ਹਾਂ ਦਾ ਬਸ ਅੱਡੇ ਤੇ ਚਾਹ ਦਾ ਖੋਖਾ ਸੀ ਤੇ ਦੂਜਾ ਸੇਵਾ ਸੀ। ਡੱਬੀ ਸਾਡੇ ਨਾਲ ਸਕੂਲ ਵੀ ਪੜ੍ਹਦਾ ਸੀ ਤੇ ਸਕੂਲ ਤੋਂ ਬਾਦ ਆਪਣੇ ਬਾਪੂ ਨਾਲ ਚਾਹ ਦੇ ਖੋਖੇ ਤੇ ਕੰਮ ਕਰਾਉਂਦਾ ਹੁੰਦਾ ਸੀ। ਇਹ ਸਰਹਾਲੀ ਕਲਾਂ ਪਿੰਡ ਦੀ ਗੱਲ ਹੈ, ਜਿੱਥੇ ਮੇਰਾ ਬਾਪੂ ਪੁਲੀਸ ਦੀ ਨੌਕਰੀ ਕਰਦੇ ਸੀ। ਵਡਾ ਪਿੰਡ ਤੇ ਲੋਕ ਵੀ ਖਾੜਕੂ, ਇੱਕ ਪਿੰਡ ਵਿਚ ਹੀ ਦੋ ਪੁਲੀਸ ਸਟੇਸ਼ਨ ਸਨ। ਵੱਡਾ ਥਾਣਾ ਬਾਹਰ ਅੱਡੇ ਤੇ ਸੀ ਤੇ ਪੁਲੀਸ ਚੌਂਕੀ ਪਿੰਡ ਵੜਦਿਆਂ ਹੀ ਸੀ। ਬਾਪੂ ਸਾਡੇ ਚੌਂਕੀ ਵਿਚ ਮੁਨਸ਼ੀ ਸਨ। ਅਸੀਂ ਪਿੰਡ ਵਿਚ ਇੱਕ ਚੁਬਾਰੇ ਵਿਚ ਰਹਿੰਦੇ ਸਾਂ। ਪੌੜੀਆ ਚੜ੍ਹਕੇ ਖੁਲਾ ਵੇਹੜਾ ਸੀ ਚੁਬਾਰੇ ਦਾ, ਵੇਹੜੇ ਵਿਚ ਹੀ ਰਸੋਈ ਤੇ ਤਿੰਨ ਕਮਰੇ ਸਨ। ਇਹ ਪਿੰਡ ਦੇ ਬਜ਼ਾਰ ਵਿਚ ਸੀ। ਥੱਲੇ ਵੀ ਇੱਕ ਖੁਲ੍ਹਾ ਵਰਾਂਡਾ ਤੇ ਦੋ ਕਮਰਿਆਂ ਦਾ ਸੈੱਟ ਸੀ ਤੇ ਬਾਹਰ ਦੋ ਕਮਰੇ ਹੋਰ ਸਨ ਜਿਨ੍ਹਾਂ ਵਿਚੋਂ ਇੱਕ ਵਿਚ ਲੱਧਾ ਫੇਰੀ ਵਾਲਾ ਰਹਿੰਦਾ ਸੀ।

ਨਿਆਣੇਂ ਵੀ ਬਾਬਾ ਲਧਾ ਹੀ ਸਦਦੇ ਸਨ ਪਰ ਉਸਦਾ ਬਹੁਤਾ ਵਾਹ ਨਹੀ ਰਹਿੰਦਾ ਸੀ ਆਸ ਪਾਸ ਦੇ ਲੋਕਾਂ ਨਾਲ। ਸਵੇਰੇ ਸਵੇਰੇ ਉੱਠਕੇ ਉਹ ਦਾਤਨ ਮੂੰਹ ਵਿਚ ਪਾਕੇ ਜੰਗਲ ਪਾਣੀ ਲਈ ਨਿਕਲ ਜਾਂਦਾ ਤੇ ਆਕੇ ਆਪਣਾ ਸਾਇਕਲ ਬਾਹਰ ਕਢਦਾ ਤੇ ਉਸਦੇ ਵਡੇ ਸਾਰੇ ਕੈਰੀਅਲ ਤੇ ਕਪੜਿਆਂ ਦੀ ਪੰਡ ਬੰਨ੍ਹੀ ਹੁੰਦੀ ਸੀ। ਸਾਇਕਲ ਦੇ ਡੰਡੇ ਨਾਲ ਇੱਕ ਬੋਰੀ ਬੰਨ੍ਹਕੇ ਰਖਦਾ ਸੀ ਤੇ ਉਸ ਵਿਚ ਕਣਕ ਤੇ ਹੋਰ ਵਸਤਾਂ ਹੁੰਦੀਆਂ ਸਨ, ਜੋ ਉਹ ਕਪੜਿਆਂ ਦੇ ਇਵਜ਼ ਲੈਂਦਾ ਸੀ। ਹੈਂਡਲ ਨਾਲ ਲੋਹੇ ਦੀ ਟੋਕਰੀ, ਤੇ ਉਸ ਵਿਚ ਸ਼ਾਮ ਨੂੰ ਖਾਣ ਪੀਣ ਦਾ ਸਮਾਨ ਲਿਆਉਂਦਾ ਸੀ ਤੇ ਆਕੇ ਆਪ ਹੀ ਰੋਟੀ ਟੁੱਕ ਕਰਦਾ। ਉਸਦੇ ਕਮਰੇ ਦਾ ਨਕਸ਼ਾ ਵੀ ਦਸਣਾ ਜ਼ਰੂਰੀ ਹੈ ਕਿਉਂਕਿ ਇਹ ਕਮਰਾ ਵੀ ਇੱਕ ਪਾਤਰ ਵਾਂਗ ਹੀ ਹੈ। ਵਿਚਾਲੇ ਦਰਵਾਜ਼ਾ ਤੇ ਦੋਵੇਂ ਪਾਸੇ ਖਿੜਕੀਆਂ ਸਨ, ਖਿੜਕੀਆਂ ਤੇ ਤੱਖਤੇ ਲੱਗੇ ਹੋਏ ਸਨ ਜੋ ਚਿਟਕਣੀ ਨਾਲ ਅੰਦਰੋਂ ਬੰਦ

ਹੁੰਦੇ ਸਨ ਤੇ ਵਿਚ ਲੋਹੇ ਦੀਆਂ ਰਾਡਾਂ ਲਗੀਆਂ ਸਨ। ਰਾਤ ਨੂੰ ਇਹ ਤਖਤੇ ਤੇ ਖੁਲੇ ਹੁੰਦੇ ਤੇ ਹਵਾ ਲਈ ਰਾਡਾਂ ਸਨ ਤੇ ਉਸਦੀ ਸੁਰਖਿਆ ਦੀ ਜ਼ਾਮਨ ਵੀ।

ਕਦੇ ਕਦੇ ਆਸੇ ਪਾਸੇ ਦੀਆਂ ਔਰਤਾਂ ਉਹਦੇ ਕੋਲੋਂ ਨਿਆਣਿਆਂ ਲਈ ਕਪੜੇ ਵੀ ਲੈਂਦੀਆਂ ਸਨ। ਅਸੀਂ ਨਿਆਣੇ ਆਪਣੇ ਅੱਖੀ ਵੇਖਦੇ ਸੀ। ਜੇ ਕਿਸੇ ਨੇ ਫਾਟਾਂ ਵਾਲਾ ਪਜਾਮਾ ਲੈ ਲਿਆ ਜਾਂ ਕੁੜਤੇ ਲਈ ਕਪੜਾ ਪੜਵਾ ਲਿਆ ਤਾਂ ਬਾਬੇ ਲੱਧੇ ਨੇ ਭਾਅ ਦਸਣਾ। ਇਹ ਕਦੇ ਵੀ ਨਹੀ ਹੋਇਆ ਕਿ ਉਸਦੇ ਦਸੇ ਭਾਅ ਨੂੰ ਕਿਸੇ ਔਰਤ ਨੇ ਮੰਨਜ਼ੂਰ ਕਰ ਲਿਆ ਹੋਵੇ। ਨਹੀ ਬਈ ਲਧਿਆ ਇਹ ਜ਼ਿਆਦਾ ਹਨ, ਅੱਗੋਂ ਲਧੇ ਨੇ ਕਹਿੰਣਾ, "ਤੁਸੀਂ ਜੋ ਮਰਜੀ ਦੇ ਦੇਵੋ, ਨਿਆਣੇ ਦੇ ਕਪੜੇ ਦਾ ਕੀ ਭਾਅ ਕਰਨਾ"। ਕਦੇ ਨਹੀ ਸੀ ਆਪਣਾ ਦੂਜਾ ਭਾਅ ਦਸਿਆ। ਹੁਣ ਇਹ ਵੀ ਨਹੀ ਪਤਾ ਕਿ ਉਹ ਭਾਅ ਉਸਨੂੰ ਘਰ ਵੀ ਪੈਂਦਾ ਸੀ ਕਿ ਨਹੀਂ। ਅਸੀਂ ਕਦੇ ਵੀ ਉਸਦਾ ਟੱਬਰ ਨਹੀ ਸੀ ਵੇਖਿਆ। ਕਦੇ ਕਦੇ ਕੋਈ ਮਿਲਣ ਆਉਂਦਾ ਤਾਂ ਲੱਧਾ ਅੰਦਰ ਵੜਕੇ ਹੀ ਉਸਦੀ ਸੇਵਾ ਕਰਦਾ, ਕਿਸੇ ਨੂੰ ਕੰਨੋਂ ਕੰਨ ਖ਼ਬਰ ਨਹੀ ਸੀ ਹੁੰਦੀ।

ਜਦ ਮੈਂ ਵਡਾ ਹੋਇਆ ਤੇ ਕਾਬਲੀ ਵਾਲਾ ਫਿਲਮ ਵੇਖੀ ਤਾਂ ਮੇਰੇ ਸਾਹਮਣੇ ਲਧਾ ਫੇਰੀ ਵਾਲੇ ਦੀ ਮੂਰਤ ਆ ਖੜਦੀ ਤੇ ਬਲਰਾਜ਼ ਸਾਹਨੀ ਨਾਲ ਉਸਦੀ ਰੂਹ ਮਿਲ ਜਾਂਦੀ। ਪੇਮੀ ਦੇ ਨਿਆਣੇ ਕਹਾਣੀ ਪੜ੍ਹਣ ਲੱਗਿਆਂ ਵੀ ਮੈਨੂੰ ਰਾਸ਼ੇ ਦਾ ਚੇਤਾ ਆਉਂਦਾ ਹੈ ਜਿਵੇਂ ਉਹ ਰਾਸ਼ਾ ਨਹੀ ਲੱਧਾ ਹੀ ਹੋਵੇ ਤੇ ਨਿਆਂਣੇ ਐਵੇਂ ਹੀ ਡਰੀ ਜਾਂਦੇ ਹਨ।

ਗਰਮੀਆਂ ਦੇ ਦਿਨ ਸਨ। ਸਾਨੂੰ ਨਿਆਂਣਿਆਂ ਨੂੰ ਗਰਮੀ ਨਾ ਲਗਦੀ ਤੇ ਅਸੀਂ ਦੁਪਿਹਰੇ ਵੀ ਖੇਡਣ ਦੀ ਤਾਕ ਵਿਚ ਹੀ ਰਹਿੰਦੇ ਸਾਂ ਪਰ ਬੀਬੀ ਸਾਨੂੰ ਝਿੜਕ ਕੇ ਕਮਰੇ ਵਿਚ ਹਨੇਰਾ ਕਰਕੇ ਸੌਂਣ ਲਈ ਹੁਕਮ ਚਾੜ ਦਿੰਦੀ। ਮੈਂ ਤੇ ਮੇਰਾ ਭਰਾ ਮਨੋਹਰ ਅੱਖਾਂ ਬੰਦ ਕਰਕੇ ਸੁੱਤੇ ਹੋਣ ਦਾ ਨਾਟਕ ਕਰਦੇ ਪਰ ਸਾਡਾ ਧਿਆਨ ਬਾਹਰ ਉਡੀਕ ਰਹੇ ਸੇਵੇ ਤੇ ਡੱਬੀ ਵਿਚ ਹੁੰਦਾ। ਜਿਉਂ ਹੀ ਇਹ ਪੱਕ ਹੋ ਜਾਂਦਾ ਕਿ ਬੀਬੀ ਸੌਂ ਗਈ ਹੈ ਅਸੀਂ ਮਲਕ ਦੇਣੇ ਦਰਵਾਜਾ ਖੋਲਦੇ ਤੇ ਬਾਹਰ ਨਿਕਲ ਜਾਂਦੇ। ਇੱਕ ਦਿਨ ਅਸੀਂ ਵੇਖਿਆ ਲੱਧੇ ਦੀ ਖਿੜਕੀ ਖੁਲ੍ਹੀ ਹੋਈ ਸੀ, ਅਸੀਂ ਅੰਦਰ ਝਾਕਕੇ ਵੇਖਿਆ ਤਾਂ ਖਿੜਕੀ ਦੇ ਕੋਲ ਹੀ ਕਣਕ ਦੀ ਢੇਰੀ ਲੱਗੀ ਹੋਈ ਸੀ। ਉਨ੍ਹਾਂ ਦਿਨਾਂ ਵਿਚ ਕਣਕ ਦੇਵੋ ਤੇ ਬਜ਼ਾਰੋਂ ਅਮਰੂਦ, ਗਜਰੇਲਾ, ਬਰਫੀ ਕੁਝ ਵੀ ਲੈਕੇ ਖਾ ਲਵੋ। ਮੈਂ ਤੇ ਨਿੱਕਾ ਸੀ ਸਾਰਿਆਂ ਨਾਲੋਂ ਤੇ ਵਡਿਆਂ ਨੇ ਪਤਾ ਨਹੀ ਕੀ ਮਤਾ ਪਕਾਇਆ। ਉਹ ਕਿਤੋਂ ਛਿੱਟੀਆਂ ਵਿਚ ਪਿਆ ਛਾਪਾ ਜਿਹਾ ਲੈ ਆਏ। ਡੱਬੀ ਪਹਿਲੋਂ ਹੀ ਜਿਵੇਂ ਇਹ ਜਾਣਦਾ ਸੀ ਤੇ ਉਸਨੇ ਆਪਣੇ ਖੋਖੇ ਤੋਂ ਕੜਛੀ ਲਿਆਂਦੀ ਹੋਈ ਸੀ। ਕੜਛੀ ਨੂੰ ਛਾਪੇ ਨਾਲ ਬੰਨ੍ਹ ਕੇ ਖਿੜਕੀ ਵਿਚੋਂ ਲੰਘਾਕੇ ਕਣਕ ਦੀ ਲੱਪ ਧੂਹ ਲਈ, ਤਿੰਨ ਚਾਰ ਕੜਛੀਆਂ ਨਾਲ ਹੀ ਇਤਨੀ ਕਣਕ ਹੋ ਗਈ ਕਿ ਅਮਰੂਦ ਆ ਸਕਣ। ਫੇਰ ਤੇ ਰੋਜ਼ ਦਾ ਹੀ ਕੰਮ ਹੋ ਗਿਆ, ਕਦੇ ਹਲਵਾਈ ਤੇ ਕਦੇ ਹਟਵਾਣੀਏਂ ਦੀਆਂ ਖਤਾਈਆਂ ਕਦੇ ਹਲਵਾਈ ਤੋਂ ਗਜ਼ਰੇਲਾ ਖਾਣ ਦਾ ਕੰਮ

ਹੋ ਗਿਆ। ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ, ਇੱਕ ਦਿਨ ਸੇਵਾ ਆਪਣੀ ਬਾਂਹ ਪਾਕੇ ਕਮਾਈ ਕਰ ਹੀ ਰਿਹਾ ਸੀ ਕਿ ਮੇਰਾ ਬਾਪੂ ਆ ਗਿਆ, ਉਸਨੇ ਸਾਇਕਲ ਵੀ ਸਟੈਂਡ ਤੇ ਨਹੀ ਲਾਇਆ ਤੇ ਸਾਡੇ ਸਾਰਿਆਂ ਦੀ ਛਿਤਰੌਲ ਕਰਨ ਲੱਗ ਪਿਆ। ਰੌਲਾ ਪੈ ਗਿਆ, ਬੀਬੀ ਵੀ ਉੱਠ ਪਈ, ਡਰ ਉਹ ਵੀ ਰਹੀ ਸੀ, ਬਾਪੂ ਨੂੰ ਚੰਡੀ ਚੜੀ ਹੋਈ ਸੀ। ਉਹਦੇ ਵਿਚ ਪੁਲਸੀਆ ਆ ਵੜਿਆ ਸੀ, ਸੇਵਾ ਅੱਜ ਗੱਲ ਹੀ ਸਹਿਲਾ ਰਿਹਾ ਹੁੰਦਾ ਤਾਂ ਦੂਜਾ ਥੱਪੜ ਮਨੋਹਰ ਦੇ ਮੇਰੇ ਮਾਰਨ ਲੱਗਿਆਂ ਬਾਪੂ ਹੱਥ ਹੌਲਾ ਰਖਦਾ ਸੀ।

ਬਾਪੂ ਲੱਧੇ ਨੂੰ ਉਡੀਕਦਾ ਸੀ ਤੇ ਬਾਬਾ ਲਧਾ ਵੀ ਲੌਡੇ ਵੇਲੇ ਆ ਗਿਆ। ਸਾਇਕਲ ਦੀ ਟੋਕਰੀ ਵਿਚ ਦਾਣੇ ਭੁਣਾ ਕੇ ਪਾਏ ਹੋਏ ਸਨ। ਬਾਬੇ ਨੂੰ ਆਉਂਦੇ ਨੂੰ ਹੀ ਬਾਪੂ ਨੇ ਅਵਾਜ਼ ਮਾਰ ਲਈ। ਬਾਬਾ ਲੱਧਾ ਪੌੜੀਆਂ ਚੜ੍ਹ ਆਇਆ। ਪਹਿਲਾਂ ਤਾਂ ਬਾਬੇ ਨੂੰ ਸਿਕੰਜਵੀਂ ਪਿਆਈ ਗਈ ਤੇ ਫੇਰ ਨਿਆਣਿਆਂ ਦੀ ਕਰਤੂਤ ਦੱਸਕੇ ਬਾਪੂ ਨੇ ਕਿਹਾ, "ਭਾਅ ਜਾਕੇ ਵੇਖ, ਤੇਰਾ ਕਿਤਨਾ ਕੁ ਨੁਕਸਾਨ ਹੋਇਆ ਹੈ, ਮੈਂ ਤੇ ਦੋਵਾਂ ਨਿਆਣਿਆਂ ਦੇ ਟੱਬਰ ਤੇਰਾ ਨੁਕਸਾਨ ਭਰਾਂਗੇ"।

ਬਾਪੂ ਦੀ ਗੱਲ ਸੁਣਕੇ ਬਾਬਾ ਲਧਾ ਹਸਣ ਲੱਗ ਪਿਆ। ਬੋਲਿਆ "ਗੁਰਨਾਮ ਸਿੰਆਂ, ਮੈਨੂੰ ਤਾਂ ਪਹਿਲੇ ਦਿਨ ਦਾ ਹੀ ਪਤਾ ਹੈ। ਪਹਿਲੇ ਦਿਨ ਹੀ ਜਦੋਂ ਕੜਛੀ ਦਾ ਟੱਕ ਵਜਿਆ ਸੀ ਤਾਂ ਮੈਂ ਸਮਝ ਗਿਆ ਸੀ, ਪਰ ਵੇਖ ਨਾ ਭਾਅ, ਇਹ ਨਿਆਣੇਂ ਹਨ, ਜੇ ਮੈਂ ਆਪ ਲਿਆ ਕੇ ਕੁਝ ਦੇਵਾਂ ਤਾਂ ਤੁਸੀਂ ਕਹਿੰਣਾ ਕਿ ਨਹੀ, ਮੈਂ ਤਾਂ ਸਗੋਂ ਸਵੇਰੇ ਜਾਣ ਲੱਗਿਆਂ ਢੇਰੀ, ਖਿੜਕੀ ਦੇ ਲਾਗੇ ਕਰ ਦਿੰਦਾ ਹਾਂ, ਕਿਤੇ ਇਹ ਤੰਗ ਨਾ ਹੋਣ। ਤੂੰ ਤੇ ਇਨ੍ਹਾਂ ਨੂੰ ਫੜਕੇ ਸਾਰਾ ਮਜ਼ਾ ਹੀ ਕਿਰਕਿਰਾ ਕਰ ਦਿੱਤਾ, ਕਰ ਦਿੱਤੀ ਨਾ ਪੁਲਸੀਆ ਵਾਲੀ ਗੱਲ।"

ਸੋ ਦੋਸਤੋ ਇਹ ਹੈ ਸਾਡੀ ਪੰਜਾਬੀ ਸੰਵੇਦਨਾ, ਜੋ ਦਿਨੋ ਦਿਨ ਗੁਆਚ ਰਹੀ ਹੈ, ਕਿਰ ਰਹੀ ਹੈ। ਮੈਨੂੰ ਨਹੀ ਪਤਾ ਕਿ ਬਾਬਾ ਲਧੇ ਦਾ ਪਰਿਵਾਰ ਕਿੱਥੇ ਸੀ, ਉਸਦੇ ਨਿਆਣੇ ਸਨ ਕਿ ਨਹੀ, ਉਹ ਕਿਉਂ ਬਿਗਾਨੇ ਪਿੰਡ ਰਹਿੰਦਾ ਸੀ, ਪਰ ਉਹਦੇ ਲਈ ਨਾ ਪਿੰਡ ਬਿਗਾਨਾ ਸੀ ਨਾ ਨਿਆਣੇ ਬਿਗਾਨੇ ਸਨ। ਬਾਬਾ ਥੋੜੀ ਜਿਹੀ ਕਣਕ ਦੇਕੇ ਮੇਰੇ ਚੇਤਿਆਂ ਵਿਚ ਸਦਾ ਲਈ ਵੱਸ ਗਿਆ ਹੈ। ਇਸਤੋਂ ਵਡਾ ਵਪਾਰੀ ਕੋਈ ਹੋਰ ਹੋ ਸਕਦਾ ਹੈ? ਦਹਾਕਿਆਂ ਬਾਦ ਮੈਂ ਤੁਹਾਨੂੰ ਲਧੇ ਬਾਰੇ ਦਸ ਰਿਹਾ ਹਾਂ। ਕੀ ਉਹ ਕਣਕ ਬਦਲੇ ਅਮਰੂਦ, ਹੁਣ ਨਹੀ ਵਿਕ ਸਕਦੇ?

13

# ਹੱਦੋ ਵੱਧ ਵਿਸ਼ਵਾਸ਼ ਆਤਮਹੱਤਿਆ ਬਣ ਜਾਂਦਾ।

ਬੜਾ ਸੂਖਮ ਹੈ ਇਹ ਸ਼ਬਦ, 'ਵਿਸ਼ਵਾਸ਼'। ਜੇ ਇਸਦੀ ਵਿਆਖਿਆ ਕਰਨੀ ਹੋਵੇ ਤਾਂ ਨਹੀ ਕੀਤੀ ਜਾ ਸਕਦੀ ਕਿਉਕਿ ਹਰ ਵਿਅਕਤੀ ਦਾ ਵਿਸ਼ਵਾਸ਼ ਬਾਰੇ ਸੋਚਣ ਦਾ ਆਪਣਾ ਹੀ ਤਰੀਕਾ ਹੈ। ਇਹ ਸਬਦ ਤੇ ਇਸਦਾ ਭਾਵਵਾਚੀ ਹੋਣਾ ਹਰ ਨਿੱਜ ਦਾ ਆਪਣਾ ਹੀ ਪਹਿਲੂ ਹੈ ਪਰ ਇਸਦਾ ਅਸਰ ਵਿਆਪਕ ਹੁੰਦਾ ਹੈ। ਇਹ ਘਰ ਪਰਿਵਾਰ ਤੋਂ ਸ਼ੁਰੂ ਹੋਕੇ ਸਮਾਜ, ਦੇਸ਼ ਤੇ ਗਲੋਬਲ ਤੱਕ ਫੈਲਦਾ ਅਸੀਂ ਅਕਸਰ ਵੇਖਦੇ ਹਾਂ। ਦੁਨੀਆਂ ਦੀਆਂ ਵਡੀਆਂ ਤਾਕਤਾਂ ਜਦ ਵੀ ਆਪਣੇ ਨਿੱਜੀ ਫਾਇਦੇ ਦਾ ਸੋਚਦੀਆਂ ਹਨ ਤਾਂ ਮਿਠੀਆਂ ਗੋਲੀਆਂ ਹੀ ਵੰਡਦੀਆਂ ਹਨ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀਆਂ ਉਹ ਮਨੁੱਖ ਨੂੰ ਹੀ ਨਿਗਲ ਜਾਂਦੀਆਂ ਹਨ। ਧੌਂਸ ਨਾਲ ਪਰਜਾ ਨੂੰ ਵਿਸ਼ਵਾਸ਼ ਕਰਨ ਲਈ ਮਜ਼ਬੂਰ ਕਰਦੀਆ ਹਨ। ਆਖਰ ਇਹ ਵਿਸ਼ਵਾਸ਼ ਹੈ ਕੀ?

ਕਿਸੇ ਵੀ ਦੇਸ਼ ਦਾ ਕਾਨੂੰਨ ਅੱਜ ਵਿਸ਼ਵਾਸ਼ ਦੀ ਗੱਲ ਨੂੰ ਨਹੀ ਮੰਨਦਾ ਕਾਰਣ ਇਹੋ ਹੈ ਕਿ ਲਿਖਤ ਤੋਂ ਬਗੈਰ ਕੋਈ ਫੈਸਲਾ ਹੋ ਹੀ ਨਹੀ ਸਕਦਾ, ਇਸ ਲਈ ਸਰਵਜਨਿਕ ਕਾਨੂੰਨ ਬਣਦੇ ਹਨ ਤੇ ਲਾਗੂ ਹੁੰਦੇ ਹਨ। ਸਮਾਜਿਕ ਜੀਵਨ ਵਿਚੋਂ ਵਿਸ਼ਵਾਸ਼ ਖਾਰਜ ਹੋ ਰਿਹਾ ਹੈ ਤੇ ਉਹ ਦਿਨ ਲੱਧ ਗਏ ਜਦੋਂ ਮੂੰਹੋਂ ਕਢੀ ਗੱਲ ਦਾ ਪਾਸ ਰਖਿਆ ਜਾਂਦਾ ਸੀ ਤੇ ਇਥੋਂ ਹੀ ਸ਼ੁਰੂ ਹੁੰਦਾ ਹੈ ਇਹ ਵਾਕ, "ਕੀ ਹਦੋਂ ਵਧ ਵਿਸ਼ਵਾਸ਼ ਆਤਮਹੱਤਿਆ ਬਣ ਜਾਂਦਾ ਹੈ"। ਇਸਦਾ ਮੂਲ ਸਰੋਤ ਚਲਾਕ ਲੋਕ ਹਨ ਜੋ ਦਿਮਾਗੀ ਤੇ ਹੁੰਦੇ ਹੀ ਹਨ ਪਰ ਹਰ ਵਕਤ ਆਪਣੇ ਭਲੇ ਦਾ ਹੀ ਸੋਚਦੇ ਹਨ। ਉਹ ਲੋਕਾਂ ਦੇ ਵਿਸ਼ਵਾਸ਼ ਨੂੰ ਹੋਮਿਉਪੈਥੀ ਦੀ ਗੋਲੀ ਸਮਝਕੇ ਉਨ੍ਹਾਂ ਦੇ ਵਿਸ਼ਵਾਸ਼ ਦਾ ਅਪਹਰਣ ਕਰ ਲੈਂਦੇ ਹਨ। ਨਤੀਜਾ ਸਾਹਮਣੇ ਆਉਣ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਕਈ ਤਾਂ ਆਪਣਾ ਘਰ ਬਾਰ ਵੀ ਲੁਟਾ ਬੈਠਦੇ ਹਨ। ਇਹ ਕਾਰਾ ਨਿੱਜੀ ਰਿਸ਼ਤਿਆਂ ਵਿਚ ਵੀ ਹੁੰਦਾ ਹੈ। ਭਰਾਵਾਂ ਵਿਚ, ਰਿਸ਼ਤੇਦਾਰੀਆਂ ਵਿਚ ਤੇ ਰਾਜਨੀਤਕ, ਧਾਰਮਿਕ ਅਦਾਰਿਆ ਵਿਚ ਇਹਦਾ ਪ੍ਰਤਖ ਪਰਦਰਸ਼ਨ ਅਸੀਂ ਰੋਜ਼ ਵੇਖਦੇ ਹਾਂ।

ਭਾਵੇਂ ਵਿਸ਼ਵਾਸ਼ ਬਾਰੇ ਸਮਾਜ ਸਾਸ਼ਤਰ ਵਿਚ ਕੋਈ ਮਾਪਿਆ ਤੋਲਿਆ ਵਿਚਾਰ ਨਹੀ ਹੈ ਤੇ ਇਸਤੇ ਨਿੱਠ ਕੇ ਕੰਮ ਵੀ ਨਹੀ ਹੋਇਆ ਪਰ ਇਹ ਮਸਲਾ ਵੀ ਉਤਨਾ ਹੀ ਜ਼ਰੂਰੀ ਹੈ ਜਿਤਨਾ ਘਰੇਲੂ ਹਿੰਸਾ, ਬੱਚਿਆਂ ਨਾਲ ਸੰਵਾਦ ਤੇ ਪਰਿਵਾਰਕ ਰਿਸ਼ਤੇ। ਵਿਸ਼ਵਾਸ਼ ਦੇ ਸਿਧਾਂਤਕ ਤੇ ਇਲਮੀ ਫਾਰਮੂਲੇ ਹੁਣੇ ਜਿਹੇ ਲੂਹਮਨ ਤੇ ਬਾਰਬਰ ਵਰਗੇ ਫਿਲਾਸਫਰਾਂ ਦੇ ਕੰਮ ਵਿਚ ਮਿਲਦੇ ਹਨ। ਇਹ ਸਮਾਜਿਕ ਸਿਧਾਂਤ, ਮਨੋਵਿਗਿਆਨ, ਤਜ਼ਰਬੇ ਤੇ ਸਰਵਿਆਂ ਦੇ ਪੂਰਕ ਹੀ ਹਨ।

ਵਿਸ਼ਵਾਸ਼ ਨੂੰ ਸਮਝਣ ਲਈ ਸਾਨੂੰ ਭਾਵਨਾ ਤੇ ਗਿਆਨ ਸਬੰਧੀ ਸੀਮਾਵਾਂ ਨੂੰ ਸ਼ਾਮਲ

ਤੇ ਸਮਝਣਾ ਪਵੇਗਾ। ਇਨ੍ਹਾਂ ਦੋਵਾਂ ਮੁੱਦਿਆਂ ਦੀ ਗਹਿਰਾਈ ਨੂੰ ਵੀ ਸਮਝਣਾ ਪਵੇਗਾ। ਬੋਧ ਤੇ ਮਾਈਂਡ ਸੈੱਟ ਦਾ ਵੀ ਇਸ ਵਿਚ ਉਤਨਾ ਹੀ ਦਖਲ ਹੈ ਜਿਤਨਾ ਕਿ ਭਾਵਨਾ ਦਾ।

ਸਮਾਜ ਸ਼ਾਸਤਰ ਵਿਚ, ਝੂਠ, ਪਰਿਵਾਰ ਦਾ ਬਦਲਣਾ ( ਪੰਜਾਬੀ ਸਮਾਜ ਵਿਚ ਔਰਤ ਦਾ ਸਹੁਰੇ ਜਾਣਾ) ਆਰਥਿਕਤਾ ਦੇ ਮਾਪ-ਦੰਡ, ਕਾਨੂੰਨ ਵਿਵਸਥਾ ਵਰਗੇ ਮੌਲਿਕ ਤੱਤਾਂ ਨੂੰ ਯਥਾਰਥ ਵਿਚ ਰਖਕੇ ਸਮਝਣਾ ਪਵੇਗਾ।

ਹਰ ਵਿਅਕਤੀ ਦੇ ਖਿਆਲੀ ਪੁਲਾਵ ਹੁੰਦੇ ਹਨ, ਨਿਰਭਰ ਕਰਦਾ ਹੈ ਕਿ ਉਹ ਹਾਂ ਵਾਚਕ ਹਨ ਜਾਂ ਨਾਂਹ ਵਾਚਕ। ਇਹ ਖਿਆਲੀ ਪੁਲਾਵ ਹੀ ਵਿਅਕਤੀ ਨੂੰ ਬੇਵਿਸ਼ਵਾਸ਼ੀ ਦੇ ਰਾਹ ਤੋਰਦੇ ਹਨ। ਭਰਮ ਸਿਰਜਣ ਦੇ ਰਾਹ ਤੋਰਦੇ ਹਨ। ਇਹ ਭਰਮ ਹੌਲੀ ਹੌਲੀ ਸੀਮਿੰਟ ਵਾਂਗ ਪੱਕਾ ਹੋ ਜਾਂਦਾ ਹੈ ਤੇ ਫਿਰ ਉਸਦੀ ਪੂਰਤੀ ਜਦ ਆਪਣੀਆਂ ਸੀਮਤ ਸੀਮਾਵਾਂ ਨਾਲ ਨਹੀ ਹੁੰਦੀ ਤਾਂ ਇਨਸਾਨ ਲੋਕਾ ਦੇ ਵਿਸ਼ਵਾਸ਼ ਨਾਲ ਖੇਡਣ ਲੱਗ ਪੈਂਦਾ ਹੈ। ਸ਼ਖਸ਼ੀਅਤ ਲੋਕਾਂ ਵਿਚ ਧੁੱਪ ਦੇ ਨਿੱਘ ਵਰਗੀ ਹੁੰਦੀ ਹੈ ਪਰ ਉਸਦੀ ਤਾਸੀਰ ਧੁੱਪ ਨਾਲੋਂ ਵਖਰੀ ਹੁੰਦੀ ਹੈ ਤੇ ਇੱਥੋਂ ਹੀ ਭਰਮਜਾਲ ਸੁਰੂ ਹੁੰਦਾ ਹੈ।

ਜਦੋਂ ਕਾਮੇ ਆਪਸ ਵਿਚ ਸਮਾਜਿਕ ਸਬੰਧ ਬਣਾਉਂਦੇ ਹਨ ਤਾਂ ਉਨ੍ਹਾਂ ਦਾ ਫੋਕਸ ਵਿਹਾਰਕ ਤੇ ਗਿਆਨ ਦੀ ਤਬਦੀਲੀ ਹੀ ਹੁੰਦਾ ਹੈ।

ਵਖੋ ਵਖਰੇ ਹਾਲਾਤ ਵਿਚ ਵਿਸ਼ਵਾਸ਼ ਤੇ ਸੰਦਰਭੀ ਮੁੱਦੇ ਰਾਜਕਰਤਾਵਾਂ ਦਾ ਧਿਆਨ ਖਿਚਦੇ ਹਨ। ਉਨ੍ਹਾਂ ਦੇ ਜਾਤੀ ਮੁਫਾਦ ਇਨ੍ਹਾਂ ਤੇ ਹੀ ਨਿਰਭਰ ਕਰਦੇ ਹਨ। ਜਾਤੀ ਤੇ ਪੇਸ਼ਾਵਰ ਵਿਸ਼ਵਾਸ਼ ਦੇ ਫਰਕ ਨੂੰ ਸਮਝਣ ਲਈ, ਮੰਨ ਦੇ ਬਾਵੇ ਆਪਣਾ ਰੋਲ ਅਦਾ ਕਰਦੇ ਹਨ। ਨਵੀਆਂ ਪਰਸਥਿਤੀਆਂ ਦੇ ਢੇਰ ਕੋਲ ਬੈਠਕੇ ਹੀ ਮੰਨ ਦਾ ਬਾਵਾ ਆਪਣੀ ਤਫਸੀਲੀ ਨਕਸ਼ਾ-ਨਵੀਸੀ ਕਰਦਾ ਹੈ। ਸੇਧਾਂ ਆਪਣੀਆ ਵਿਰੋਧੀ ਤਕਨੀਕਾਂ ਨਾਲ ਹੀ ਹੋਂਦ ਵਿਚ ਆਉਂਦੀਆਂ ਹਨ। ਇਹ ਵੀ ਵੇਖਣਾ ਬਣਦਾ ਹੈ ਕਿ ਜਾਤੀ ਤੇ ਸਮੂਹਿਕ ਵਿਸ਼ਵਾਸ਼ ਦੇ ਸਬੰਧ, ਵਕਤ ਦੇ ਵੀ ਪਾਬੰਧ ਹੁੰਦੇ ਹਨ। ਜਿਤਨਾ ਜ਼ਿਆਦਾ ਸਮਾਂ, ਉਤਨਾ ਹੀ ਵਡਾ ਵਿਸ਼ਵਾਸ਼ ਨਾਲ ਬੇਵਿਸ਼ਵਾਸੀ। ਇਹ ਕੋਈ ਸੁਟ ਪਾਉਂਣ ਵਾਲੀ ਗੱਲ ਨਹੀ ਹੈ। ਇਸਨੂੰ ਸਮਝਣ ਨਾਲ ਹੀ ਆਪਣੇ ਵਿਸ਼ਵਾਸ਼ ਨੂੰ ਬਚਾ ਕੇ ਰਖਿਆ ਜਾ ਸਕਦਾ ਹੈ। ਸਮਝ ਦਾ ਇਹ ਪਹਿਲੂ ਗੈਰ- ਜ਼ਿੰਮਵਾਰ ਨਹੀ ਹੁੰਦਾ, ਵਿਹਾਰਕ ਪਹੁੰਚ ਤੁਹਾਡਾ ਸਾਥ ਦਿੰਦੀ ਹੈ।

ਇੱਕ ਸਟਡੀ ਇਹ ਵੀ ਹੈ ਕਿ ਦੋ ਸੰਭਾਵਨਾਵਾਚੀ ਸਾਲਸ ਆਪਣੇ ਗਿਆਨ ਤੇ ਬੋਧ ਨਾਲ ਜਦੋਂ ਵਿਚੋਲਾਗਿਰੀ ਕਰਦੇ ਹਨ ਤਾਂ ਉਨ੍ਹਾਂ ਦਾ ਅਸਰ, ਉਨ੍ਹਾਂ ਦੇ ਬੁਨਿਆਦੀ ਸੁਭਾਅ ਅਨੁਸਾਰ ਹੁੰਦਾ ਹੈ। ਸਾਲਸਾਂ ਦੀ ਆਪਣੀ ਵਿਸ਼ਵਾਸ਼ ਬਾਰੇ ਕੀ ਪਹੁੰਚ ਹੈ ਤੇ ਉਹ ਕਿਸ ਤਰ੍ਹਾਂ ਦੀਆਂ ਕਦਰਾਂ ਕੀਮਤਾਂ ਨਾਲ ਵਾਬਸਤਾ ਹਨ, ਇਹ ਹੀ ਮੰਥਨੀ ਫੈਸਲੇ ਲੈਕੇ ਆਉਂਦੀ ਹੈ। ਇੱਕ ਸਮਝੋਤਾਵਾਦੀ ਸਾਲਸ ਦਾ, ਕਦਰਾਂ ਕੀਮਤਾਂ ਤੇ ਪਹਿਰਾ ਦੇਣ ਵਾਲੇ ਸਾਲਸੀ ਨਾਲੋਂ

ਨਤੀਜਾ ਵਖਰਾ ਹੋਇਗਾ। ਸਮਝੌਤਾਵਾਦੀ ਸਾਲਸੀ, ਵਿਸ਼ਵਾਸ਼ ਨਾਲੋਂ ਇਸ ਗੱਲ ਤੇ ਖੜਾ ਹੁੰਦਾ ਹੈ ਕਿ ਸਮੇਂ ਨੂੰ ਅੱਗੇ ਤੋਰਿਆ ਜਾਵੇ ਤੇ ਇਹ ਕੋਈ ਬੁਰੀ ਗੱਲ ਨਹੀ ਹੈ। ਸਮਾਂ ਵਧਾ ਲੈਣਾ ਤੇ ਸਮਾਂ ਮੰਗ ਲੈਣ ਨਾਲ, ਨਤੀਜੇ ਚੰਗੇ ਵੀ ਨਿਕਲਦੇ ਹਨ ਪਰ ਵਿਸ਼ਵਾਸ ਦੇ ਮਾਪ ਦੰਡ ਸਿਰਫ ਜਾਤੀ ਹੀ ਹੁੰਦੇ ਹਨ। ਇਸ ਲਈ ਪ੍ਰਭਾਵੀ ਮਾਡਲ ਸਾਡੇ ਸਾਹਮਣੇ ਲਿਆਂਦੇ ਜਾਂਦੇ ਹਨ। ਅੱਜ ਡੇਰਾਵਾਦ ਦੀ ਚੜ੍ਹਤ ਵੀ ਵਿਸ਼ਵਾਸ਼ ਤੇ ਹੀ ਨਿਰਭਰ ਹੈ।

ਸਾਰ ਅੰਸ਼ ਤੇ ਜੇ ਕਹਿਣਾ ਹੋਵੇ ਤਾਂ ਵਿਸ਼ਵਾਸ਼ ਦਾ ਡੋਲਣਾ, ਵਿਅਕਤੀ ਨੂੰ ਪੀੜਾ ਵਿਚ ਪਾ ਦਿੰਦਾ ਹੈ। ਪੀੜਾ ਦਾ ਕਾਰਣ, ਨਿੱਜ ਦੇ ਮੂਲਅੰਕਣ ਤੇ ਨਿਰਭਰ ਕਰਦਾ ਹੈ। ਮਾਈਂਡ ਸੈੱਟ ਦਾ ਇਸ ਵਿਚ ਵਡਾ ਰੋਲ ਹੁੰਦਾ ਹੈ। ਅਚੇਤ ਆਪਣਾ ਦਖਲ ਦੇਕੇ ਸੁਚੇਤ ਨੂੰ ਸੋਚਣੇ ਲਾ ਦਿੰਦਾ ਹੈ। ਤੁਸੀਂ ਆਪਣੇ ਅਚੇਤ ਨੂੰ ਬਦਲ ਨਹੀ ਸਕਦੇ ਸਿਰਫ ਉਸਨੂੰ ਪੇਤਲਾ ਪਾ ਸਕਦੇ ਹੋ ਤੇ ਇਹਦੇ ਲਈ ਗਿਆਨ ਤੇ ਤਜ਼ਰਬੇ ਦੀ ਲੋੜ ਹੁੰਦੀ ਹੈ। ਵਿਸ਼ਵਾਸ਼ ਦਾ ਸਬੰਧ ਤੁਹਾਡੀ ਸੀਮਾ ਨਾਲ ਹੈ। ਆਪਣੀ ਸੀਮਾ ਵਿਚ ਰਹਿੰਣ ਨਾਲ ਇਹ ਫਿਕਰ ਨਹੀ ਰਹਿੰਦਾ ਕਿ ਕੋਈ ਤੁਹਾਡਾ ਵਿਸ਼ਵਾਸ਼ ਤੋੜ ਦੇਵੇਗਾ। ਸੀਮਾ ਨੂੰ ਢਿਲ ਦੇਣ ਨਾਲ ਹੀ ਬੇਵਿਸ਼ਵਾਸੀ ਦਾ ਜ਼ਹਿਰ ਪੀਣਾ ਪੈਂਦਾ ਹੈ। ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਕੋਈ ਤੁਹਾਡਾ ਵਿਸ਼ਵਾਸ ਜੇ ਕੋਈ ਤੋੜਦਾ ਹੈ ਤਾਂ ਕਸੂਰ ਤੁਹਾਡਾ ਹੈ, ਦੂਜੇ ਜਾਂ ਤੀਜੇ ਵਿਅਕਤੀ ਦਾ ਨਹੀ।

## 14

# ਛੋਟੀਆਂ ਛੋਟੀਆਂ ਗੱਲਾਂ

ਛੋਟੀਆਂ ਛੋਟੀਆਂ ਗੱਲਾਂ ਨੂੰ ਜੇ ਨੋਟ ਕਰ ਲਈਏ ਤੇ ਫਿਰ ਭੁਲ ਜਾਈਏ ਤੇ ਫਿਰ ਜਦ ਕਦੇ ਉਨ੍ਹਾਂ ਤੇ ਨਜ਼ਰ ਪਵੇ ਤਾਂ ਇੰਝ ਲਗਦਾ ਹੈ ਜਿਵੇਂ ਬਚਪਨ ਵਿਚ ਕੋਈ ਸੁਣੀ, ਕੋਈ ਸੁਣਾਈ ਕੁਝ ਹੰਢਾਈ ਚੇਤੇ ਆ ਗਈ ਹੋਵੇ ਤੇ ਮੰਨ ਇੱਕ ਵਾਰ ਤੇ ਹੁਲਾਸ ਵਿਚ ਆ ਹੀ ਜਾਂਦਾ ਹੈ। ਹੁਣ ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨਾਲ ਹੁਲਾਸ ਆਉਂਦਾ ਹੈ ਤੇ ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨਾਲ ਜ਼ਿਲਤ ਮਹਿਸੂਸ ਹੁੰਦੀ ਹੈ। ਯਕੀਨਨ ਜ਼ਿਲਤ ਵਾਲੀ ਗੱਲ ਉਹ ਹੁੰਦੀ ਹੈ ਜੋ ਤੁਸੀਂ ਹੁੰਦੇ ਨਹੀ ਪਰ ਫਿਰ ਵੀ ਕਰਦੇ ਹੋ, ਕੋਈ ਉਪਰੀ ਜਿਹੀ ਗੱਲ, ਜਿਸ ਨਾਲ ਤੁਹਾਡਾ ਦੂਰ ਦਾ ਵਾਸਤਾ ਵੀ ਨਹੀ ਹੁੰਦਾ।

ਤੁਸੀਂ ਸਿਰਫ ਵਡੀਆਂ ਗੱਲਾਂ ਹੀ ਨਹੀ ਕਰ ਸਕਦੇ ਲੇਕਿਨ ਛੋਟੀਆਂ ਗੱਲਾਂ ਨੂੰ ਵਧੀਆ ਤਰੀਕੇ ਨਾਲ ਜ਼ਰੂਰ ਕਰ ਸਕਦੇ ਹੋ ਤੇ ਜਦੋਂ ਕਰ ਲੈਂਦੇ ਹੋ ਤਾਂ ਇਹ ਹੁਲਾਸ ਦੇਣ ਵਾਲੀ ਗੱਲ ਹੁੰਦੀ ਹੈ।

ਜਿਹੜੀਆਂ ਗੱਲਾਂ ਸਾਡੀਆਂ ਤਰੰਗਾ ਦੇ ਮੇਚ ਦੀਆਂ ਹੁੰਦੀਆਂ ਹਨ ਉਹ ਸਦਾ ਹੀ ਅਸੀਂ

ਆਸੇ ਪਾਸੇ ਦੇ ਹੁੰਦੇ ਵਰਤਾਰਿਆਂ ਤੋਂ ਸਿਖਦੇ ਹਾਂ ਪਰ ਇੱਥੇ ਵੀ ਇੱਕ ਮੁਸ਼ਕਲ ਅਕਸਰ ਮੈਂ ਮਹਿਸੂਸ ਕਰਦਾ ਹਾਂ ਜਦੋਂ ਅਸੀਂ ਇਸ ਚੱਕਰ ਵਿਚ ਪੈ ਜਾਈਏ ਕਿ ਹੋਰ ਵੀ ਇਸਨੂੰ ਜਾਣ ਲੈਣ ਤਾਂ ਸਮਸਿਆ ਖੜੀ ਹੋ ਜਾਂਦੀ ਹੈ, ਕਿਉਂਕਿ ਇਹ ਸਾਡੀ ਜੀਵਨ-ਜਾਚ ਦਾ ਹਿੱਸਾ ਨਹੀ ਹੁੰਦੀ। ਇਹ ਇਸਤਰ੍ਹਾਂ ਨਹੀ ਹੁੰਦੀ ਜਿਵੇਂ ਕੋਈ ਬੱਚਾ ਆਪਣੇ ਬਾਪ ਦੇ ਕੰਧਾੜੇ ਚੜ੍ਹ ਸੁਰਗਾਂ ਦੇ ਹੁਲਾਰੇ ਨਾਲ ਮੇਚਿਆ ਜਾਂਦਾ ਹੈ। ਨਿੱਕਾ ਜਿਹਾ ਗੁਸਾ, ਮੇਰੀ ਪੋਚੀ ਹੋਈ ਫਟੀ ਕਿਸਨੇ ਛਾਂਵੇ ਰਖ ਦਿੱਤੀ ਹੈ, ਇਹ ਹੁਕਮ ਬੱਚਾ ਆਪਣੇ ਬਾਪ ਨੂੰ ਵੀ ਸੁਣਾ ਸਕਦਾ ਹੈ। ਇਹੋ ਜਿਹੇ ਕਬਜੇ ਹੀ ਸਾਡੀ ਜ਼ਿੰਦਗੀ ਨੂੰ ਸਤਰੰਗ ਬਖਸ਼ਦੇ ਹਨ। ਅਵਚੇਤਨ ਵਿਚ ਵਸਿਆ ਇਹ ਸੱਚ ਹੀ ਸਾਨੂੰ ਕਹਿੰਦਾ ਹੈ ਕਿ ਮੈਨੂੰ ਸਿਰਫ ਕੁਝ ਵਖੋ ਵਖਰੀਆਂ ਚੀਜਾਂ, ਵਖੋ ਵਖਰੀਆਂ ਸਮਸਿਆਵਾਂ ਦਸੋ, ਮੈਂ ਆਪੇ ਹੀ ਸਮਾਧਾਨ ਸੁਝਾਅ ਲਵਾਂਗਾ। ਇਹ ਸਾਡੇ ਮੰਨ ਦੇ ਬਾਵਿਆਂ ਦਾ ਵਿਚਾਰ ਵਟਾਂਦਰਾ ਹੀ ਹੁੰਦਾ ਹੈ ਪਰ ਹੁੰਦਾ ਉਦੋਂ ਹੀ ਹੈ ਜਦੋਂ ਇਹ ਸਾਡੇ ਹੀ ਵੇਹੜੇ ਦੀ ਗੱਲ ਹੋਵੇ। ਤਨਾਵ ਪੈਦਾ ਹੁੰਦਾ ਹੈ ਜਦੋਂ ਅਸੀਂ ਇਹ ਸੋਚ ਲੈਂਦੇ ਹਾਂ ਕਿ ਦੂਜਾ ਇਨਸਾਨ ਮੇਰੇ ਵਾਂਗ ਕਿਉਂ ਨਹੀ ਸੋਚਦਾ?ਉਸਨੂੰ ਬਦਲ ਜਾਣਾ ਚਾਹੀਦਾ ਹੈ। ਉਹ ਉਹੀ ਕਰੇ ਜਿਵੇਂ ਦਾ ਮੈਂ ਸੋਚਦਾ ਹਾਂ ਕਿ ਉਸਨੂੰ ਐਸਾ ਹੀ ਕਰਨਾ ਚਾਹੀਦਾ ਹੈ, ਇਸਨੂੰ ਹੀ ਪੋਜੈਸਿਵਨੈੱਸ ਕਹਿਕੇ ਅਸੀਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਦੇ ਹਾਂ ਪਰ ਇਹ ਕਬਜਾ ਨਹੀ ਸਗੋਂ ਸਾਡੀ ਕੋਈ ਕੰਮਜੋਰੀ ਹੈ ਜਿਸਦਾ ਸਾਨੂੰ ਜਾਹਰਾ ਤੌਰ ਤੇ ਪਤਾ ਹੀ ਨਹੀ ਹੁੰਦਾ।

ਇਹ ਪਰਵਾਹ ਕਿਵੇਂ ਚਲਦਾ ਹੈ, ਸੋਚਣ ਵਾਲੀ ਗੱਲ ਹੈ ਕਿ ਮੈਂ ਅਰਥਵਾਨ ਹਾਂ ਤੇ ਤੇਰੇ ਨਾਲ ਇਹ ਅਰਥ ਵੰਡ ਰਿਹਾ ਹਾਂ ਤੈਨੂੰ ਮੇਰੀ ਵੰਡ ਦਾ ਇੱਹ ਕਿਣਕਾ ਕਬੂਲ ਕਰ ਲੈਣਾ ਚਾਹੀਦਾ ਹੈ। ਜੇ ਤੇ ਇਸਦਾ ਮੰਥਨ ਕਰੀਏ ਤੇ ਸਮਸਿਆ ਨਹੀ ਸਗੋਂ ਵਰਤਾਰੇ ਵਲ ਧਿਆਨ ਦੇਈਏ ਤਾਂ ਯਕੀਨਨ ਅਸੀਂ ਕਿਸੇ ਨਵੀ ਲਹਿਰ ਨੂੰ ਆਪਣੇ ਆਪੇ ਵਿਚ ਰਲਾ ਰਹੇ ਹੋਵਾਂਗੇ ਨਹੀ ਤਾਂ ਪਾਣੀ ਤਾਂ ਮੂੰਹ ਜੋਰ ਹੁੰਦੇ ਹਨ ਨਹੀ ਰਲਾਉਗੇ ਤਾਂ ਪਾਣੀ ਹੀ ਤੁਹਾਡੀ ਪਿਆਸ ਨੂੰ ਪੀ ਜਾਵੇਗਾ ਤੇ ਤੁਸੀਂ ਆਪਣੀ ਹੋਂਦ ਦੇ ਲੱਛਣ ਹੀ ਗੁਆ ਦੇਵੋਗੇ।

ਫੇਸਬੁੱਕ ਤੇ ਨਿੱਤ ਨਵੇਂ ਪੱਤੇ ਉਗਦੇ ਹਨ ਕੋਈ ਨਿੰਮ ਦੇ ਕੌੜੇ ਪਰ ਗੁਣਕਾਰੀ, ਕੋਈ ਅੱਕ ਦੇ ਸਿਰਫ ਜ਼ਹਿਰ ਭਰੇ, ਕੋਈ ਨਿੱਘੇ ਜਿਵੇਂ ਤੁਹਾਡੀ ਭੈਣ ਜਾਂ ਭੂਆ ਹੋਵੇ। ਕਈ ਵਾਰ ਤਾਂ ਤੁਸੀਂ ਸਿਰਫ ਪੜ੍ਹਕੇ ਹੀ ਇੱਕ ਰਿਸ਼ਤਾ ਕਾਇਮ ਕਰ ਲੈਂਦੇ ਹੋ ਕਿਉਂਕਿ ਰਿਸ਼ਤੇ ਤਾਂ ਤੁਹਾਡੇ ਦਿਲਾਂ ਵਿਚ ਵਸਦੇ ਹਨ।

ਮੈਂ ਕਈ ਵਾਰੀ ਡੋਲਿਆ ਡਿਗਿਆ ਸੰਭਲਿਆ ਹਾਂ ਇਸ ਫੇਸਬੁਕ ਜ਼ਿੰਦਗੀ ਵਿਚ। ਕਈ ਵਾਰੀ ਮੈਨੂੰ ਕਈਆਂ ਨੇ ਟੰਗ ਅੜਾਊ ਵੀ ਕਿਹਾ, ਮੈਂ ਸਿਰਫ ਹੱਸ ਛਡਦਾ ਹਾਂ ਕਿਉਂਕਿ ਉਹ ਇਹ ਨਹੀ ਜਾਣਦੇ ਜੋ ਮੈਂ ਜਾਣਦਾ ਹਾਂ, ਤੇ ਇਸੇ ਤਰ੍ਹਾਂ ਮੈਂ ਵੀ ਉਹ ਨਹੀ ਜਾਣਦਾ ਜੋ ਉਹ ਜਾਣਦੇ ਹਨ। ਕਈ ਵਾਰੀ ਭੀੜ ਦੀ ਮਾਨਸਿਕਤਾ ਵੀ ਤੁਹਾਨੂੰ ਪ੍ਰੇਸ਼ਾਨ ਕਰਦੀ ਹੈ ਤੇ ਇਸਤੋਂ

ਬਚਣ ਲਈ ਘਟੋ ਘਟ ਮੇਰੇ ਕੋਲ ਕੋਈ ਇਲਾਜ਼ ਨਹੀ। ਮੈਂ ਕੁਝ ਵੀ ਥੋਪਿਆ ਹੋਇਆ ਨਹੀ ਝਲਦਾ ਖਾਸ ਕਰਕੇ ਜਦੋਂ ਥੋਪਿਆ ਮੁਢੋਂ ਹੀ ਨਿਕਾਰਨ ਵਾਲਾ ਹੋਵੇ। ਇਹ ਵੀ ਸੋਚੀਦਾ ਹੈ ਕਿਤੇ ਕਿਸੇ ਨੂੰ ਬਦਲਣ ਵਾਲੀ ਥਿਊਰੀ ਤੇ ਕੰਮ ਨਹੀ ਕਰ ਰਹੀ ਮੰਨ ਅੰਦਰ। ਹਮੇਸ਼ਾਂ ਹੀ ਇਹ ਉੱਤਰ ਮਿਲਿਆ ਹੈ ਕਿ ਨਹੀ ਇਹ ਬਦਲਣ ਵਾਲੀ ਨਹੀ ਸਿਰਫ ਮੇਰਾ ਕਿਸੇ ਨਾਂਹ ਪੱਖ ਨੂੰ ਰਿਜੈਕਟ ਕਰਨ ਦਾ ਤਰੀਕਾ ਹੈ।

ਮੈਂ ਜਾਣਦਾ ਹਾਂ ਕਿ ਮੈਂ ਇਸਦੀ ਬਹੁਤ ਵਡੀ ਕੀਮਤ ਤਾਰੀ ਹੈ। ਤਾਰ ਰਿਹਾ ਹਾਂ ਪਰ ਚੁੱਪ ਵੀ ਹਾਂ ਜੋ ਕਿ ਵਧੀਆ ਗੱਲ ਹੈ। ਨਹੀ ਬਰਦਾਸ਼ਤ ਹੁੰਦੀ ਸਹਿਤਕ ਗੁੰਡਾ ਗਰਦੀ। ਆਖਿਰ ਜੀਂਦੇ ਹੋਣ ਦਾ ਪ੍ਰਮਾਣ ਵੀ ਤੇ ਤੁਹਾਡੇ ਸਵੈ ਲਈ ਜ਼ਰੂਰੀ ਹੈ।

ਮੁਸ਼ਕਲ ਇਹ ਹੈ ਕਿ ਦੋ ਵਿਰੋਧੀ ਵਿਚਾਰਾਂ ਵਿਚ ਬਹੁ ਗਿਣਤੀ ਇਹ ਨਹੀ ਵੇਖਦੀ ਕਿ ਵਿਚਾਰ ਕੀ ਹੈ? ਬਹੁ ਗਿਣਤੀ ਇਹ ਵੇਖਦੀ ਹੈ ਕਿ ਵਿਚਾਰ ਦੇ ਕੌਣ ਰਿਹਾ ਹੈ ਤੇ ਵਿਚਾਰਾਂ ਦੀ ਚਲ ਰਹੀ ਲੜੀ ਵਿਚ ਉਨ੍ਹਾਂ ਦਾ ਹਿੱਤ ਕੀ ਹੈ? ਮੇਰਾ ਇਹ ਮੰਨਣਾ ਹੈ ਕਿ ਇਸ ਮੁੱਦੇ ਨੂੰ ਸਮਝਣ ਲਈ ਸੋਸਲ ਸਾਈਟ ਸਭਤੋਂ ਜ਼ਿਆਦਾ ਸਹਾਈ ਹੈ।

ਕਈ ਲੋਕ, ਫੇਸਬੁੱਕ ਤੋਂ ਆਪਣਾ ਖਾਤਾ ਹੀ ਬੰਦ ਕਰ ਲੈਂਦੇ ਹਨ, ਕਿਉਂਕਿ ਉਨ੍ਹਾਂ ਨੇ ਕੋਈ ਹੋਰ ਸੁਰੰਗ ਖੋਦ ਲਈ ਹੁੰਦੀ ਹੈ। ਉਹ ਸਾਰਾ ਕੁਝ ਵੇਖਦੇ ਹਨ ਤੇ ਬਾਕੀਆਂ ਤੋਂ ਜ਼ਿਆਦਾ ਵੇਖਦੇ ਹਨ। ਆਪਣੇ ਬਣਾਏ ਗਰੁਪ ਦੇ ਜ਼ਰੀਏ, ਇੱਕ ਲੁਕੇ ਹੋਏ ਸ਼ਿਕਰੇ ਵਾਂਗ ਵਾਰ ਕਰਦੇ ਹਨ। ਹਾਸਾ ਆਉਂਦਾ ਹੈ ਉਨ੍ਹਾਂ ਦੀ ਐਸ ਕੈਮੋਫਲਾਇਜ਼ ਬਿਰਤੀ ਤੇ।

ਕਈ ਸੱਜਣ ਦੋ ਵਿਰੋਧੀ ਵਿਚਾਰਾਂ ਦੇ ਚਲਦਿਆ ਦੋਵਾਂ ਨੂੰ ਹੀ ਟਿੱਕ ਕਰੀ ਜਾਣਗੇ। ਅਸਲ ਮਕਸਦ ਸਿਰਫ ਸ਼ਰਾਰਤ ਹੁੰਦਾ ਹੈ, ਇਹ ਗੱਲ ਘੱਟ ਹੀ ਵੇਖਣ ਨੂੰ ਮਿਲਦੀ ਹੈ ਕਿ ਕਿਸੇ ਨਿਰਣੇ ਤੇ ਪਹੁੰਚਿਆ ਜਾਵੇ ਤੇ ਕਦੇ ਨਿਰਣਾ ਹੁੰਦਾ ਵੀ ਨਹੀ। ਪਰ ਵਿਅਕਤੀਗੱਤ ਸੋਚ ਦ੍ਰਿਸ਼ਟੀ ਗੋਚਰ ਹੋ ਜਾਂਦੀ ਹੈ। ਇੱਕ ਵਡਿਉਂ ਹੀ ਰੱਦ ਕਰਨ ਦੀ ਬਿਰਤੀ ਵੀ ਮਿਲਦੀ ਹੈ ਤੇ ਕਦੇ ਕਦੇ ਇਹ ਇਤਨੀ ਕੁਰਖਤ ਹੁੰਦੀ ਹੈ ਕਿ ਤਰਕ ਨਦਾਰਦ ਹੀ ਹੁੰਦਾ ਹੈ।

ਇੱਕ ਅਮਰੀਕਨ ਮੁਹਾਵਰਾ ਹੈ ਕਿ ਸਾਰੀਆਂ ਕਹਾਣੀਆਂ ਹੀ ਸਿਖਾਉਂਦੀਆਂ ਹਨ ਭਾਵੇਂ ਸਟੋਰੀ ਸੁਨਾਉਣ ਦਾ ਇਹ ਮਕਸਦ ਨਾ ਵੀ ਹੋਵੇ। ਇਹ ਸਟੋਰੀਆਂ ਹੀ ਹਨ ਜੋ ਸਾਨੂੰ ਦੁਨੀਆਂ ਵਿਚ ਕੁਝ ਸਿਰਜਣ ਦੀ ਪ੍ਰੇਰਨਾ ਦਿੰਦੀਆਂ ਹਨ। ਇਹ ਸਟੋਰੀਆਂ ਹੀ ਹਨ ਜੋ ਸਾਨੂੰ ਨੈਤਿਕਤਾ ਦੇ ਮਾਇਨੇ ਦਸਦੀਆਂ ਹਨ। ਇਹ ਸਟੋਰੀਆਂ ਹੀ ਹਨ ਜੋ ਭਾਰੀ ਪ੍ਰਭਾਵ ਦਾ ਦਬਾਅ ਪਾਉਂਦੀਆਂ ਹਨ, ਇਹ ਸਟੋਰੀਆਂ ਹੀ ਹਨ ਜੋ ਸਾਡੇ ਨੈਤਿਕ ਮੁਲਾਂ ਨੂੰ ਨਵੇਂ ਦਿਸਹਿਦੇ ਬਖਸ਼ਦੀਆਂ ਹਨ।

15

# ਦਾਰੇ ਵਰਗਾ ਬਾਪੂ

ਡਿਕ ਹੋਇਤ ਦੁਨੀਆਂ ਦਾ ਸਭਤੋਂ ਤਾਕਤਵਰ ਬਾਪੂ ਹੈ। ਉਸਦੀ ਰਿਪੋਰਟ ਰਿੱਕ ਰੈਲੀ ਨੇ ਸਪੋਰਟਸ ਇਲਸਟਰਿਡ ਵਿਚ ਲਿਖੀ, --

ਉਹ ਇੰਝ ਲਿਖਦਾ ਹੈ ਕਿ ਮੈਂ ਚੰਗਾ ਬਾਪੂ ਬਣਨ ਦੀ ਕੋਸ਼ਿਸ਼ ਕਰਦਾ ਹਾਂ। ਆਪਣੇ ਨਿਆਂਣਿਆਂ ਨੂੰ ਦੁਨੀਆਂ ਦੀਆਂ ਸਭ ਨਿਅਮਤਾਂ ਦੇਣ ਨੂੰ ਤਿਆਰ ਹਾਂ। ਦਿਨੇ ਰਾਤ ਕੰਮ ਕਰਦਾ ਹਾਂ ਤਾਂ ਕਿ ਉਨ੍ਹਾਂ ਦੇ ਸੈੱਲ ਫੋਨ ਤੇ ਕੀਤੇ ਟੈਕਸਟ ਮੈਸਜ਼ ਦੇ ਬਿਲ ਅਦਾ ਕਰ ਸਕਾਂ। ਉਨ੍ਹਾਂ ਵਾਸਤੇ ਤੈਰਾਕੀ ਦੇ ਜੋੜੇ ਖਰੀਦਦਾ ਹਾਂ ਪਰ ਕੀ ਇਸਤਰ੍ਹਾਂ ਕਰਕੇ ਡਿਕ ਹੋਇਤ ਨਾਲ ਆਪਣੇ ਆਪ ਨੂੰ ਤੁਲਨਾ ਸਕਦਾ ਹਾਂ? ਸੱਤ ਜਨਮਾਂ ਵਿਚ ਵੀ ਨਹੀ।

ਆਪਣੇ ਅਪਾਹਜ਼ ਪੁੱਤਰ ਰਿੱਕ ਨੂੰ, ਉਸਨੇ ਪਚਾਸੀ ਵਾਰ **26.2** ਮੀਲ ਦੀ ਵੀਲ੍ਹ-ਚੇਅਰ ਮੈਰਾਥਨ ਦੌੜ ਵਿਚ ਜੋਰ ਲਗਾ ਕੇ ਅੱਗੇ ਕੀਤਾ। ਸਿਰਫ ਇਤਨਾ ਹੀ ਨਹੀ ਅੱਠ ਵਾਰ **2.4** ਮੀਲ ਰਬੜ ਦੀ ਬੇੜੀ ਦੀ ਦੌੜ ਵਿਚ ਦੁੜਾਇਆ, ਤੈਰਦਿਆਂ ਹੋਇਆਂ, **112** ਮੀਲ ਤੱਕ ਇੱਕੋ ਦਿਨ ਵਿਚ ਪੈਡਲ ਮਰਵਾਏ।

ਡਿਕ ਨੇ ਕਰੌਸ ਕੰਟਰੀ ਸਕਿਇੰਗ ਵਿਚ ਵੀ ਆਪਣੇ ਪੁੱਤਰ ਨੂੰ ਖਿਚ ਲਿਆ, ਆਪਣੀ ਪਿੱਠ ਤੇ ਲਦਕੇ ਪਹਾੜਾਂ ਦੀਆਂ ਟੀਸੀਆਂ ਤੇ ਚੜ੍ਹ ਗਿਆ ਤੇ ਇੱਕ ਵਾਰ ਅਮਰੀਕਾ ਦੀ ਲੰਬੀ ਯਾਤਰਾ ਵੀ ਸਾਇਕਲ ਤੇ ਕਰਵਾਈ। ਕੀ ਤੁਸੀਂ ਨਹੀ ਸਮਝਦੇ ਕਿ ਇਸਤਰ੍ਹਾਂ ਆਪਣੇ ਪੁੱਤਰ ਨੂੰ ਲੰਘੜਾ ਕਰਨ ਵਰਗੀ ਗੱਲ ਹੈ?

ਇਸਦੇ ਬਦਲੇ ਵਿਚ ਡਿੱਕ ਦੇ ਪੁੱਤਰ ਰਿੱਕ ਨੇ ਆਪਣੇ ਬਾਪੂ ਲਈ ਕੀ ਕੀਤਾ? ਬਹੁਤਾ ਨਹੀ ਸਿਰਫ ਉਸਦੀ ਜਾਨ ਬਚਾਈ।

ਇਹ ਮੁਹਬਤੀ ਕਹਾਣੀ, ਤਰਤਾਲੀ ਸਾਲ ਪਹਿਲਾਂ, ਵਿਨਚੈਸਟਰ ਤੋਂ ਸ਼ੁਰੂ ਹੁੰਦੀ ਹੈ ਜਦੋਂ ਰਿੱਕ ਜਨਮ ਵੇਲੇ ਆਪਣੇ ਮਾਂ ਦੇ ਗਰਭ ਵਿਚ ਹੀ ਅਪਾਹਜ਼ ਹੋ ਗਿਆ ਸੀ ਤੇ ਉਹ ਦਿਮਾਗੀ ਪੱਖੋਂ ਉਣਾ ਹੋ ਗਿਆ ਸੀ ਤੇ ਉਸਦੇ ਦਿਮਾਗ ਦਾ ਕੰਟਰੌਲ ਬਾਕੀ ਅੰਗਾਂ ਤੇ ਨਹੀ ਸੀ। ਡਾਕਟਰਾਂ ਨੇ ਡਿੱਕ ਤੇ ਉਸਦੀ ਪਤਨੀ ਜੂਡੀ ਨੂੰ ਦਸ ਦਿੱਤਾ ਸੀ ਕਿ ਇਹ ਜ਼ਿੰਦਗੀ ਭਰ ਲਈ ਅਪਾਹਜ਼ ਹੀ ਰਹੇਗਾ। ਜਦੋਂ ਰਿੱਕ ਨੌ ਮਹੀਨਿਆਂ ਦਾ ਸੀ ਤਾਂ ਉਸਨੂੰ ਕਿਸੇ ਆਸ਼ਰਮ ਵਿਚ ਪਾ ਦਿੱਤਾ ਗਿਆ।

ਪਰ ਹੋਇਤ ਨੇ ਇਹ ਕਦੇ ਵੀ ਦਿਲੋਂ ਮੰਨਜ਼ੂਰ ਨਹੀ ਕੀਤਾ। ਡਿੱਕ ਤੇ ਜੂਡੀ ਨੇ ਧਿਆਨ ਨਾਲ ਵੇਖਿਆ ਕਿ ਰਿੱਕ ਦੀਆਂ ਅੱਖਾਂ ਹਮੇਸ਼ਾਂ ਕਮਰੇ ਵਿਚ ਫਿਰਦਿਆਂ ਉਨ੍ਹਾਂ ਦਾ ਪਿੱਛਾ ਕਰਦੀਆਂ ਹਨ। ਜਦੋਂ ਰਿੱਕ ਮਸੀਂ ਗਿਆਰਾਂ ਸਾਲਾਂ ਦਾ ਸੀ ਤਾਂ ਮਾਪੇ ਉਸਨੂੰ ਟਰਫਟ

ਯੂਨੀਵਰਸਿਟੀ ਵਿਚ ਲੈ ਗਏ ਤੇ ਪੁੱਛਿਆ ਕਿ ਕੀ ਐਸੀ ਕੋਈ ਮਦਦ ਮਿਲ ਸਕਦੀ ਹੈ ਜਿਸ ਨਾਲ ਮੁੰਡਾ ਆਪਣੀ ਗੱਲ ਨੂੰ ਸਮਝਾ ਸਕੇ ਤੇ ਦੂਜੇ ਦੀ ਸਮਝ ਸਕੇ। ਉਨ੍ਹਾਂ ਦਾ ਜੁਆਬ 'ਨਹੀ' ਵਿਚ ਸੀ, ਕਿਉਂਕਿ ਉਸਦੇ ਦਿਮਾਗ ਵਿਚ ਕੁਝ ਹੋ ਹੀ ਨਹੀ ਰਿਹਾ ਸੀ, ਕੋਈ ਸੋਚ ਹੀ ਨਹੀ ਉਪਜ ਰਹੀ ਸੀ ਫਿਰ ਸੋਚ ਨੂੰ ਸੰਚਾਰ ਕਿਵੇਂ ਕੀਤਾ ਜਾ ਸਕਦਾ ਹੈ?

ਡਿੱਕ ਨੇ ਉਲਟਾ ਸੁਆਲ ਕੀਤਾ ਰਿੱਕ ਨੂੰ ਕੋਈ ਲਤੀਫਾ ਸੁਣਾਉ। ਉਨ੍ਹਾਂ ਨੇ ਇੱਕ ਸਧਾਰਣ ਜਿਹਾ ਲਤੀਫਾ ਸੁਣਾਇਆ ਜਿਸਨੂੰ ਸੁਣਕੇ ਰਿੱਕ ਦਿਲ ਖੋਲ੍ਹ ਕੇ ਹਸਿਆ। ਉਸਦਾ ਹਾਸਾ ਇਹ ਦਸਦਾ ਸੀ ਕਿ ਰਿੱਕ ਦੇ ਦਿਮਾਗ ਵਿਚ ਬਹੁਤ ਕੁਝ ਚਲ ਰਿਹਾ ਹੈ, ਕਈ ਚਲ-ਚਿੱਤਰ, ਕਲਪਨਾਵਾਂ ਤੇ ਦੁਬਿਧਾਵਾਂ ਵੀ ਹੋਣਗੀਆਂ।

ਕੰਮਪਿਉਟਰ ਦੇ ਵਲ ਵਲੇਵਿਆਂ ਨਾਲ ਰਿੱਕ ਨੂੰ ਉਲਝਾਇਆ ਗਿਆ ਤੇ ਉਸਨੇ ਕਰਸਰ ਨੂੰ ਕੁਝ ਹੱਥ ਤੇ ਕੁਝ ਸਿਰ ਦੀ ਖਹਿਸਰ ਨਾਲ ਦਸੇ ਹੋਏ ਸਵਿੱਚ ਨੂੰ ਕੰਟਰੌਲ ਕਰ ਲਿਆ। ਆਖਰਕਾਰ ਰਿੱਕ, ਸੁਨੇਹਾ ਦੇਣ ਤੇ ਲੈਣ ਦੇ ਕਾਬਲ ਹੋ ਗਿਆ ਸੀ। ਹੈਰਾਨ ਕਰਨ ਵਾਲੀ ਗੱਲ ਸੀ ਉਸਦੇ ਰਾਹੀਂ ਜਿਹੜਾ ਪਹਿਲਾ ਸ਼ਬਦ ਆਇਆ ਪਤਾ ਨਹੀ ਉਸਦੇ ਜ਼ਹਿਨ ਵਿਚ ਕਦੋਂ ਦਾ ਅੜਿਆ ਹੋਇਆ ਸੀ ਸ਼ਬਦ ਸੀ--'ਗੋ ਬਰਿਉਨ'! ਬਰਿਉਨ ਉਸਦੇ ਸਕੂਲ ਦਾ ਉਹ ਸਾਥੀ ਸੀ ਜੋ ਕਾਰ ਐਕਸੀਡੈਂਟ ਵਿਚ ਲਕਵੇ ਦਾ ਸ਼ਿਕਾਰ ਹੋ ਗਿਆ ਸੀ। ਸਕੂਲ ਨੇ ਆਪਣੇ ਉਸ ਅਧਰੰਗ ਦਾ ਸ਼ਿਕਾਰ ਹੋਏ ਵਿਦਿਆਰਥੀ ਲਈ ਇੱਕ ਲੰਬੀ ਦੌੜ ਦੀ ਚੈਰਟੀ ਦਾ ਪ੍ਰਬੰਧ ਕੀਤਾ ਸੀ। ਉਸ ਦੌੜ ਵਿਚ ਹੀ ਬਰਿਉਨ ਨੂੰ ਸਾਰੇ 'ਗੋ ਬਰਿਉਨ' ਕਹਿਕੇ ਆਨੰਦ ਤੇ ਹੁਲਾਸ ਵਿਚ ਫੰਡ ਇੱਕਠਾ ਕਰ ਰਹੇ ਸਨ।

ਰਿੱਕ ਨੇ ਬੜੀ ਗਰਮਜੋਸ਼ੀ ਨਾਲ ਆਪਣੇ ਡੈਡ ਨੂੰ ਕਿਹਾ, ਮੈਂ ਵੀ ਦੌੜਨਾ ਚਾਹੁੰਦਾ ਹਾਂ।

ਡੈਡ ਨੇ ਬਿਨ੍ਹਾਂ ਜਾਣੇ ਕਿ ਰਿੱਕ ਦੇ ਸ਼ਬਦਾਂ ਦੇ ਤਾਸੀਰ ਕੀ ਹੈ, ਇੱਕਦਮ ਹੀ ਜੁਆਬ ਦਿਤਾ, ਹਾਂ ਮੇਰੇ ਬੱਚੇ, ਠੀਕ ਹੈ। ਹੁਣ ਡਿੱਕ ਪਤਾ ਜੇ ਕਿਹੋ ਜਿਹਾ ਸੀ? ਇੱਕ ਪਲਿਆ ਪਲਾਇਆ ਸੂਰ ਵਾਂਗ ਸੀ, ਮੋਟੀ ਤੋਂਦ ਤੇ ਬਾਹਾਂ ਦਾ ਮਾਸ ਤੇ ਹਡੀਆਂ ਦਾ ਆਪਸ ਵਿਚ ਕੋਈ ਨੋਹ ਮਾਸ ਦਾ ਰਿਸ਼ਤਾ ਹੀ ਨਹੀ ਸੀ। ਉਹ ਕਦੇ ਵੀ ਇੱਕ ਮੀਲ ਤੋਂ ਵਧ ਇੱਕੋ ਸਮੇਂ ਤੁਰ ਹੀ ਨਹੀ ਸਕਦਾ ਸੀ। ਉਹੋ ਡਿੱਕ ਆਪਣੇ ਪੁੱਤਰ ਨੂੰ ਵੀਲ੍ਹ ਚੇਅਰ ਤੇ ਪੰਜ ਮੀਲ ਰੋਜ਼ ਤੋਰਨ ਲੱਗ ਪਿਆ ਤੇ ਰਿੱਕ ਦੇ ਥਕੇਵੇਂ ਦੇ ਬਾਵਜੂਦ ਵੀ ਉਸਨੂੰ ਧੱਕੇ ਨਾਲ ਤੁਰਾਉਂਦਾ। ਆਪ ਸਾਹੋ ਸਾਹੀ ਹੋਇਆ ਸੋਚਦਾ ਕਿ ਰਿੱਕ ਨਹੀ ਇਹ ਤਾਂ ਮੈਂ ਹਾਂ ਜੋ ਅਪੰਗ ਹਾਂ। ਡਿੱਕ ਇੱਕ ਜਗ੍ਹਾ ਕਹਿੰਦਾ ਹੈ ਕਿ ਮੈਂ ਦੋ ਹਫਤਿਆਂ ਵਿਚ ਹੀ ਮਰਨ ਵਾਲਾ ਹੋ ਗਿਆ ਸੀ।

ਉਸ ਦਿਨ ਤੇ ਡਿੱਕ ਦੀ ਦੁਨੀਆ ਹੀ ਬਦਲ ਗਈ ਜਦੋਂ ਡਿੱਕ ਨੇ ਕੀ ਬੋਰਡ ਤੇ ਟਾਇਪ ਕਰਦਿਆਂ ਇਹ ਗੱਲ ਲਿਖੀ ਜੋ ਸਵੇਰੇ ਦੌੜਦਿਆਂ ਰਿੱਕ ਨੇ ਕਿਹਾ ਸੀ, "ਡੈਡ ਜਦੋਂ ਅਸੀਂ ਦੋੜਦੇ ਹਾਂ, ਮੈਨੂੰ ਇੰਝ ਲਗਦਾ ਹੈ ਕਿ ਮੈਂ ਹੁਣ ਅਪੰਗ ਨਹੀ ਰਿਹਾ!" ਇਸ ਵਾਕ ਨੇ ਡਿੱਕ

ਦੀ ਜ਼ਿੰਦਗੀ ਹੀ ਬਦਲ ਦਿੱਤੀ, ਉਸਨੂੰ ਤੇ ਇਸ ਗੱਲ ਦਾ ਸੁਦਾਅ ਹੀ ਹੋ ਗਿਆ ਕਿ ਉਹ ਆਪਣੇ ਬੇਟੇ ਨੂੰ ਇਸ ਭਾਵਨਾ ਨਾਲ ਮਾਲਾ ਮਾਲ ਕਰ ਦੇਵੇ, ਜਿਤਨਾ ਵੀ ਕਰ ਸਕਦਾ ਹੈ, ਇਹ ਤੇ ਅੰਤਿਮ ਮਕਸਦ ਵਾਂਗ ਹੈ।

ਦੋਵੇਂ ਪਿਉ ਪੁਤ ਵੀਲ੍ਹ ਚੇਅਰ ਸਮੇਤ, ਦੌੜਦੇ ਹੋਏ ਇਤਨੇ ਸਖਤ ਜਾਨ ਹੋ ਗਏ ਕਿ ਉਨ੍ਹਾਂ ਦੇ ਪੇਟ ਪੱਥਰ ਵਾਂਗ ਸਖਤ ਹੋ ਗਏ। ਡਿੱਕ ਨੇ ਸੋਚਿਆ ਕਿ ਕਿਉਂ ਨਾ **1979** ਨੂੰ ਬੌਸਟਨ ਵਿਖੇ ਹੋਣ ਵਾਲੀ ਮੈਰਾਥਨ ਵਿਚ ਹਿੱਸਾ ਲਿਆ ਜਾਵੇ।

ਮੈਰਾਥਨ ਦੌੜ ਦੇ ਇੱਕ ਅਫ਼ਸਰ ਨੇ ਕਿਹਾ, 'ਸੁਆਲ ਹੀ ਨਹੀ ਪੈਦਾ ਹੁੰਦਾ, ਇਹ ਕਿਵੇਂ ਹੋ ਸਕਦਾ ਹੈ? ਹੋਇਤ ਪਿਉ ਪੁੱਤ ਇੱਕਲੇ ਇੱਕਲੇ ਦੌੜਕ ਨਹੀ ਹਨ ਤੇ ਨਾ ਹੀ ਇਹ ਵੀਲ੍ਹ ਚੇਅਰ ਮੁਕਾਬਲਾ ਹੈ। ਇਸਤੋਂ ਬਾਦ ਕੁਝ ਸਾਲਾਂ ਤੱਕ ਪਿਉ ਪੁੱਤ ਨੇ ਉਬੜ ਖਾਬੜ ਖੇਤਾਂ ਨੂੰ ਚੁਣਕੇ ਦੌੜਨ ਦੀ ਜੀ ਤੋੜ ਪ੍ਰੈਕਟਿਸ ਕੀਤੀ ਤੇ ਕੁਝ ਪਰਦਰਸ਼ਨੀਆਂ ਕਰਕੇ, **1983** ਦੀ ਮੈਰਾਥਨ ਦੌੜ ਵਿਚ ਵਿਧੀ ਅਨੁਸਾਰ ਦਾਖਲਾ ਪ੍ਰਾਪਤ ਕਰ ਲਿਆ। ਇਸ ਦੌੜ ਵਿਚ ਉਨ੍ਹਾਂ ਦਾ ਪਰਦਰਸ਼ਨ ਕਾਬਿਲੇ ਤਾਰੀਫ ਸੀ ਤੇ ਕਵਾਲੀਫਾਈ ਕਰਨ ਲਈ ਨਿਰਧਾਰਿਤ ਸਮੇਂ ਵਿਚ ਦੌੜ ਪੂਰੀ ਕਰ ਲਈ। ਦੋ ਸਾਲ ਬਾਦ ਫਿਰ ਬੌਸਟੇਨ ਵਿਚ ਮੈਰਾਥਨ ਦਾ ਬਿਗਲ ਵਜਣਾ ਸੀ।

ਕਿਸੇ ਨੇ ਟਿੱਚਰ ਕੀਤੀ, "ਹੇ ਡਿੱਕ, ਤੂੰ ਟਰਾਇਥਲੋਨ ( ਲਗਾਤਾਰ ਤਿੰਨ ਐਥਲੈਟਿਕ ਈਵੈਂਟ ਵਿਚ ਹਿੱਸਾ ਲੈਣਾ)ਵਿਚ ਕਿਉਂ ਨਹੀ ਸ਼ਾਮਲ ਹੁੰਦਾ?"

ਡਿੱਕ ਨੇ ਇਸ ਟਿੱਚਰ ਨੂੰ ਵੀ ਸੰਜੀਦਾ ਲਿਆ। ਡਿੱਕ ਇੱਕ ਇਹੋ ਜਿਹਾ ਇਨਸਾਨ ਜਿਸਨੇ ਕਦੇ ਵੀ ਤਰਨਾ ਨਹੀ ਸਿਖਿਆ ਸੀ, ਕਦੇ ਵੀ ਛੇ ਸਾਲ ਦੀ ਉਮਰ ਤੋਂ ਬਾਦ ਸਾਇਕਲ ਨਹੀ ਚਲਾਈ ਸੀ। ਉਸਨੇ ਮੰਨ ਬਣਾ ਲਿਆ ਕਿ ਉਹ ਆਪਣੇ **110** ਪੌਂਡ ਦੇ ਨਿਆਂਣੇ ਨੂੰ ਟਰਾਇਥਲੋਨ ਲਈ ਵੀ ਤਿਆਰ ਕਰੇਗਾ ਤੇ ਉਸਨੇ ਕੋਸ਼ਿਸ਼ ਆਰੰਭ ਦਿੱਤੀ।

ਇਹ ਕੋਸ਼ਿਸ਼ ਹੀ ਨਹੀ ਸੀ, ਉਸਨੇ ਕਰ ਵਿਖਾਇਆ। ਦੋ ਸੌ ਬਾਰਾਂ ਵਾਰ ਉਹ ਟਰਾਇਥਲੋਨ ਵਿਚ ਹਿੱਸਾ ਲੈ ਚੁੱਕੇ ਹਨ ਇਨ੍ਹਾਂ ਵਿਚ ਚਾਰ ਗੁਰੀਲੀਅਨ ਮੈਰਾਥਨ ਵੀ ਸ਼ਾਮਲ ਹਨ ਤੇ ਹਵਾਈ ਵਿਚ ਹੋਈ ਆਇਰਨਮੈਂਨ ਵਾਲੀ ਈਵੈਂਟ ਵੀ। ਇਹ ਤੇ ਇੰਞ ਲਗਦੈ ਹੈ ਜਿਵੇਂ ਰਿੱਕ ਨੂੰ ਮੁਸ਼ਕਲ ਹਾਲਤ ਵਿਚ ਮਾਰਨ ਵਾਲੀ ਗੱਲ ਹੀ ਸੀ, ਪਰ ਡਿੱਕ ਨੂੰ ਜਿਵੇਂ ਕੋਈ ਤਾਪ ਚੜ੍ਹਿਆ ਹੋਵੇ।

'ਹੇ ਡਿੱਕ ਤੂੰ ਨਿਆਣੇ ਨੂੰ ਕਿਉਂ ਮੁਸੀਬਤ ਵਿਚ ਪਾਇਆ ਹੈ, ਤੂੰ ਆਪ ਕਿਉਂ ਨਹੀ ਇਹ ਸਭ ਕਰਦਾ?"

"ਨਹੀ ਇਹ ਮੇਰੇ ਲਈ ਨਹੀ ਹੈ, ਇਹ ਤੇ ਸਿਰਫ ਇੱਕ ਬਾਪ ਦੇ ਰੋਹਬ ਵਾਲੀ ਭਾਵਨਾ ਹੈ, ਇਸਨੂੰ ਮੈਂ ਕਿਵੇਂ ਗੁਆ ਸਕਦਾ ਹਾਂ? ਉਹ ਰਿੱਕ ਦੇ ਮੂੰਹ ਤੇ ਖਰਬੂਜੇ ਵਾਂਗ ਉੱਗ ਆਈ ਮੁਸਕਰਾਹਟ ਵੇਖਕੇ ਧੰਨ ਧੰਨ ਹੋ ਜਾਂਦਾ ਸੀ ਜਦੋਂ ਉਹ ਦੌੜਦੇ, ਤੈਰਦੇ ਤੇ ਇੱਕਠੇ

ਸਾਇਕਲ ਚਲਾਉਂਦੇ ਸਨ।

**1992** ਵਿਚ **24**ਵੀਂ ਬੌਸਟਨ ਮੈਰਾਥਨ ਵਿਚ ਡਿੱਕ ਤੇ ਰਿੱਕ ਦੋਵੇਂ ਦੌੜੇ, ਇਨ੍ਹਾ ਦੀ ਉਮਰ ਕਰਮਵਾਰ **65** ਤੇ **43** ਸਾਲ ਸੀ। ਵੀਹ ਹਜ਼ਾਰ ਸ਼ੁਰੂਆਤੀ ਦੌੜਾਕ ਸਨ ਉਨ੍ਹਾਂ ਵਿਚੋਂ ਇਨ੍ਹਾ ਦਾ ਫਿਨਿਸ਼ ਨੰਬਰ **5083** ਸੀ। ਇਨ੍ਹਾਂ ਦਾ ਬੈਸਟ ਟਾਈਮ ਦੋ ਘੰਟੇ ਤੇ ਚਾਲੀ ਮਿੰਟ ਸੀ ਤੇ ਵਰਲਡ ਰੈਕਰਡ ਤੋਂ **35** ਮਿੰਟ ਹੀ ਪਿੱਛੇ ਸੀ। ਇਹੋ ਜਿਹੇ ਮਾਮਲੇ ਵਿਚ ਤੁਸੀਂ ਟਾਇਮ ਦਾ ਰਿਕਾਰਡ ਨਹੀ ਰੱਖ ਸਕਦੇ ਜਦੋਂ ਕੋਈ ਕਿਸੇ ਵੀਲ੍ਹ ਚੇਅਰ ਨੂੰ ਮਦਦ ਕਰਦਾ ਵੀ ਆਪ ਦੌੜੇ।

ਰਿੱਕ ਨੇ ਆਪਣੇ ਰਿਕਾਰਡ ਵਿਚ ਟਾਇਪ ਕੀਤਾ, "ਇਸ ਵਿਚ ਕੋਈ ਸ਼ਕ ਨਹੀ ਕਿ ਮੇਰਾ ਡੈਡ ਇਸ ਸਦੀ ਦਾ ਸਭਤੋਂ ਵਧੀਆ ਡੈਡ ਹੈ।"

ਡਿੱਕ ਨੇ ਲੋਹ ਪੁਰਸ਼ ਵਾਲੀਆਂ ਭਾਵਨਾਵਾਂ ਹੀ ਨਹੀ ਮਾਣੀਆਂ ਸਗੋਂ ਕੁਝ ਹੋਰ ਵੀ ਉਸਦੇ ਹਿੱਸੇ ਆਇਆ। ਦੋ ਸਾਲ ਪਹਿਲਾਂ ਇੱਕ ਦੌੜ ਦੌਰਾਨ ਉਸਨੂੰ ਹਲਕਾ ਦਿਲ ਦਾ ਦੌਰਾ ਪਿਆ। ਡਾਕਟਰਾਂ ਨੇ ਵੇਖਿਆ ਕਿ ਉਸਦੀ ਇੱਕ ਅਰਟਰੀ **95%** ਬਲੌਕ ਹੋ ਚੁੱਕੀ ਹੈ ਤੇ ਡਾਕਟਰਾਂ ਨੇ ਕਿਹਾ ਕਿ ਇਹ ਆਰਟਰੀ ਇਤਨੀ ਖਰਾਬ ਹੈ ਕਿ ਜੇ ਤੂੰ ਆਪਣੇ ਸੇਹਤ ਇਤਨੀ ਵਧੀਆ ਕਾਇਮ ਕਰਕੇ ਨਾ ਰੱਖੀ ਹੁੰਦੀ ਤਾਂ ਤੂੰ ਪੰਦਰਾਂ ਸਾਲ ਪਹਿਲਾਂ ਹੀ ਦੁਨੀਆਂ ਤੋਂ ਕੂਚ ਕਰ ਜਾਣਾ ਸੀ।

ਇਸਤਰ੍ਹਾਂ ਡਿੱਕ ਤੇ ਰਿੱਕ ਦੋਵਾਂ ਨੇ ਹੀ ਇੱਕ ਦੂਜੇ ਦੀ ਜਾਨ ਬਚਾਈ।

ਪੁੱਤਰ ਰਿੱਕ ਦਾ ਆਪਣਾ ਅਪਾਰਟਮੈਂਟ ਹੈ, ਉਸਨੂੰ ਹੋਮ ਕੇਅਰ ਸਰਕਾਰ ਵਲੋਂ ਮਿਲਦੀ ਹੈ ਤੇ ਉਹ ਬੌਸਟਨ ਵਿਚ ਕੰਮ ਕਰਦਾ ਹੈ ਤੇ ਡਿੱਕ ਫੌਜ ਵਿਚੋਂ ਰਿਟਾਇਰ ਹੋਕੇ ਹੌਲੈਂਡ ਵਿਚ ਰਹਿੰਦਾ ਹੈ। ਉਹ ਦੋਵੇਂ ਇੱਕ ਦੂਜੇ ਨੂੰ ਮਿਲਣ ਦੇ ਬਹਾਨੇ ਤਲਾਸ਼ਦੇ ਰਹਿੰਦੇ ਹਨ। ਮੁਲਕ ਦੇ ਕੋਨੇ ਕੋਨੇ ਵਿਚ ਉਹ ਦੋਵੇਂ ਅਹਿਮ ਮੁੱਦਿਆਂ ਤੇ ਭਾਸ਼ਨ ਦਿੰਦੇ ਰਹਿੰਦੇ ਹਨ। ਖਾਸਮ ਖਾਸ ਮੌਕਿਆਂ ਤੇ ਦੌੜਦੇ ਵੀ ਹਨ ਤੇ ਇੱਕ ਖਾਸ ਮੌਕਾ ਫਾਦਰ ਡੇ ਹੈ।

ਰਿੱਕ ਦੀ ਇੱਕ ਨਾ ਪੂਰੀ ਹੋਣ ਵਾਲੀ ਖਾਹਸ਼ ਹੈ। ਉਹ ਡੈਡ ਨੂੰ ਇੱਕ ਖੁਸੀ ਦੇਣਾ ਚਾਹੁੰਦਾ ਹੈ, ਉਹ ਚਾਹੁੰਦਾ ਹੈ ਕਿ ਡੈਡ ਵੀਲ੍ਹ ਚੇਅਰ ਤੇ ਬੈਠਣ ਤੇ ਉਹ ਉਸ ਚੇਅਰ ਨੂੰ ਧੱਕਾ ਲਾਕੇ ਭਜਾਵੇ ਪਰ ਰਿੱਕ ਆਪਣੇ ਡੈਡ ਲਈ ਇਹ ਤੋਹਫਾ ਕਦੇ ਵੀ ਖਰੀਦ ਨਹੀ ਸਕੇਗਾ, ਤੇ ਉਹ ਰਾਤ ਕਦੇ ਵੀ ਨਹੀ ਆਵੇਗੀ ਜਦੋਂ ਇਸ ਮੌਕੇ ਦੀ ਸੰਪੂਰਨਤਾ ਤੋਂ ਬਾਦ ਰਿੱਕ ਆਪਣੇ ਡੈਡ ਲਈ ਰਾਤ ਦਾ ਡਿਨਰ ਖਰੀਦੇਗਾ।

Sports Illustrated Issue date: June 20, 2005, p. 88

16

# ਸੰਵੇਦਨਾ ਤੇ ਗੁੱਸਾ

ਕਿਉਂ ਆਉਂਦਾ ਹੈ ਗੁਸਾ? ਇੱਕ ਵਡਾ ਪ੍ਰਸ਼ਨ ਹੈ ਸਾਡੇ ਸਾਹਮਣੇ। ਇਸਦਾ ਜੁਆਬ ਲਭਦਿਆਂ ਉਮਰਾਂ ਬੀਤ ਜਾਂਦੀਆਂ ਹਨ। ਕਦੇ ਅਸੀਂ ਧਰਮ ਦਾ ਸਹਾਰਾ ਲੈਂਦੇ ਹਾਂ, ਕਦੇ ਕਿਤਾਬਾਂ, ਕਦੇ ਮਨੋ ਵਿਗਿਆਨ ਤੇ ਕਦੇ ਦਾਰਸ਼ਨਿਕਾਂ ਦੀਆਂ ਕਹੀਆਂ ਹੋਈਆਂ ਗੱਲਾਂ ਦਾ। ਇਸਦਾ ਸਬੰਧ ਮਾਇੰਡ ਸੈੱਟ ਨਾਲ ਹੈ। ਜੋ ਅਸੀਂ ਆਸ ਕਰਦੇ ਹਾਂ, ਵਾਕਿਆ ਉਸਦੇ ਅਨੁਸਾਰ ਨਹੀ ਹੁੰਦੇ। ਫਿਰ ਕੀ ਕੀਤਾ ਜਾਵੇ, ਆਪਣੇ ਆਪ ਨੂੰ ਬਦਲਿਆ ਜਾਵੇ ਜਾਂ ਵਾਕਿਆਤ ਦੀ ਹੋਣੀ ਨੂੰ। ਅਸੀਂ ਹਮੇਸ਼ਾਂ ਵਾਕਿਆਤ ਨੂੰ ਹੀ ਬਦਲਣ ਦੀ ਕੋਸ਼ਿਸ਼ ਵਿਚ ਜੁਟੇ ਹੁੰਦੇ ਹਾਂ, ਸੋਚਦੇ ਹਾਂ ਕਿ ਅਸੀਂ ਤੇ ਬਿਲਕੁਲ ਠੀਕ ਹਾਂ। ਬੇਵਫਾ ਸੱਜਣ ਹੋ ਗਿਆ ਪਰ ਬੇਵਫਾ ਵੀ ਤੇ ਪਿਆਰ ਵਿਚ ਹੁੰਦਾ ਹੈ ਤੇ ਉਸਦੀਆਂ ਕੀਮਤਾਂ ਉਸਦੇ ਮਾਈਡ ਸੈੱਟ ਅਨੁਸਾਰ ਹੀ ਹੁੰਦੀਆਂ ਹਨ। ਹਰ ਇੱਕ ਦੇ ਜੋੜ ਤੋੜ ਆਪੋ ਆਪਣੇ ਹਨ। ਵਿਅਕਤੀ ਦੇ ਆਪੇ ਤੋਂ ਲੈਕੇ ਗਲੋਬਲ ਰਾਜਨੀਤੀ ਅਨੁਸਾਰ ਸਾਡੀ ਸੋਚ ਫੈਲੀ ਹੋਈ ਹੁੰਦੀ ਹੈ। ਤੁਹਾਡੇ ਸੋਚ ਦੇ ਅਰਥਚਾਰੇ ਦਾ ਕਿਸੇ ਕੋਲ ਤੋੜ ਨਹੀ ਹੁੰਦਾ। ਅਸਲ ਵਿਚ ਤੁਸੀਂ ਆਪਣੀ ਚਾਰਾਜੋਈ ਖਰਚ ਕਰਦੇ ਹੀ ਉੱਥੇ ਹੋ ਜਿਥੋਂ ਕੁਝ ਮਿਲਣਾ ਹੋਵੇ। ਇਹ ਮਿਲਣ ਮਿਲਾਉਣ ਦਾ ਸਿਲਸਿਲਾ ਵੀ ਅਜੀਬ ਹੈ। ਕਈ ਵਾਰ ਇਹ ਸਪਰਸ਼ੀ ਨਹੀ ਹੁੰਦਾ।

ਵਾਸਤਵਿਕਤਾ ਤਾਂ ਫੁੱਲ ਦੇ ਛੁਪੇ ਪਰਾਗ ਵਿਚ ਹੁੰਦੀ ਹੈ, ਪਰ ਅਸੀਂ ਫੁੱਲਾਂ ਦਾ ਭਰਮ ਪਾਲ ਲੈਂਦੇ ਹਾਂ। ਕੋਈ ਹਰਜ਼ ਨਹੀ ਇਹ ਕਰਨ ਵਿਚ ਵੀ ਪਰ ਯਥਾਰਥ ਤਾਂ ਚੋਭ ਦਿੰਦਾ ਹੀ ਹੈ ਤੇ ਅਸੀਂ ਉਸਦੇ ਆਦੀ ਨਹੀ ਹੁੰਦੇ ਕਿਉਂਕਿ ਸਾਡੇ ਅਵਚੇਤਨ ਦੀ ਸਾਰੀ ਖੇਡ ਹੀ ਵਿਗੜ ਜਾਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਇਹ ਵਰਤਾਰੇ ਤਾਂ ਸਰੀਰਕ, ਨਿਸਚਿਤ, ਤੇ ਛੋਹੇ ਜਾਣ ਵਾਲੇ ਹਨ ਪਰ ਇਸਨੂੰ ਮਹਿਸੂਸ ਕਰਨ ਦੀ ਲਗਨ ਪੈਦਾ ਹੀ ਤਾਂ ਹੋਵੇਗੀ ਕਿ ਜੇ ਅਸੀਂ ਮਾਇੰਡ ਸੈੱਟ ਨੂੰ ਖਗੋਲਣ ਦੇ ਰਾਹ ਤੁਰਾਂਗੇ। ਜਿਵੇਂ ਜ਼ੈਨ ਫਿਲਾਸਫੀ ਵਿਚ ਸ਼ਬਦ ਹੈ 'ਅਨਲਰਨ' ਹੋਣਾ। ਇਸ ਅਨਲਰਨ ਹੋਣ ਦੀ ਪ੍ਰਕਿਰਿਆ ਨੂੰ ਸਮਝਣ ਦੀ ਲੋੜ ਹੈ। ਇਹ ਜ਼ਰੂਰੀ ਵੀ ਨਹੀ ਕਿ ਇਸਦੀ ਪੈਰੋਕਾਰੀ ਕੀਤੀ ਜਾਵੇ ਪਰ ਜੇ ਇਸ ਸ਼ਬਦ ਦੀ ਪਹਿਚਾਣ ਕਰ ਲਵਾਂਗੇ ਤਾਂ ਜੋ ਇਸਦੀ ਸਾਧਨਾ ਕਰਦੇ ਹਨ, ਉਨ੍ਹਾਂ ਦਾ ਵਿਰੋਧ ਕਰਨ ਤੋਂ ਨਿਜ਼ਾਤ ਹਾਸਲ ਸਹਿਜੇ ਹੀ ਕਰ ਸਕਦੇ ਹਾਂ। ਦੋ ਚਾਰ ਤੇ ਸ਼ਬਦ ਹਨ, ਸਾਡੇ ਹਿਰਿਦਿਆਂ ਵਿਚ ਵਸੇ ਹੋਏ। ਈਰਖਾਲੂ, ਝਗੜਾਲੂ, ਸ਼ਰਧਾਲੂ, ਕੀ ਇਨ੍ਹਾਂ ਸ਼ਬਦਾਂ ਨਾਲ ਅਨਲਰਨ ਦੀ ਪ੍ਰੋਸੈਸ ਹੋ ਸਕਦੀ ਹੈ? ਨਹੀ ਜੀ ਇਹ ਤੇ ਬਾਵੇ ਹਨ ਸਾਡੇ ਵਸਾਏ ਹੋਏ, ਇਹ ਤੇ ਸਾਡੇ ਪਰੌਂਠੇ ਹਨ, ਜਿਨ੍ਹਾਂ ਬਗੈਰ ਅਸੀਂ ਜਿੰਦਾ ਹੀ ਨਹੀ ਰਹਿ ਸਕਦੇ। ਮਤਲਬ ਦੀ ਗੱਲ ਤੇ ਇਹ ਹੈ ਕਿ ਅਸੀਂ ਦੂਜੇ

ਦੀ ਸੋਚ ਵਿਚ ਟੰਗ ਅੜਾਉਣ ਦੀ ਘਾੜਤ ਤੋਂ ਆਪਣੇ ਆਪ ਨੂੰ ਬਚਾ ਕੇ ਰਖੀਏ।

ਗੁੱਸਾ ਅੰਤ ਵਿਚ ਕਿਸੇ ਚੀਜ਼ ਦਾ ਹੱਲ ਨਹੀ ਹੁੰਦਾ, ਸਿਵਾਏ ਆਪੇ ਵਿਚੋਂ ਕੁਝ ਮਨਫੀ ਹੋਣ ਤੋਂ। ਅਸੀ ਕੁਝ ਕਰਨਾ ਹੈ ਤੇ ਕੁਝ ਨਹੀ ਕਰਨਾ, ਇਸਦਾ ਫੈਸਲਾ ਕਰਨ ਵਿਚ ਅਸੀਂ ਕਿਸੇ ਕੋਲੋਂ ਸਲਾਹ ਨਹੀ ਲੈਂਦੇ ਤੇ ਸਿਰਫ ਗੁੱਸੇ ਨੂੰ ਹੀ ਇਜਾਜ਼ਤ ਦੇ ਦਿੰਦੇ ਹਾਂ। ਵਾਕਿਆ ਤੋਂ ਸਹਿਜੇ ਹੀ ਵਿੱਥ ਸਿਰਜੀ ਜਾ ਸਕਦੀ ਹੈ ਪਰ ਸਿਰਜਣ ਲਈ ਸ਼ੂਨਅ ਵਿਚਲੀ ਵਿੱਥ ਸਾਡੇ ਕਹਿੰਣੇ ਵਿਚ ਨਹੀ ਹੁੰਦੀ। ਕਹਿੰਦੇ ਹਨ ਜ਼ਬਾਨ ਵਿਚੋਂ ਨਿਕਲੀ ਹੋਈ ਗੱਲ, ਕਈ ਛੇਦ ਕਰ ਦਿੰਦੀ ਹੈ। ਜਿਸਦੀ ਭਰਪਾਈ ਸੰਭਵ ਨਹੀ ਹੁੰਦੀ, ਹਾਂ ਪੇਤਲੀ ਪਾਈ ਜਾ ਸਕਦੀ ਹੈ ਪਰ ਪੇਤਲੀ ਪਾਉਣ ਦੀ ਕੋਸ਼ਿਸ਼ ਸੁਭਾਅ ਦਾ ਹਿੱਸਾ ਬਣ ਜਾਣੀ ਚਾਹੀਦੀ ਹੈ, ਤਾਂ ਕਿ ਘਟ ਤਨਾਵ ਪੈਦਾ ਹੋਵੇ, ਜਦੋਂ ਅਸੀਂ ਜਾਂ ਹੋਰ ਇਹ ਕਹਿੰਦੇ ਹਾਂ ਕਿ ਉਹਦੇ ਹੁਕਮ ਤੋਂ ਬਗੈਰ ਪੱਤਾ ਨਹੀ ਹਿਲ ਸਕਦਾ, ਜਾਂ ਸਮਾਜ ਨੂੰ ਹੀ ਇਸਤਰ੍ਹਾਂ ਬਣਾਵੋ ਜਿੱਥੇ ਸਾਰੇ, ਸਾਰਾ ਕੁਝ ਪ੍ਰਾਪਤ ਕਰ ਸਕਣ ਤਾਂ ਅਸੀਂ ਸਿਰਫ ਕਹਿ ਹੀ ਰਹੇ ਹੁੰਦੇ ਹਾਂ, ਕਰ ਕੁਝ ਨਹੀ ਹੁੰਦੇ।

ਇਸਨੂੰ ਚੰਗੀ ਤਰ੍ਹਾਂ ਸਮਝਣ ਲਈ ਇੱਕ ਕਹਾਣੀ ਮੁਜ਼ਬ ਕੁਝ ਇੰਟਰਨੈੱਟ ਤੋਂ ਪੜ੍ਹਿਆ ਜੋ ਇਸ ਨਾਲ ਮੇਲ ਖਾਂਦਾ ਹੈ, ਪ੍ਰਭਾਵ ਕਬੂਲ ਕਰਨ ਤੋਂ ਬਾਦ ਹੀ ਸੋਚਿਆ ਕਿਉਂ ਨਾ ਤੁਹਾਡੇ ਨਾਲ ਵੀ ਸਾਂਝਾ ਕੀਤਾ ਜਾਵੇ।

ਇੱਕ ਵਾਰ ਇੱਕ ਛੋਟਾ ਬੱਚਾ ਵੀ ਬੁਰੀ ਤਰ੍ਹਾਂ ਗੁਸੇ ਵਾਲੇ ਸੁਭਾਅ ਦਾ ਸੀ। ਗੱਲ ਗੱਲ ਤੇ ਗੁੱਸਾ ਕਰਦਾ ਤੇ ਘਰਦੇ ਪ੍ਰੇਸ਼ਾਨ ਸਨ। ਇੱਕ ਵਾਰ ਉਸਦੇ ਬਾਪ ਨੇ ਉਸਨੂੰ ਇੱਕ ਕਿੱਲਾਂ ਦਾ ਬੈਗ ਦਿੱਤਾ ਤੇ ਕਿਹਾ ਕਿ ਜਦੋਂ ਵੀ ਉਸਨੂੰ ਗੁੱਸਾ ਆਵੇ, ਉਹ ਇੱਕ ਕਿੱਲ ਹਥੌੜੀ ਨਾਲ ਫੈਂਸ (ਲਕੜ ਦੀ ਚਾਰ ਦਿਵਾਰੀ)ਵਿਚ ਠੋਕ ਦਿਆ ਕਰੇ। ਪਹਿਲੇ ਦਿਨ ਲੜਕੇ ਨੇ **37** ਕਿੱਲ ਫੈਂਸ ਵਿਚ ਗਡ ਦਿੱਤੇ। ਅਗਲੇ ਕੁਝ ਹਫਤੇ, ਉਸਨੇ ਆਪਣੇ ਗੁੱਸੇ ਤੇ ਥੋੜਾ ਬਹੁਤ ਕਾਬੂ ਪਾ ਲਿਆ ਤੇ ਫੈਂਸ ਵਿਚ ਗਡਣ ਵਾਲੇ ਕਿੱਲਾਂ ਦੀ ਗਿਣਤੀ ਘਟਣ ਲੱਗੀ। ਉਸਨੂੰ ਗਿਆਨ ਹੋ ਗਿਆ ਕਿ ਕਿੱਲ ਠੋਕਣ ਨਾਲ ਉਸਦਾ ਗੁੱਸਾ ਕਾਬੂ ਵਿਚ ਰਹਿੰਦਾ ਹੈ। ਪਲ ਦੀ ਪਲ ਧਿਆਨ ਵੰਡਿਆ ਜਾਂਦਾ ਹੈ।

ਆਖਰ ਉਹ ਦਿਨ ਵੀ ਆ ਗਿਆ, ਜਦੋਂ ਲੜਕੇ ਨੂੰ ਗੁੱਸਾ ਆਉਣਾ ਬਿਲਕੁਲ ਹੀ ਬੰਦ ਹੋ ਗਿਆ। ਉਸਨੇ ਇਹ ਸ਼ੁਭ ਖਬਰ ਆਪਣੇ ਬਾਪ ਨੂੰ ਦਸੀ ਕਿ ਉਸਦੇ ਕਿੱਲ ਵੀ ਖਤਮ ਹੋ ਗਏ ਹਨ ਤੇ ਗੁੱਸਾ ਵੀ ਨਹੀ ਆਉਂਦਾ।

ਬਾਪ ਆਪਣੇ ਪੁੱਤਰ ਦਾ ਹੱਥ ਫੜਕੇ ਉਸਨੂੰ ਫੈਂਸ ਕੋਲ ਲੈ ਗਿਆ, ਜਿੱਥੇ ਕਿੱਲ ਗਡੇ ਹੋਏ ਸਨ। ਬਾਪ ਨੇ ਕਿਹਾ, "ਤੂੰ ਬਹੁਤ ਹੀ ਵਧੀਆ ਕਿੱਲ ਗਡੇ ਹਨ। ਬਾਪ ਨੇ ਕਿਹਾ ਹੁਣ ਇਨ੍ਹਾਂ ਕਿੱਲਾਂ ਦੀ ਲੋੜ ਨਹੀ ਹੈ, ਇਸਲਈ ਇਨ੍ਹਾਂ ਨੂੰ ਪੁੱਟ ਕੇ ਬੈਗ ਵਿਚ ਪਾ ਦੇ। ਲੜਕੇ ਨੇ ਇਸਤਰਾਂ ਹੀ ਕੀਤਾ। ਫੈਂਸ ਤੇ ਬਹੁਤ ਸਾਰੇ ਹੋਲ ਹੋ ਚੁੱਕੇ ਸਨ। ਬਾਪ ਨੇ ਕਿਹਾ, ਬੇਟਾ, ਇਨ੍ਹਾਂ

ਹੋਲਾਂ ਵਲ ਵੇਖ। ਫੈਂਸ ਹੁਣ ਕਦੇ ਵੀ ਪਹਿਲਾਂ ਵਾਂਗ ਨਹੀ ਹੋ ਸਕਦੀ। ਜਦੋਂ ਤੂੰ ਕੋਈ ਵੀ ਗੱਲ ਗੁਸੇ ਵਿਚ ਕਹਿੰਦਾ ਹੈਂ, ਉਹ ਗੁਸੇ ਵਾਲੀ ਗੱਲ ਬਾਦ ਵਿਚ ਇਕ ਖਰੀਂਢ ਵਾਂਗ ਹੋ ਜਾਂਦੀ ਹੈ ਤੇ ਖਰੀਂਢ ਨਾਲ ਇੱਕ ਧੱਬਾ ਬਣ ਜਾਂਦਾ ਹੈ ਜੋ ਹਮੇਸ਼ਾਂ ਰਹਿੰਦਾ ਹੈ। ਕੀ ਤੂੰ ਚਾਕੂ ਲੈਕੇ ਵੀ ਵਿਅਕਤੀ ਤੇ ਬਣੇ ਖਰੀਂਢ ਨੂੰ ਦੂਰ ਕਰ ਸਕਦਾ ਹੈਂ?

ਇਸ ਨਾਲ ਕੋਈ ਫਰਕ ਨਹੀ ਪੈਂਦਾ ਕਿ ਤੂੰ ਕਿਤਨੀ ਵਾਰ ਸੌਰੀ ਕਹਿੰਦਾ ਹੈਂ। ਖਰੀਂਢ ਤੇ ਸੌਰੀ ਸਮਾਨੰਤਰ ਨਹੀ ਚਲ ਸਕਦੇ, ਹਾਂ ਵਕਤਨ, ਕੁਝ ਰਾਹਤ ਜ਼ਰੂਰ ਦੇ ਦਿੰਦੇ ਹਨ। ਇਸ ਗੱਲ ਨੂੰ ਯਕੀਨੀ ਬਣਾ ਲਵੋ ਕਿ ਕਦੇ ਵੀ ਐਸੀ ਗੱਲ ਨਾ ਕਰੋ, ਜਿਸ ਲਈ ਬਾਦ ਵਿਚ ਤੁਹਾਨੂੰ ਅਫਸੋਸ ਹੋਵੇ। ਹਾਂ ਤੁਸੀਂ ਬਹੁਤ ਸਿਆਣੇ ਹੋ, ਬਹੁਤ ਬੋਲਦੇ ਹੋ, ਬਹੁਤ ਲਿਖਦੇ ਹੋ। ਤੁਸੀਂ ਆਪਣੇ ਕੰਮ ਵਿਚ ਰੁਝੇ ਰਹੋ। ਕੋਈ ਦੂਜਾ ਕੀ ਕਹਿੰਦਾ ਹੈ, ਕੀ ਕਰਦਾ ਹੈ? ਇਹ ਸਭ ਲਈ ਜੇ ਤੁਹਾਡੇ ਕੋਲ ਸਮਾਂ ਹੈ ਤਾਂ ਫੈਂਸ ਵਿਚ ਉਗਿਆ ਹੋਇਆ ਇੱਕ ਕਿੱਲ ਹੋਰ ਕਢ ਲਵੋ। ਦੇਖੋਗੇ ਕਿ ਕਿੱਲ ਤੇ ਨਿਕਲ ਗਿਆ ਪਰ ਆਪਣਾ ਨਿਸ਼ਾਨ ਛੱਡ ਗਿਆ।

## 17
# ਢੋਏ ਹੋਏ ਬੂਹੇ

ਆਸ ਤੇ ਇਹ ਹੁੰਦੀ ਹੈ ਕਿ ਤੁਹਾਡੇ ਅੰਦਰ ਦੀ ਪੀੜ ਨੂੰ ਪਛਾਣਿਆਂ ਜਾਵੇਗਾ ਪਰ ਇਹ ਪੀੜਾਂ ਵੀ ਤੇ ਆਪੋ ਆਪਣੀਆਂ ਹੀ ਹੁੰਦੀਆਂ ਹਨ। ਕਈ ਵਾਰੀ ਤੁਸੀਂ ਖ਼ੂਬਸੂਰਤ ਜਜ਼ਬਾਤੀ ਮੌਕਾ ਮੇਲ ਦੇਖਦੇ ਹੋ ਪਰ ਇਹ ਜ਼ਰੂਰੀ ਨਹੀ ਕਿ ਦੁਸਰਾ ਵੀ ਸੋਚ ਦੇ ਉਸ ਖਟੋਲੇ ਤੇ ਸਵਾਰ ਹੋਵੇ। ਹੋ ਸਕਦਾ ਹੈ ਕਿ ਦੂਜਾ ਤੁਹਾਡੀ ਗੱਲ ਨੂੰ ਸਮਝ ਹੀ ਨਾ ਸਕਦਾ ਹੋਵੇ ਤੇ ਤੁਹਾਡੇ ਕਹੇ ਨੂੰ ਜ਼ਿੰਦਗੀ ਦਾ ਕੋਈ ਉਪਾਅ ਸਮਝ ਰਿਹਾ ਹੋਵੇ ਤੇ ਔਖੀ ਘੜੀ ਵਿਚੋਂ ਭਜਣ ਦੀ ਕੋਸ਼ਿਸ਼ ਵਿਚ ਤੁਹਾਨੂੰ ਭਗੌੜਾ ਸਮਝ ਲਵੇ। ਉਸ ਵਕਤ ਤੁਹਾਡੀ ਦਲੀਲ ਨੂੰ ਸਿਰਫ ਤੁਹਾਡਾ ਦਿਲ ਹੀ ਸਮਝ ਸਕਦਾ ਹੈ ਕਿਸੇ ਹੋਰ ਦਾ ਦਿਲ ਸਮਝੇ, ਇਸ ਲਈ ਵਕਤ ਚਾਹੀਦਾ ਹੈ। ਇਹ ਵਕਤ ਕਈ ਵਾਰੀ ਉਮਰਾਂ ਤੱਕ ਫੈਲ ਜਾਂਦਾ ਹੈ।

ਉਹਨੀਂ ਦਿਨੀਂ ਮੇਰਾ ਨਵਾਂ ਨਵਾਂ ਦਿਲ ਟੁਟਿਆ ਸੀ। ਕਹਿੰਦੇ ਹਨ ਕਿ ਆਸ਼ਕ ਕਿਸੇ ਕੰਮ ਦੇ ਨਹੀ ਹੁੰਦੇ, ਨਿਕੰਮੇ ਤੇ ਕੰਮ-ਚੋਰ ਕਿਸੇ ਥਾਂ ਦੇ। ਮੈਂ ਵਕਾਲਤ ਦਾ ਲਾਇਸੈਂਸ ਤੇ ਲੈ ਲਿਆ ਸੀ ਪਰ ਪੈਸੇ ਕਮਾਉਣ ਦਾ ਅਜੇ ਕੋਈ ਵਿਚਾਰ ਨਹੀ ਸੀ ਤੇ ਸਿਰ ਨੂੰ ਫਤੂਰ ਚੜ੍ਹਿਆ ਹੋਇਆ ਸੀ। ਮੈਂ ਅੰਮ੍ਰਿਤਸਰ ਕਚਹਿਰੀਆਂ ਵਿਚ ਪਰੈਕਟਿਸ ਸ਼ੁਰੂ ਕਰ ਦਿੱਤੀ ਤੇ ਚਾਹ ਪਾਣੀ ਤੇ ਲੰਚ ਲਈ ਵੀ ਘਰੋਂ ਪੈਸੇ ਲੈਕੇ ਜਾਂਦਾ ਸੀ। ਘਰਦਿਆਂ ਨੂੰ ਆਸ ਸੀ ਕਿ ਜਲਦੀ ਹੀ ਆਪਣੇ ਪੈਰਾਂ ਤੇ ਖਲੋ ਜਾਵੇਗਾ। ਉਨ੍ਹਾਂ ਨੂੰ ਮੇਰਾ ਪੈਰ-ਹੀਣ ਵਜ਼ੂਦ ਦਿਸਦਾ ਹੀ ਨਹੀ ਸੀ। ਸੱਚੀਂ ਗੱਲ

ਤੇ ਇਹ ਹੈ ਕਿ ਉੱਥੇ ਮੇਰੇ ਵਰਗੇ ਦੋ ਚਾਰ ਹੋਰ ਮੁਸ਼ਟੰਡੇ ਨਵੇਂ ਨਵੇਂ ਵਕੀਲ ਵੀ ਸਨ ਜੋ ਮੇਰੇ ਦੋਸਤ ਬਣ ਗਏ। ਕੋਈ ਵੀ ਵਕਾਲਤ ਦੀਆਂ ਪੁਰਾਣੀਆਂ ਰਹੁ-ਰੀਤਾਂ ਨੂੰ ਮੰਨਣ ਵਾਲਾ ਨਹੀ ਸੀ। ਮੇਰਾ ਗੁਜ਼ਾਰਾ ਸੀ ਤੇ ਬਾਕੀ ਘਰਾਂ ਤੋਂ ਵੀ ਸੌਖੇ ਸਨ। ਕਿਸੇ ਨੇ ਵੀ ਮਾੜਾ ਮੋਟਾ ਕੋਈ ਜ਼ਮਾਨਤ ਵਗੈਰਾ ਕਰਾਉਣ ਦਾ ਜੁਗਾੜ ਕਰ ਲੈਣਾ ਤੇ ਅਸੀਂ ਮਹਿਫ਼ਲ ਲਗਾ ਲੈਣੀ।

ਇੱਕ ਦਿਨ ਕਿਸੇ ਸਿਨੀਅਰ ਵਕੀਲ ਦਾ ਅਪੀਲ ਦਾ ਕੇਸ ਸੀ, ਤੇ ਉਹ ਆਪ ਸੈਸ਼ਨ ਕੋਰਟ ਜਾ ਨਹੀ ਸਕਦਾ ਸੀ ਕਿਸੇ ਰਿਸ਼ਤੇਦਾਰੀ ਵਿਚ ਜਾਣਾ ਸੀ। ਉਸਨੇ ਮੈਨੂੰ ਪੇਸ਼ ਹੋਣ ਲਈ ਤਿਆਰ ਕਰ ਲਿਆ ਤੇ ਨੁੱਕਤੇ ਸਮਝਾ ਦਿੱਤੇ, ਕਿ ਸਾਡਾ ਕੇਸ ਲੋਅਰ ਕੋਰਟ ਵਿਚ ਜਿਤਿਆ ਹੋਇਆ ਹੈ ਤੇ ਜੱਜ ਵੀ ਸਭ ਸਮਝਦਾ ਹੈ। ਤੂੰ ਸਿਰਫ ਆਹ ਚਾਰ ਪਵਾਇੰਟ ਹੀ ਬੋਲਣੇ ਹਨ ਜੋ ਉਸਨੇ ਮੈਨੂੰ ਲਿਖ ਕੇ ਦਿੱਤੇ। ਕੇਸ ਖਰਚੇ ਦਾ ਸੀ। ਤਲਾਕ ਤੋਂ ਬਾਦ ਔਰਤ ਤੇ ਉਸਦਾ ਬੱਚਾ ਮਹੀਨੇਵਾਰ ਖਰਚਾ ਚਾਹੁੰਦੇ ਸਨ। ਸਿਨੀਅਰ ਵਕੀਲ ਮੁੰਡੇ ਵਲੋਂ ਸੀ ਤੇ ਚਾਹੁੰਦਾ ਸੀ ਕਿ ਜੋ ਲੋਅਰ ਕੋਰਟ ਨੇ ਖਰਚਾ ਬੰਨ੍ਹਿਆ ਹੈ ਉਹ ਜ਼ਿਆਦਾ ਹੈ ਜੋ ਮੇਰਾ ਕਲਾਇੰਟ ਦੇ ਨਹੀ ਸਕਦਾ ਤੇ ਉਸਨੂੰ ਜਾਂ ਤੇ ਸੁਰਖਰੁ ਕੀਤਾ ਜਾਵੇ ਜਾਂ ਉਸਦੀ ਪਹੁੰਚ ਮੁਤਾਬਕ ਘੱਟ ਕੀਤਾ ਜਾਵੇ।

ਬਹੁਤੀ ਲੰਬੀ ਚੌੜੀ ਗੱਲ ਨਹੀ ਹੋਈ ਤੇ ਖਰਚਾ ਪੰਜਾਹ ਰੁਪਏ ਘਟਾ ਦਿੱਤਾ ਗਿਆ, ਮਸਲਾ ਇਸਤਰ੍ਹਾਂ ਬਣਿਆ ਕਿ ਅਸੀਂ ਜਿੱਤ ਗਏ ਸਾਂ। ਮੈਂ ਬਾਹਰ ਨਿਕਲਿਆ ਤੇ ਮੇਰੀ ਨਜ਼ਰ ਉਸ ਔਰਤ ਤੇ ਪਈ। ਉਸਨੇ ਢਾਕਾਂ ਨਾਲ ਲਾਕੇ ਨਿਆਣਾ ਕੁਛੜ ਚੁੱਕਿਆ ਹੋਇਆ ਸੀ ਤੇ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਗ ਰਹੇ ਸਨ। ਉਸਨੇ ਮੇਰੇ ਵੱਲ ਨਫਰਤ ਨਾਲ ਵੇਖਿਆ। ਉਸਦੀ ਉਹ ਨਫ਼ਰਤ ਅੱਜ ਵੀ ਦਿਲ ਵਿਚ ਖੁਭੀ ਹੋਈ ਹੈ। ਪਤਾ ਨਹੀ ਹੁਣ ਜਿੰਦਾ ਵੀ ਹੈ ਕਿ ਨਹੀ ਤੇ ਨਿਆਣਾ ਵਡਾ ਹੋਕੇ ਕੀ ਬਣਿਆ ਹੋਵੇਗਾ, ਘਰਵਾਲਾ ਤੇ ਖ਼ੂਬਸੂਰਤ ਨੌਜਵਾਨ ਸੀ, ਯਕੀਨਨ ਹੋਰ ਵਿਆਹ ਵੀ ਕਰਵਾ ਲਿਆ ਹੋਵੇਗਾ ਤੇ ਹੁਣ ਪਤਾ ਨਹੀ ਕਿਸ ਹਾਲ ਵਿਚ ਹੋਵੇਗਾ। ਇਹ ਛਿਣ ਮੈਂ ਕਿਸੇ ਵੀ ਸਹੀ ਮਾਇਨਿਆ ਵਿਚ ਕਦੇ ਵੀ ਸਮਝਾ ਨਹੀ ਸਕਿਆ ਕਿ ਉਸ ਵਕਤ ਮੇਰੇ ਦਿਲ ਤੇ ਕੀ ਬੀਤੀ ਸੀ? ਮੈਂ ਵਕਾਲਤ ਤੋਂ ਮੂੰਹ ਮੋੜ ਲਿਆ। ਹੋਰ ਵਜ਼ਾਹਤ ਨਹੀ ਕਰਾਂਗਾ। ਇੰਝ ਲਗੇਗਾ ਕਿ ਮੈਂ ਕੋਈ ਅਜੇ ਵੀ ਆਪਣੀ ਹੀ ਗੱਲ ਕਰ ਰਿਹਾ ਹਾਂ। ਮੈਂ ਕੋਈ ਐਸਾ ਨਹੀ ਹਾਂ ਜਿਸਨੇ ਕੋਈ ਮਾੜਾ ਕੰਮ ਕੀਤਾ ਹੀ ਨਾ ਹੋਵੇ, ਜਾਂ ਮੈਂ ਕੋਈ ਧਰਮ- ਪੁੱਤਰ ਹੋਵਾਂ ਪਰ ਯਕੀਨਨ ਇਸ ਗੱਲ ਨੇ ਮੇਰੇ ਤੇ ਅਸਰ ਬਹੁਤ ਕੀਤਾ ਸੀ। ਬਾਦ ਵਿਚ ਮੈਂ ਦਿਨ ਭੰਨਦਾ, ਘਰਦਿਆਂ ਦੇ ਸੁਪਨਿਆਂ ਤੋਂ ਡਰਦਾ, ਨਸ਼ੇ ਕਰਦਾ ਆਖਰ ਵਕਾਲਤ ਤੋਂ ਖਹਿੜਾ ਛੁਡਾਉਣ ਲਈ ਪੰਜਾਬ ਸਿੰਧ ਬੈਂਕ ਵਿਚ ਕਲਰਕੀ ਕਬੂਲ ਕਰ ਲਈ। ਘਰ ਵਾਲੇ ਨਰਾਜ਼ ਸਨ। ਬਾਪੂ ਤੇ ਕਿਤਨਾ ਚਿਰ ਹੀ ਬੋਲਿਆ ਹੀ ਨਾ। ਪਰ ਆਪਾਂ ਪਤਰਾ ਵਾਚ ਕੇ ਕਿਸੇ ਪਿੰਡ ਵਿਚ ਜਾਕੇ ਬੈਠ ਗਏ। ਲੋਕ ਪੁੱਛਦੇ ਸਨ ਤੇ ਕੋਈ ਯਕੀਨ ਵੀ ਨਹੀ ਕਰਦਾ ਸੀ ਪਰ ਸੱਚ ਇਹੋ ਹੈ ਜੋ ਸਿਰਫ ਮੈਨੂੰ ਪਤਾ ਸੀ ਤੇ ਅੱਜ ਤੁਹਾਨੂੰ ਦਸ ਰਿਹਾ ਹਾਂ। ਬਾਕੀ ਜ਼ਿੰਦਗੀ

ਵਿਚ ਕਈ ਕੁਝ ਐਸਾ ਦੇਖਣ ਨੂੰ ਮਿਲਿਆ ਜੋ ਮੇਰੇ ਕੀਤੇ ਐਕਸ਼ਨ ਨੂੰ ਠੀਕ ਠਹਿਰਾਉਂਦਾ ਸੀ ਤੇ ਕਿਸੇ ਹੋਰ ਦੀ ਪੀੜ ਨੂੰ ਮੈਂ ਆਪਣੀ ਪੀੜ ਨਾਲ ਜੋੜਕੇ ਵੇਖਣ ਦਾ ਆਦੀ ਹੋ ਗਿਆ ਸਾਂ।

ਹੁਣ ਐਸਾ ਵੀ ਵੇਖਿਆ ਹੈ ਕਿ ਕੋਈ ਨਵਾਂ ਨੌਜਵਾਨ, ਜੋ ਬਹੁਤ ਲਾਇਕ ਹੋਵੇਗਾ। ਕਿਸੇ ਸ਼ੁਭ ਸਵੇਰ ਹਰ ਕੋਈ ਉਸਨੂੰ ਵਧਾਈ ਦੇ ਰਿਹਾ ਹੈ ਤੇ ਉਹ ਸੋਚਦਾ ਹੈ ਕਿ ਕਿਵੇਂ ਉਸਨੇ ਲਾਅ ਦੀਆਂ ਪਰਤਾਂ ਫਰੋਲ ਕੇ ਕਤਲ ਦਾ ਮੁੱਕਦਮਾ ਜਿੱਤ ਲਿਆ ਹੈ। ਤੇ ਇੱਕ ਕਾਤਲ, ਬੜੀ ਮੜਕ ਨਾਲ ਸੜਕ ਤੇ ਬਾਕੀਆਂ ਨਾਲ ਅਜ਼ਾਦ ਤੁਰਿਆ ਜਾ ਰਿਹਾ ਹੈ। ਉਸਨੇ ਪਹਿਲਾਂ ਕਿਤੇ ਜ਼ਰੂਰ ਹੀ ਕਿਸੇ ਦੇ ਵਗ ਰਹੇ ਲਹੂ ਨੂੰ ਵੇਖਕੇ ਤੱਸਲੀ ਪ੍ਰਗਟ ਕੀਤੀ ਹੋਵੇਗੀ। ਕਲਾਇੰਟ ਅਜਾਦ ਹੈ ਤੇ ਵਕੀਲ ਕਾਮਯਾਬ ਤੇ ਸਮਾਜ----

ਕਿਤੇ ਐਸਾ ਵੀ ਹੋਵੇਗਾ ਕਿ ਕੋਈ ਆਪਣੀ 50 ਵੀਂ ਵਿਆਹ ਦੀ ਵਰ੍ਹੇ ਗੰਢ ਤੇ ਆਪਣੀ ਪਤਨੀ ਨੂੰ ਕਹਿ ਰਿਹਾ ਹੋਵੇਗਾ, ਮੇਰੀ ਜਾਨ, ਕਿਤਨਾ ਚੰਗਾ ਹੁੰਦਾ ਜੇ ਮੈਂ ਤੈਨੂੰ ਹੋਰ ਪਹਿਲੇ ਮਿਲਿਆ ਹੁੰਦਾ।

ਮੈਂ ਪੜ੍ਹ ਰਿਹਾ ਸੀ, ਸਾਂਝਾ ਹੈ ਤੁਹਾਡੇ ਲਈ ਇਸੇ ਹੀ ਸੰਦਰਭ ਵਿਚ---ਦੋ ਸਾਲ ਦੀ ਸੈਪਾਰੇਸ਼ਨ ਤੋਂ ਬਾਦ, ਮੇਰੀ ਐਕਸ ਵਾਈਫ ਤੇ ਮੈ ਇੱਕਠੇ ਹੋਏ ਤੇ ਅਸੀਂ ਆਪਣੀਆਂ ਦੂਰੀਆਂ, ਤੇ ਵਖਰੇਵੇਂ ਦੂਰ ਕਰ ਲਏ, ਤੇ ਉਸਤੋਂ ਬਾਦ ਡਿਨਰ ਡੇਟਿੰਗ ਤੇ ਇੱਕਠੇ ਹੋਏ। ਅਸੀਂ ਚਾਰ ਘੰਟੇ ਬਹੁਤ ਹੱਸੇ ਤੇ ਬਹੁਤ ਗੱਪਾਂ ਮਾਰੀਆ, ਜਿਹੜੀਆਂ ਮੁੱਕਣ ਵਿਚ ਹੀ ਨਹੀ ਆਉਂਦੀਆ ਸਨ। ਫਿਰ ਠੀਕ ਜਾਣ ਤੋਂ ਪਹਿਲਾਂ ਮੇਰੀ ਐਕਸ ਨੇ ਮੈਨੂੰ ਇੱਕ ਵਡਾ ਲਫਾਫਾ ਫੜਾਇਆ। ਉਸ ਵਿਚ ਪਿੱਛਲੇ ਦੋ ਸਾਲ ਦੌਰਾਨ, ਉਸਦੇ ਲਿਖੇ ਵੀਹ ਪ੍ਰੇਮ-ਪੱਤਰ ਸਨ। ਵਡੇ ਲਫਾਫੇ ਦੇ ਨਾਲ ਇੱਕ ਨੋਟ ਨੱਥੀ ਕੀਤਾ ਹੋਇਆ ਸੀ ਜਿਸਤੇ ਲਿਖਿਆ ਸੀ, "ਇਹ ਓਹ ਖਤ ਹਨ ਜੋ ਸਿਰਫ ਆਪਣੀ ਜਿੱਦ ਕਰਕੇ ਪੋਸਟ ਨਹੀ ਕੀਤੇ।"

## 18

# ਚੋਣ ਰਹਿਤ ਜੀਣਾ

ਅਸੀਂ ਆਪੋ ਆਪਣੀ ਸੋਚ ਚੁੱਕੀ ਫਿਰਦੇ ਹਾਂ। ਨਿਸਚਿਤ ਹੀ ਇਹ ਸਾਡੇ ਮਾਪ ਦੰਡਾਂ ਅਨੁਸਾਰ ਸੱਚ ਤੇ ਅਧਾਰਿਤ ਹੋਇਗੀ, ਪਰ ਸੱਚ ਹੈ ਕੀ? ਕੀ ਸਾਡਾ ਸੱਚ ਕਿਸੇ ਹੋਰ ਦੇ ਸੱਚ ਨਾਲ ਮੇਲ ਖਾਂਦਾ ਹੈ? ਜੇ ਨਹੀ ਤਾਂ ਸੋਚਣਾ ਪਵੇਗਾ ਕਿ ਸੱਚ ਨੂੰ ਜਾਨਣ ਲਈ ਸਾਡਾ ਗਿਆਨ ਅਧੂਰਾ ਹੈ। ਅਜੇ ਹੋਰ ਜਾਨਣ ਦੀ ਲੋੜ ਹੈ, ਪਰ ਇਹ ਇੱਕ ਸੁਹਿਰਦ ਲੋੜ ਹੈ। ਉੱਚੀ ਬੋਲਕੇ ਸਾਡਾ ਸੱਚ ਘਣਾ ਨਹੀ ਹੋ ਜਾਂਦਾ। ਕੰਨ ਸੁਨਣ ਲਈ ਹੁੰਦੇ ਹਨ ਤੇ ਮੰਨ ਸਮਝਣ ਲਈ ਹੁੰਦਾ ਹੈ।

ਦਾਰਸ਼ਨਿਕ ਕ੍ਰਿਸ਼ਨਾਮੁਰਤੀ ਨੂੰ ਜਦੋਂ **1974** ਈਸਵੀ ਨੂੰ ਉਸਦੀ ਸਵੈ-ਜੀਵਨੀ ਲਿਖਣ ਵਾਲੀ ਮੈਰੀ ਲੁਟੇਅਨਜ਼ ਨੇ ਪੁੱਛਿਆ ਕਿ ਉਹ ਆਪਣੀਆਂ ਸਿਖਿਆਵਾਂ ਨੂੰ ਕਿਵੇਂ ਪਰਿਭਾਸ਼ਿਤ ਕਰਨਾ ਚਾਹੇਗਾ ਤਾਂ ਉਸਦਾ ਵਿਸਤਾਰ ਇੰਝ ਦਾ ਸੀ-

**1929** ਵਿਚ ਕ੍ਰਿਸ਼ਨਾਮੂਰਤੀ ਨੇ ਇੱਕ ਬਿਆਨ ਦਿੱਤਾ ਸੀ ਕਿ ਉਸਦੀਆਂ ਸਿਖਿਆਵਾਂ ਦਾ ਮੂਲ ਮੰਤਰ ਇਸ ਵਿਚ ਹੈ ਕਿ ਸੱਚ ਇੱਕ ਮਾਰਗ-ਹੀਣ ਜਜ਼ੀਰਾ ਹੈ। ਇਨਸਾਨ ਇਸ ਵਿਚ ਕਿਸੇ ਸੰਸਥਾ ਰਾਹੀਂ, ਦੀਨ ਨਾਲ ਜੁੜਕੇ, ਕਟੜਪਣੇ ਨਾਲ ਜੁੜਕੇ, ਰੀਤੀ ਰਿਵਾਜਾਂ ਰਾਹੀਂ ਸ਼ਾਮਲ ਨਹੀ ਹੋ ਸਕਦਾ, ਤੇ ਨਾਂ ਹੀ ਕੋਈ ਦਰਸ਼ਨ, ਗਿਆਨ ਜਾਂ ਮਾਨਿਸਕ ਵਿਧੀਆਂ ਸਹਾਈ ਹੋ ਸਕਦੀਆਂ ਹਨ।

ਸੱਚ ਦੇ ਧੁਰੇ ਨਾਲ ਜੁੜਨ ਲਈ ਆਪਸੀ ਸਬੰਧਾਂ ਦੇ ਦਰਪਣ ਨੂੰ ਸਮਝਣਾ ਪੈਂਦਾ ਹੈ ਤੇ ਆਪਣੇ ਹੀ ਮੰਨ ਦੇ ਉਸਰੇ ਬਾਵਿਆਂ ਦੇ ਸਾਰ ਅੰਸ਼ ਵਿਚ ਲੰਘਣਾ ਪੈਂਦਾ ਹੈ। ਇਸ ਵਿਚੋਂ ਲੰਘਣ ਲਈ ਆਪਣੀ ਹੀ ਸੂਝ ਵਰਤਣੀ ਪੈਂਦੀ ਹੈ ਤੇ ਇੱਥੇ ਬੌਧਿਕ ਵਿਸ਼ਲੇਸ਼ਣ ਜਾਂ

ਸਵੈ-ਚਿੰਤਨ ਛਾਣਬੀਣ ਕੰਮ ਨਹੀ ਕਰਦੀ।

ਇਨਸਾਨ ਨੇ ਆਪਣੇ ਅੰਦਰ ਹੀ ਖਿਆਲਾਂ ਦੀ ਸੁਰਖਿਅਤ ਵਲਗਣ ਉਸਾਰ ਲਈ ਹੈ ਜਿਨ੍ਹਾਂ ਦਾ ਸਬੰਧ, ਧਰਮ, ਰਾਜਨੀਤੀ ਤੇ ਸਵੈ ਨਾਲ ਹੁੰਦਾ ਹੈ। ਇਹ ਤੇ ਖਿਆਲਾਂ, ਵਿਚਾਰਾਂ ਤੇ ਵਿਸ਼ਵਾਸਾਂ ਨਾਲ ਬੱਝੇ ਹੁੰਦੇ ਹਨ ਤੇ ਇਨ੍ਹਾਂ ਦਾ ਭਾਰ ਇਨਸਾਨ ਦੀ ਸੋਚ, ਸਬੰਧ ਤੇ ਨਿੱਤ ਪ੍ਰਤੀਦਿਨ ਦੀ ਜ਼ਿੰਦਗੀ ਨੂੰ ਗੁਲਾਮ ਬਣਾ ਲੈਂਦਾ ਹੈ।

ਅਸਲ ਵਿਚ ਇਹੋ ਜਿਹੀਆਂ ਖਿਆਲੀ ਤਸਵੀਰਾਂ ਹੀ ਸਾਡੀਆਂ ਸਮਸਿਆਵਾਂ ਦਾ ਮੁੱਖ ਕਾਰਣ ਹਨ ਤੇ ਇਹ ਹੀ ਇਨਸਾਨ ਨੂੰ ਇਨਸਾਨ ਨਾਲੋਂ ਤੋੜਦੀਆਂ ਹਨ। ਇਨਸਾਨ ਦੀ ਜ਼ਿੰਦਗੀ ਬਾਰੇ ਸੋਝੀ ਉਸੇ ਤਰ੍ਹਾਂ ਹੀ ਘੜੀ ਜਾਂਦੀ ਹੈ ਜਿਹੋ ਜਿਹੇ ਵਿਚਾਰ ਪਹਿਲਾਂ ਹੀ ਉਸਦੇ ਮੰਨ ਅੰਦਰ ਘੜੇ ਹੋਏ ਹੁੰਦੇ ਹਨ। ਇਹ ਹੀ ਉਸਦੀ ਜ਼ਮੀਰ ਦੇ ਮਾਪਦੰਡ ਬਣ ਗਏ ਹੁੰਦੇ ਹਨ। ਉਸਦਾ ਆਪਾ ਤੇ ਉਹ ਹੈ ਜੋ ਉਸਨੂੰ ਉਸਦੇ ਰੀਤੀ ਰਿਵਾਜ਼, ਸਭਿਅਤਾ ਤੇ ਆਲੇ ਦੁਆਲੇ ਨੇ ਦਿੱਤਾ ਹੋਇਆ ਹੈ। ਮਨੁੱਖ ਦਾ ਅਨੂਠਾਪਨ ਤਾਂ ਇਸ ਘੇਰੇ ਵਿਚ ਨਹੀ ਆਉਂਦਾ, ਸਗੋਂ ਮਨੁੱਖ ਦਾ ਨਿਰਾਲਾਪਨ ਤਾਂ ਇਸ ਆਲੇ ਦੁਆਲੇ ਤੋਂ ਗੜੁਚ ਹੋਈ ਜ਼ਮੀਰ ਤੋਂ ਅਜ਼ਾਦ ਹੋਣ ਵਿਚ ਹੈ।

ਸਾਰੀ ਸਰਬ-ਵਿਆਪਕ ਮਨੁੱਖਤਾ ਵਿਚ ਜਿਹੜੀ ਸਾਂਝ ਹੈ ਉਸ ਵਿਚ ਸ਼ਾਮਲ ਹੋਣ ਲਈ ਆਪਣੇ ਆਪ ਤੋਂ ਅਜ਼ਾਦ ਹੋਣਾ ਪੈਂਦਾ ਹੈ। ਇਸ ਲਈ ਉਹ ਆਪਾ ਨਹੀ ਹੈ ਸਗੋਂ ਮਨੁੱਖਤਾ ਦਾ ਇੱਕ ਹਿੱਸਾ ਹੈ।

ਅਜ਼ਾਦੀ ਕੋਈ ਪ੍ਰਤਿਕਿਰਿਆ ਨਹੀ ਹੈ, ਨਾਂ ਹੀ ਇਹ ਕੋਈ ਚੋਣ ਹੈ। ਇਹ ਤੇ ਇਨਸਾਨ ਦਾ ਇੱਕ ਛਲ ਦਿਖਾਵਾ ਹੈ, ਕਿਉਂਕਿ ਉਸ ਕੋਲ ਚੋਣ ਹੈ ਇਸ ਲਈ ਉਹ ਅਜ਼ਾਦ ਹੈ। ਅਜ਼ਾਦੀ ਤਾਂ ਇਨਸਾਨ ਦੀ ਉਹ ਰਾਏ ਹੈ ਜਿਸ ਲਈ ਕੋਈ ਨਿਰਦੇਸ਼ ਦੇਣ ਵਾਲਾ ਨਹੀ

ਹੈ, ਜਿੱਥੇ ਸਜ਼ਾ ਦਾ ਕੋਈ ਡਰ ਨਹੀ ਹੈ, ਜਿੱਥੇ ਇਨਾਮ ਦਾ ਕੋਈ ਲੋਭ ਨਹੀ ਹੈ। ਅਜ਼ਾਦੀ ਤਾਂ ਬਿਨ੍ਹਾਂ ਉਦੇਸ਼ ਤੋਂ ਹੁੰਦੀ ਹੈ। ਅਜ਼ਾਦੀ ਮਨੁੱਖ ਦਾ ਅੰਤਮ ਵਿਕਾਸ ਵੀ ਨਹੀ ਹੈ, ਬਲਕਿ ਅਜ਼ਾਦੀ ਤਾਂ ਉਸਦੀ ਹੋਂਦ ਦਾ ਪਹਿਲਾ ਕਦਮ ਮਾਤਰ ਹੈ। ਰਾਜਨੀਤਕ, ਧਾਰਮਿਕ ਤੇ ਸਾਹਿਤਕ ਹਲਕਿਆਂ ਵਿਚ ਇਸਦੀ ਗੂੰਜ਼ ਪਈ ਹੀ ਰਹਿੰਦੀ ਹੈ। ਇਹ ਵਰਤਾਰੇ ਵੀ ਵੇਖਣ ਨੂੰ ਮਿਲਦੇ ਹਨ, ਜਿਨ੍ਹਾਂ ਨੂੰ ਸਿਰਜਣ ਵਾਲੇ ਅੰਤਰਮੁੱਖੀ ਹੋਕੇ ਸਹਿਜੇ ਹੀ ਜਾਣ ਸਕਦੇ ਹਨ ਕਿ ਉਹ ਸੱਚ ਦੇ ਨਾਲ ਨਹੀ ਖੜੇ। ਚੋਣਾਂ ਦੇ ਦੌਰ ਵਿਚ ਇਹ ਕੌੜ ਸਹਿਜੇ ਹੀ ਮਹਿਸੂਸਿਆ ਜਾ ਸਕਦਾ ਹੈ, ਚੋਣ ਤੋਂ ਭਾਵ ਰਾਜਨੀਤਕ ਹੀ ਨਹੀ, ਧਾਰਮਿਕ ਵੀ ਹੈ ਤੇ ਸਾਹਿਤਕ ਵੀ। ਵਿਵੇਕ ਤੇ ਕਈ ਵਾਰ ਸਾਹਿਤਕ ਮੁਲਾਂ ਨਾਲ ਜੁੜ ਜਾਂਦਾ ਹੈ। ਚੰਗੇ ਰੁਝਾਨ ਵੱਲ ਇਸ਼ਾਰਾ ਕਰਨਾ ਹਰ ਸਾਹਿਤ ਨਾਲ ਜੁੜੇ ਵਿਅਕਤੀ ਦਾ ਨੈਤਿਕ ਫਰਜ਼ ਹੈ। ਪਰ ਰੁਕਾਵਟ ਚੋਣ ਹੈ, ਇਹੋ ਹੀ ਚੋਣ ਜੋ ਅੱਜ ਸਾਡੇ ਰਾਜਨੀਤਕ ਮਾਹੌਲ ਤੇ ਛਾਈ ਹੋਈ ਹੈ। ਛੋਟੀਆਂ ਵਡੀਆਂ ਲਕੀਰਾਂ ਵਿਚ ਫਸੇ ਕੁਝ ਬਿਮਾਰ ਲੋਕ, ਇਹ ਸਮਝਣ ਤੋਂ ਅਸਮਰਥ ਹਨ ਕਿ ਜੋ ਅਸਲ ਮੁੱਦਾ ਹੈ, ਉਹ ਇਨ੍ਹਾਂ ਤੋਂ ਪਰੇ ਹੈ। ਮੈ ਨਾ ਮਾਨੂੰ ਵਾਲੀ ਗੱਲ ਨਾਲ ਕਾਰਵਾਂ ਨਹੀ ਰੁਕਦੇ। ਤੇ ਨਾਂ ਹੀ ਇਹ ਕੋਈ ਰੁਮਾਲੀ ਦੀ ਖੇਡ ਹੈ। ਇਹ ਸੰਜੀਦਾ ਮਸਲਾ ਤੇ ਆਪਣੇ ਆਪ ਨਾਲ ਹੀ ਹੁੰਦਾ ਹੈ। ਇਹ ਤੇ ਸੰਵਾਦ ਆਪਣੇ ਅੰਦਰ ਵਸੀ ਸਰਸਵਤੀ ਨਾਲ ਕਰਨਾ ਪੈਂਦਾ ਹੈ।

ਜਦੋਂ ਵੀ ਆਤਮ ਚਿੰਤਨ ਦੇ ਰਾਹ ਪਵੋਗੇ ਤਾਂ ਵੇਖੋਗੇ ਕਿ ਆਪੇ ਵਿਚ ਸਿਰਫ ਅਜ਼ਾਦੀ ਦੀ ਹੀ ਘਾਟ ਹੈ। ਅਜ਼ਾਦੀ ਤਾਂ ਸਾਡੀ ਨਿੱਤ ਪ੍ਰਤੀਦਿਨ ਦੀ ਹੋਂਦ ਵਿਚ ਆਈ ਚੋਣ-ਰਹਿਤ ਜਾਗਰੁਕਤਾ ਨਾਲ ਸਬੰਧਿਤ ਹੈ।

ਚਿੰਤਨ ਹੀ ਸਮਾਂ ਹੈ। ਚਿੰਤਨ, ਤਜ਼ਰਬੇ ਤੇ ਗਿਆਨ 'ਚੋਂ ਪੈਦਾ ਹੁੰਦਾ ਹੈ ਜਿਹੜੇ ਸਮੇਂ ਦਾ ਅਨਿਖੜਵਾਂ ਅੰਗ ਹਨ। ਸਮਾਂ ਇਨਸਾਨ ਦਾ ਮਾਨਸਿਕ-ਵਿਰੋਧੀ ਹੈ। ਸਾਡੇ ਕਾਰਜ, ਸਾਡੇ ਗਿਆਨ ਤੇ ਅਧਾਰਿਤ ਹੁੰਦੇ ਹਨ ਤੇ ਇਸ ਲਈ ਸਮਾਂ ਹੀ ਪ੍ਰਬੰਧਕ ਹੈ। ਇਸ ਲਈ ਇਨਸਾਨ ਸਦਾ ਬੀਤ ਚੁੱਕੇ ਦਾ ਗੁਲਾਮ ਬਣਿਆ ਰਹਿੰਦਾ ਹੈ।

ਜਦੋਂ ਇਨਸਾਨ ਆਪਣੇ ਵਿਵੇਕ ਨੂੰ ਜਾਨਣ ਲਈ ਉਤਸੁਕਤਾ ਨਾਲ ਜਾਗਰੁਕ ਹੁੰਦਾ ਹੈ ਤਾਂ ਉਦੋਂ ਹੀ ਉਹ ਵਿਚਾਰ ਤੇ ਵਿਚਾਰਵਾਨ ਦੇ ਫਰਕ ਨੂੰ ਸਮਝ ਸਕਦਾ ਹੈ। ਉਦੋਂ ਹੀ ਦ੍ਰਿਸ਼ਟੀ ਤੇ ਦ੍ਰਿਸ਼ਟਾਂਤ ਨੂੰ ਸਮਝ ਸਕਦਾ ਹੈ, ਉਦੋਂ ਹੀ ਤਜ਼ਰਬਾ ਤੇ ਤਜ਼ਰਬੇਕਾਰ ਦੇ ਫਰਕ ਨੂੰ ਸਮਝ ਸਕਦਾ ਹੈ। ਉਦੋਂ ਹੀ ਪਤਾ ਲੱਗਦਾ ਹੈ ਕਿ ਇਹ ਵਖਰੇਵੇਂ ਸਿਰਫ ਭਰਮ ਮਾਤਰ ਹੀ ਹਨ।

ਉਦੋਂ ਹੀ ਨਿਰਲੇਪ ਨਿਰੀਖਣ, ਜਿਹੜਾ ਅੰਦਰ ਵਸਦਾ ਹੈ, ਉਹ ਬਿਨ੍ਹਾਂ ਕਿਸੇ ਬੀਤੇ ਪ੍ਰਛਾਵੇਂ ਦੇ ਪਰਗਟ ਹੋਇਗਾ। ਇਸ ਸਮਾਂ ਰਹਿਤ ਜਾਗਰੁਕਤਾ ਦਾ ਡੂੰਘਾ ਪ੍ਰਦਰਸ਼ਨ, ਮੰਨ ਦੀਆਂ ਪਰਤਾਂ ਖੋਲਣ ਨਾਲ ਹੀ ਹੁੰਦਾ ਹੈ।

ਵਸੇ ਹੋਏ ਤੱਤ ਤੋਂ ਪੂਰਨ ਮੁਕਤੀ ਹੀ ਨਵੇਂ ਨੂੰ ਪੁੰਗਰਨ ਦੇ ਰਾਹ ਪਾਵੇਗੀ। ਜਦੋਂ ਉਨ੍ਹਾਂ

ਸਾਰੇ ਤਤਾਂ ਨੂੰ ਅਸਵੀਕਾਰ ਕਰਾਂਗੇ ਜਿਨ੍ਹਾਂ ਦਾ ਸਬੰਧ, ਪਿਆਰ, ਖਾਹਸ਼ ਤੇ ਆਨੰਦ ਨਾਲ ਨਹੀ ਹੈ-ਤਦ ਹੀ ਪ੍ਰੇਮ ਆਪਣੀ ਉੱਚਤਾ ਤੇ ਰਹਿਮ ਦਿਲੀ ਨਾਲ ਪ੍ਰਗਟ ਹੋਇਗਾ।

## 19

# ਸਾਇਬਰ ਕੈਫੇ ਤੇ ਚਾਹ ਦੀ ਰੇੜੀ

ਸਾਇਬਰ ਕੈਫੇ ਵਿਚ ਬੈਠਾ ਹਾਂ। ਜਦ ਵੀ ਇੰਡੀਆ ਆਉਂਦਾ ਹਾਂ, ਆਪਣਾ ਸ਼ੌਕ ਪੂਰਾ ਕਰਦਾ ਹਾਂ, ਨਿੱਕੇ ਨਿੱਕੇ ਢਾਬਿਆਂ ਵਿਚ ਬੈਠਣਾ, ਚਾਹ ਵਾਲੀਆਂ ਰੇੜੀਆਂ ਤੋਂ ਚਾਹ ਪੀਣਾ ਤੇ ਉੱਥੇ ਖਲੋਤੇ ਲੋਕਾਂ ਦੀਆਂ ਗੱਲਾਂ ਸੁਣਨਾ। ਇਹ ਲੋਕ ਭਾਰਤ ਦੀ ਸਹੀ ਤਸਵੀਰ ਦਿਖਾਂਉਦੇ ਹਨ। ਤਰਸਯੋਗ ਹਾਲਤ ਦਾ ਪਤਾ ਲਗਾਉਂਣਾ ਹੋਵੇ ਤਾਂ ਇਨ੍ਹਾਂ ਨਾਲ ਬੈਠਣਾ, ਇੱਕ ਅਨੂਠਾ ਤਜ਼ਰਬਾ ਦਿੰਦਾ ਹੈ। ਅਕਸਰ ਅਸੀਂ ਜਿਕਰ ਕਰਦੇ ਹਾਂ ਕਿ ਇੰਡੀਆ ਵਿਚ ਤੇ ਲੋਕੀਂ ਐਸ਼ ਕਰਦੇ ਹਨ, ਕੰਮ ਹੀ ਨਹੀ ਕਰਦੇ, ਕਾਰਣ ਸਾਡਾ ਜਾਣਾ ਹੀ ਉੱਥੇ ਹੁੰਦਾ ਹੈ ਜਿੱਥੇ ਕੰਮ ਨਹੀ ਸਿਰਫ ਕਾਰ ਹੁੰਦੀ ਹੈ ਤੇ ਉਹ ਆਪਣੇ ਪ੍ਰਭਾਵ ਦੇਣ ਦੀ ਕਾਹਲ ਵਿਚ ਹੁੰਦੇ ਹਨ ਤੇ ਅਸੀਂ ਕਬੂਲ ਵੀ ਕਰ ਲੈਂਦੇ ਹਾਂ। ਕੁਰਪਸ਼ਨ ਦੇ ਦੌਰ ਵਿਚ ਵੀ ਚੰਗੀਆਂ ਕੀਮਤਾਂ ਦਿਸਦੀਆਂ ਹਨ। ਅੱਜ ਫੇਰ ਮੈਂ ਚਾਹ ਵਾਲੀ ਰੇੜ੍ਹੀ ਤੇ ਗਿਆ ਸੀ, ਜਿੱਥੇ ਅੱਗੇ ਵੀ ਤਿੰਨ ਚਾਰ ਵਾਰ ਬੈਠਾ ਸੀ, ਤੇ ਯਕੀਂਨ ਕਰਿਉ, ਇੱਕ ਨਹੀ ਦੋ ਮੁੰਡੇ ਮਿਲੇ, ਜਿਨ੍ਹਾਂ ਦਾ ਜ਼ਿਕਰ ਨਾ ਕਰਨਾ ਵਡੀ ਗਲਤੀ ਹੋਵੇਗੀ।

ਇੱਕ ਛੋਟੀ ਜਿਹੀ ਦੁਕਾਨ ਦੋ ਮਰਲੇ ਦੀ ਵੀ ਨਹੀ ਹੋਵੇਗੀ ਤੇ ਉਸਨੇ ਮਸਾਲਾ ਪੀਸਣ ਵਾਲਾ ਗਰਾਈਂਡਰ ਲਗਾਇਆ ਹੋਇਆ ਹੈ, ਇੱਕ ਟੇਬਲ ਤੇ ਜਿਤਨਾ ਕੁ ਲਕੜ ਦਾ ਕੰਮ ਕਰਨ ਵਾਲਿਆਂ ਦਾ ਅੱਡਾ ਹੁੰਦਾ ਹੈ। ਗਰਮ ਮਸਾਲਾ, ਹਲਦੀ, ਦਾਲਚੀਨੀ ਪੀਸ ਕੇ ਦਿੰਦਾ ਹੈ ਪਤਾ ਨਹੀ ਕਿਤਨੇ ਕੁ ਗਾਹਕ ਹੋਣਗੇ, ਉਸ ਮੁੰਡੇ ਦੇ ਜਿਸਦੀ ਉਮਰ ਵੀਹ ਕੁ ਸਾਲ ਹੀ ਹੋਵੇਗੀ। ਨਾਲ ਉਸਨੇ ਚਾਹ ਬਨਾਉਣ ਦਾ ਸਟੋਵ ਤੇ ਹੋਰ ਨਿੱਕ ਸੁੱਕ ਰਖਿਆ ਹੈ। ਆਸੇ ਪਾਸੇ ਕਾਰਖਾਨਿਆਂ ਵਿਚ ਕੰਮ ਕਰਨ ਵਾਲਿਆਂ ਨੂੰ ਚਾਹ ਬਣਾ ਕੇ ਦਿੰਦਾ ਹੈ। ਇੱਕੋ ਵਾਰ ਗਿਆ ਮੈਂ, ਉਹ ਵੀ ਇਤਫਾਕ ਨਾਲ। ਬੈਂਕ ਕੰਮ ਸੀ ਤੇ ਕਰਮਚਾਰੀ ਨੇ ਅੱਧਾ ਘੰਟਾ ਇੰਤਜਾਰ ਕਰਨ ਲਈ ਕਿਹਾ ਤੇ ਮੈਂ ਤੁਰਦਾ ਤੁਰਦਾ ਉਸਦੀ ਦੁਕਾਨ ਤੇ ਪਹੁੰਚ ਗਿਆ। ਸਟੋਵ ਤੇ ਪਤੀਲਾ ਮੇਰੇ ਨਜ਼ਰੀ ਪਿਆ ਤੇ ਮੈਂ ਚਾਹ ਦਾ ਪੁੱਛ ਲਿਆ। ਉਸਨੇ ਕਿਹਾ, ਹਾਂ ਜੀ ਬੈਠੋ, ਹੁਣੇ ਬਣਾ ਦਿੰਦਾ ਹਾਂ। ਮੈਂ ਚਾਹ ਪੀਤੀ ਤੇ ਪੈਸੇ ਦੇਣ ਲਗਿਆਂ ਜੇਬ ਵਿਚ ਹੱਥ ਮਾਰਿਆ ਪਰ ਛੋਟਾ ਨੋਟ ਕੋਈ ਨਹੀ ਸੀ, ਸੌ ਦਾ ਨੋਟ ਫੜਾਇਆ ਤੇ ਉਹ ਬੋਲਿਆ ਭਾਜੀ ਮੇਰੇ ਕੋਲ ਛੁੱਟੇ ਪੈਸੇ ਨਹੀ ਹਨ। ਸਿਰਫ ਪੰਜ ਰੁਪਏ ਦਾ ਕੱਪ ਸੀ ਚਾਹ ਦਾ। ਮੇਰੀ ਦੁਚਿੱਤੀ ਵੇਖਕੇ ਬੋਲਿਆ, ਕੋਈ ਨਹੀ ਜੀ

ਫੇਰ ਦੇ ਦੇਣਾ।

ਮੈਂ ਬੈਂਕ ਚਲਿਆ ਗਿਆ ਤੇ ਆਉਂਦਾ ਹੋਇਆ ਛੋਟੇ ਨੋਟ ਵੀ ਲੈ ਆਇਆ। ਮੈਂ ਉਸਨੂੰ ਵੀਹ ਰੁਪਏ ਫੜਾਉਂਦਿਆ ਕਿਹਾ ਕਿ ਬਾਕੀ ਰੱਖ ਲੈ। ਉਹ ਬੋਲਿਆ ਨਹੀ ਭਾਜੀ ਇਤਨੇ ਪੈਸੇ ਨਹੀ ਲੈਣੇ ਤੇ ਬਾਕੀ ਦੇ ਪੰਦਰਾਂ ਰੁਪਏ ਮੋੜਦਿਆਂ ਬੋਲਿਆ, ਭਾਜੀ ਚਾਹ ਤਾਂ ਮੈਂ ਸ਼ੌਕੀਆ ਹੀ ਬਣਾਉਂਦਾ ਹਾਂ, ਨਾਲੇ ਵਾਧੂ ਪੈਸੇ ਲੈਣੇ ਮੈਨੂੰ ਚੰਗੇ ਨਹੀ ਲਗਦੇ, ਐਵੇਂ ਅਚਵੀਂ ਜਿਹੀ ਲੱਗ ਜਾਂਦੀ ਹੈ। ਮੈਂ ਉਸਦੇ ਆਤਮ ਸਨਮਾਨ ਨੂੰ ਧਿਆਨ ਵਿਚ ਰਖਦਿਆਂ ਪੈਸੇ ਲੈ ਲਏ। ਉਸਦੀ ਦ੍ਰਿੜਤਾ ਵੇਖਕੇ ਵੈਸੇ ਵੀ ਮੈਂ ਅੰਦਾਜ਼ਾ ਲਗਾ ਲਿਆ ਸੀ ਕਿ ਇਸਨੇ ਸਿਰਫ ਪੰਜ ਹੀ ਲੈਣੇ ਹਨ। ਬਾਹਰ ਆਕੇ ਮੈਂ ਸੋਚੀਂ ਪੈ ਗਿਆ ਕਿ ਇਹੋ ਜਿਹੀਆਂ ਗੱਲਾਂ ਇਸਨੂੰ ਕਿਸਨੇ ਸਿਖਾਈਆਂ ਹੋਣਗੀਆਂ ਜਾਂ ਇਸਦੇ ਕਲਚਰ ਦਾ ਹੀ ਹਿੱਸਾ ਹੈ। ਮੇਰਾ ਯਕੀਨ ਬਝ ਗਿਆ ਕਿ ਇਹ ਮੁੰਡਾ ਹਮੇਸ਼ਾਂ ਇਸ ਦੁਕਾਨ ਤੇ ਨਿਰਭਰ ਨਹੀ ਰਹੇਗਾ, ਮੇਰੇ ਯਕੀਂਨ ਦਾ ਇੱਕ ਕਾਰਣ ਵੀ ਸੀ, ਮੈਂ ਐਸੀ ਹੀ ਇੱਕ ਸੱਚੀ ਘਟਨਾ ਕੈਨੇਡਾ ਵਿਚ ਰਹਿੰਦਿਆਂ ਵੀ ਪੜ੍ਹੀ ਸੀ ਜੋ ਅਮਰੀਕਾ ਵਿਚ ਵਾਪਰੀ, ਉਹ ਵੀ ਤੁਹਾਡੇ ਨਾਲ ਸਾਂਝੀ ਕਰਦਾ ਹਾਂ ਬਾਦ ਵਿਚ ਤੇ ਵੇਖਿਉ ਸੰਵੇਦਨਾ ਵਿਚ ਕਿਤਨੀ ਸਮਾਨਤਾ ਹੈ।

ਇਹੋ ਜਿਹੀ ਹੀ ਦੂਸਰੀ ਘਟਨਾ ਵੀ ਵਾਪਰੀ, ਇਹ ਕੋਈ ਇਤਫਾਕ ਨਹੀ ਜਾਂ ਕੋਈ ਮੇਰੀ ਕਲਪਨਾ ਨਹੀ ਸਗੋਂ ਹਕੀਕਤ ਹੈ ਜੋ ਮੈਂ ਅਜੇ ਕੱਲ ਹੀ ਵੇਖੀ ਤੇ ਸੋਚਦਾ ਸੀ ਕਿ ਵਾਪਸ ਜਾਕੇ ਸਾਂਝੀ ਕਰਾਂਗਾ ਪਰ ਸੰਜਮ ਨਹੀ ਹੋਇਆ। ਇੱਕ ਹੋਰ ਸਾਈਬਰ ਕੈਫੇ ਦੀ ਦੁਕਾਨ ਦੇ ਨਾਲ ਹੀ ਚਾਹ ਦੀ ਰੇੜੀ ਹੈ ਜਿੱਥੇ ਮੈਂ ਚਾਹ ਪੀਂਦਾ ਹਾਂ ਜਦੋਂ ਵੀ ਕੈਫੇ ਆਉਂਦਾ ਹਾਂ ਤਕਰੀਬਨ ਹਰ ਦੂਜੇ ਦਿਨ। ਚਾਹ ਦਾ ਗਲਾਸ ਪੰਜ ਰੁਪਏ ਦਾ। ਇੱਕ ਦੋ ਵਾਰ ਦਸ ਦੇਣ ਦੀ ਕੋਸ਼ਿਸ਼ ਕੀਤੀ ਪਰ ਮੇਰੀ ਤੱਸਲੀ ਠੁਕਰਾ ਦਿੱਤੀ ਗਈ। ਕਲ ਹੀ ਉਹ ਬੋਲਿਆ ਲਗਦੈ ਬਾਹਰੋਂ ਆਏ ਹੋ। -- ਹਾਂ ਜੀ ਕੈਨੇਡਾ ਤੋਂ। ਠੀਕ ਹੈ ਭਾਜੀ ਪਰ ਮੈਂ ਵਾਧੂ ਪੈਸੇ ਨਹੀ ਲੈਂਦਾ। ਇਹ ਦੋ ਘਟਨਾਵਾਂ ਮੈਨੂੰ ਲਗਦੈ ਉਨ੍ਹਾਂ ਨੌਜਵਾਨਾਂ ਦੀਆਂ ਹਨ ਜਿਨ੍ਹਾਂ ਨੇ ਜ਼ਿੰਦਗੀ ਵਿਚ ਤੱਰਕੀ ਕਰਨੀ ਹੈ ਤੇ ਉਸ ਤੱਰਕੀ ਨੂੰ ਕੋਈ ਰੋਕ ਨਹੀ ਸਕਦਾ। ਇਹ ਤੇ ਪੱਥਰ ਤੇ ਲੀਕ ਹੈ ਕਿ ਦੋਵੇਂ ਹੀ ਨੌਜਵਾਨ ਕਿਸੇ ਤਰ੍ਹਾਂ ਦੇ ਨਸ਼ੇ ਤੋਂ ਵੀ ਬੇਦਾਗ ਹੋਣਗੇ, ਮੇਹਨਤ ਕਰਦੇ ਹਨ ਤੇ ਦੋ ਤੋਂ ਚਾਰ, ਚਾਰ ਤੋਂ ਅੱਠ ਕਰਨ ਦੇ ਵਿਸ਼ਵਾਸੀ ਹਨ। ਅਮਰੀਕਾ ਵਾਲੀ ਕਹਾਣੀ ਕੁਝ ਇਸਤਰ੍ਹਾਂ ਹੈ--

ਇੱਕ ਥੋਮਸ ਨਾਮ ਦੇ ਨੌਜਵਾਨ ਨੇ ਇੱਕ ਆਫਿਸ ਵਿਚ, 'ਆਫਿਸ ਬੌਏ' ਦੀ ਨੌਕਰੀ ਲਈ ਦਰਖਾਸਤ ਦਿੱਤੀ।

ਮੈਨੇਜਰ ਨੇ ਉਸਨੂੰ ਇੰਟਰਵਿਉ ਕੀਤਾ ਤੇ ਬਾਦ ਵਿਚ ਟੈਸਟ ਦੇ ਤੌਰ ਤੇ ਉਹਦੇ ਕੋਲੋਂ ਫਰਸ਼ ਸਾਫ਼ ਕਰਵਾਇਆ।

ਉਸਦੀ ਸਫਾਈ ਦੀ ਕਾਰਗੁਜ਼ਾਰੀ ਵੇਖਕੇ ਮੈਨੇਜਰ ਨੇ ਕਿਹਾ," ਯੂ ਆਰ ਹਾਇਰਡ।"

ਹੁਣ ਮੈਨੂੰ ਆਪਣਾ ਈਮੇਲ ਐਡਰੈਸ ਦੇ ਤੇ ਮੈਂ ਤੈਨੂੰ ਐਪਲੀਕੇਸ਼ਨ ਈਮੇਲ ਕਰਦਾ ਹਾਂ, ਉਹ ਭਰ ਕੇ ਲੈ ਆਵੀਂ ਤੇ ਨਾਲੇ ਦਸ ਕਦੋਂ ਸਟਾਰਟ ਕਰ ਸਕਦਾ ਹੈਂ?"

ਥੌਮਸ ਨੇ ਕਿਹਾ, "ਮੇਰੇ ਕੋਲ ਕੰਮਪਿਉਟਰ ਨਹੀ ਹੈ ਤੇ ਨਾ ਹੀ ਕੋਈ ਈ-ਮੇਲ।"

ਮੈਨੇਜਰ ਬੋਲਿਆ ਕਿ ਜੇ ਤੇਰੇ ਕੋਲ ਈਮੇਲ ਵੀ ਨਹੀ ਹੈ ਤਾਂ ਅਫਸੋਸ ਹੈ ਕਿ ਤੈਨੂੰ ਜੌਬ ਨਹੀ ਮਿਲ ਸਕਦੀ, ਈਮੇਲ ਨਹੀ ਹੈ ਤਾਂ ਇਸਦਾ ਮਤਲਬ ਇਹ ਕਿ ਤੂੰ ਇਸ ਦੁਨੀਆਂ ਵਿਚ ਹੀ ਨਹੀ ਹੈਂ, ਤੇ ਜੋ ਦੁਨੀਆ ਵਿਚ ਹੀ ਨਹੀ, ਉਸ ਕੋਲ ਕੋਈ ਜੌਬ ਕਿਵੇਂ ਹੋ ਸਕਦੀ ਹੈ?"

ਥੌਮਸ ਦੀ ਆਸ ਟੁਟ ਗਈ ਤੇ ਉਹ ਬਾਹਰ ਆ ਗਿਆ, ਥੌਮਸ ਨੂੰ ਸਮਝ ਨਹੀ ਆ ਰਿਹਾ ਸੀ ਕਿ ਹੁਣ ਕੀ ਕਰਾਂ? ਜੇਬ ਵਿਚ ਤੇ ਸਿਰਫ ਦਸ ਡਾਲਰ ਹੀ ਸਨ।

ਉਸਨੇ ਇੱਕਦਮ ਫੈਸਲਾ ਕੀਤਾ ਤੇ ਸੁਪਰ ਮਾਰਕੀਟ ਚਲਾ ਗਿਆ ਤੇ ਦਸ ਕਿਲੋ ਦਾ ਟਮਾਟਰਾਂ ਦਾ ਕਰੇਟ ਖਰੀਦ ਲਿਆ ਤੇ ਗਲੀਉ ਗਲੀ ਘਰਾਂ ਵਿਚ ਵੇਚਣ ਲੱਗ ਪਿਆ। ਦੋ ਘੰਟੇ ਤੋਂ ਵੀ ਘਟ ਸਮੇਂ ਵਿਚ ਉਸਨੇ ਸਾਰੇ ਟਮਾਟਰ ਦੂਣੇ ਭਾਅ ਨਾਲ ਵੇਚ ਦਿੱਤੇ ਤੇ ਵੀਹ ਡਾਲਰ ਲੈਕੇ ਫਿਰ ਸੁਪਰ ਮਾਰਕੀਟ ਚਲੇ ਗਿਆ। ਉਸਨੇ ਉਸ ਦਿਨ ਤਿੰਨ ਵਾਰ ਐਸਾ ਕਰਕੇ ਸੱਠ ਡਾਲਰ ਬਣਾ ਲਏ।

ਥੌਮਸ ਨੂੰ ਸਮਝ ਆ ਗਈ ਕਿ ਇਸਤਰ੍ਹਾਂ ਵੀ ਕਮਾਈ ਕੀਤੀ ਜਾ ਸਕਦੀ ਹੈ ਤੇ ਉਸਨੇ ਹਰ ਰੋਜ਼ ਹੀ ਇਸ ਤਰ੍ਹਾਂ ਕਰਨਾ ਸ਼ੁਰੂ ਕਰ ਦਿੱਤਾ। ਸਵੇਰੇ ਸਵੇਰੇ ਨਿਕਲ ਜਾਂਦਾ ਤੇ ਦੇਰ ਰਾਤ ਮੁੜਦਾ। ਛੇਤੀ ਹੀ ਉਸਨੇ ਇੱਕ ਰੇੜੀ ਖਰੀਦ ਲਈ, ਫੇਰ ਪਿੱਕ-ਅੱਪ ਤੇ ਫੇਰ ਟਰਕ ਖਰੀਦ ਲਿਆ। ਹੌਲੀ ਹੌਲੀ ਆਪਣੀ ਹੀ ਡਲਿਵਰੀ ਫਲੀਟ ਖੜੀ ਕਰ ਲਈ।

ਪੰਜ ਸਾਲ ਬਾਦ ਥੌਮਸ ਦੀ ਕੰਪਨੀ ਇੱਕ ਵਡੀ ਫੂਡ ਰਿਟੇਲਰ ਬਣਕੇ ਸਾਹਮਣੇ ਆਈ। ਡਾਲਰਾਂ ਦਾ ਅੰਬਾਰ ਵੇਖਕੇ ਉਸਨੇ ਸੋਚਿਆ ਕਿਉਂ ਨਾ ਪਰਿਵਾਰ ਦੀ ਸੁਰਖਿਆ ਲਈ ਆਪਣੀ ਇੰਨਸ਼ੋਰੈਂਸ ਖਰੀਦ ਲਵਾਂ? ਉਸਨੇ ਇੱਕ ਇੰਨਸ਼ੋਰੈਸ ਬਰੋਕਰ ਨੂੰ ਸਦ ਲਿਆ ਤੇ ਇੱਕ ਪਰੋਟੈਕਸ਼ਨ ਪਲੈਨ ਵੀ ਚੁਣ ਲਈ।

ਜਦੋਂ ਥੌਮਸ ਤੇ ਇੰਨਸ਼ੋਰੈਂਸ ਬਰੋਕਰ ਦੀ ਵਾਰਤਾਲਾਪ ਚਲ ਰਹੀ ਸੀ ਤਾਂ ਬਰੋਕਰ ਨੇ ਥੌਮਸ ਨੂੰ ਉਸਦਾ ਈਮੇਲ ਪੁੱਛਿਆ। ਥੌਮਸ ਨੇ ਕਿਹਾ ਮੇਰਾ ਕੋਈ ਈਮੇਲ ਨਹੀ ਹੈ।

ਬਰੋਕਰ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ, "ਕਿਉਂ ਮਜ਼ਾਕ ਕਰਦੇ ਹੋ? ਇਹ ਕਿਵੇਂ ਹੋ ਸਕਦਾ ਹੈ, ਇਤਨੇ ਵਡੇ ਫੂਡ ਇੰਮਪਲਾਇਰ ਦਾ ਈਮੇਲ ਹੀ ਨਾ ਹੋਵੇ? ਜ਼ਰਾ ਕਲਪਨਾ ਕਰੋ ਕਿ ਜੇ ਤੁਹਾਡਾ ਈਮੇਲ ਹੁੰਦਾ ਤਾਂ ਤੁਸੀਂ ਕੀ ਕਰ ਸਕਦੇ ਹੋ, ਕੀ ਬਣ ਸਕਦੇ ਸੀ?"

ਥੌਮਸ ਨੇ ਇੱਕ ਠਹਿਰਾ ਲਿਆ ਤੇ ਜੁਆਬ ਦਿੱਤਾ ਕਿ ਜੇ ਮੇਰਾ ਈਮੇਲ ਹੁੰਦਾ ਤਾਂ ਮੈਂ ਇੱਕ ਆਫਿਸ ਬੌਏ ਹੁੰਦਾ"।

20

# ਟੈਸਟ

ਕੁਝ ਨਹੀ ਬਦਲ ਸਕਦੇ, ਨਾ ਦੁਨੀਆ ਨਾ ਸਮਾਜ ਤੇ ਨਾ ਆਲਾ ਦੁਆਲਾ, ਜੇ ਬਦਲਿਆ ਜਾ ਸਕਦਾ ਹੈ ਤਾਂ ਆਪਣਾ ਆਪ ਤੇ ਆਪਾ ਹੀ ਪਰਿਵਾਰ ਤੋਂ ਹੁੰਦਾ ਹੋਇਆ ਸ਼ਹਿਰ, ਕਸਬਿਆਂ ਤੋਂ ਹੁੰਦਾ ਹੋਇਆ ਇੱਕ ਤੀਲੇ ਵਾਂਗ, ਹਵਾ ਨਾਲ ਤੁਰ ਸਕਦਾ ਹੈ ਜੋ ਕਿਤੇ ਨਾ ਕਿਤੇ ਚੰਗਾ ਪ੍ਰਭਾਵ ਜ਼ਰੂਰ ਪਾਵੇਗਾ।

ਗੱਲ ਤੇ ਸਿਰਫ ਪ੍ਰਭਾਵ ਦੀ ਹੀ ਹੈ, ਇਸ ਬਾਰੇ ਕੋਈ ਵੀ ਦੋ ਰਾਵਾਂ ਨਹੀ ਹਨ। ਪ੍ਰਭਾਵ ਸਾਰੇ ਮੰਨਦੇ ਹਨ ਉਹ ਚਾਹੇ ਅੰਦਰੂਨੀ ਹੋਣ ਜਾਂ ਬਾਹਰੀ। ਅੰਦਰੂਨੀ ਪ੍ਰਭਾਵ ਹੀ ਸਾਡਾ ਸ਼੍ਰਿਸਟਾਚਾਰ ਸਿਰਜਦੇ ਹਨ। ਹਾਂ ਇਹ ਗੱਲ ਵਖਰੀ ਹੈ ਕਿ ਇਹ ਸੁਚਾਰੂ ਹੈ ਜਾਂ ਨਹੀ। ਗੱਲ ਪਰਸੋਂ ਦੀ ਹੀ ਹੈ ਤੇ ਇਹ ਪਰਸੋਂ ਦਹਾਕਿਉਂ ਪਹਿਲਾਂ ਗੁਜ਼ਰ ਗਿਆ ਹੈ। ਇਸਨੂੰ ਅਸੀਂ ਯੁੱਗ ਨਹੀ ਕਹਿ ਸਕਦੇ, ਸਿਰਫ ਪਰਸੋਂ ਹੀ ਕਹਿ ਸਕਦੇ ਹਾਂ ਕਿਉਂਕਿ ਇਹ ਪ੍ਰਭਾਵ ਸਾਡੇ ਲੜ ਨਾਲ ਬੱਝ ਗਿਆ ਹੈ। ਮੌਸਮ ਇਲੈਕਸ਼ਨ ਦੀ ਬਰਸਾਤ ਦਾ ਹੈ। ਹਰ ਇੱਕ ਦੀ ਮਾਨਸਿਕਤਾ ਅਸਰ ਅੰਦਾਜ਼ ਹੋ ਰਹੀ ਹੈ। ਮੇਰੇ ਲਈ ਆਮ ਪਾਰਟੀ ਤੇ ਕਿਸੇ ਹੋਰ ਲਈ ਖਾਸ ਪਾਰਟੀ। ਸੋਚ ਦਾ ਖੱਬਾ ਪਾਸਾ ਤੇ ਇਹੋ ਕਹਿੰਦਾ ਹੈ ਕਿ ਆਪਣੀ ਗੱਲ ਨੂੰ ਦਲੀਲ ਨਾਲ ਹੀ ਕੀਤਾ ਜਾਵੇ। ਕੇਜਰੀਵਾਲ ਨੇ ਠੇਕੇਦਾਰੀ ਸਿਸਟਮ ਬਾਰੇ ਕੁਝ ਨਹੀ ਕੀਤਾ, ਪਰ ਮੇਰਾ ਮੰਨਣਾ ਹੈ ਕਿ ਠੇਕਾਦਾਰੀ ਸਿਸਟਮ ਜਦੋਂ ਸ਼ੁਰੂ ਹੋਇਆ ਸੀ ਉਦੋਂ ਉਨ੍ਹਾਂ ਦਾ ਹੀ ਫਰਜ਼ ਸੀ ਜੋ ਅੱਜ ਉੱਚੀ ਅਵਾਜ਼ ਵਿਚ ਨਾਹਰੇ ਮਾਰ ਰਹੇ ਹਨ, ਲੋਕਾਈ ਦੇ ਇਹ ਪਹਿਰੇਦਾਰਾਂ ਨੇ ਉਦੋਂ ਜੋ ਕੁਝ ਵੀ ਕੀਤਾ, ਉਹ ਆਮ ਵਿਅਕਤੀ ਕੋਲ ਨਹੀ ਪਹੁੰਚਿਆ। ਹੋ ਸਕਦਾ ਹੈ ਕਿ ਮੀਡੀਆ ਨੇ ਗੌਲਿਆ ਹੀ ਨਾ ਹੋਵੇ। ਗੱਲ ਇਹ ਨਹੀ ਕਿ ਮੈ ਕੀ ਸੋਚਦਾ ਹਾਂ ਗੱਲ ਇਹ ਹੈ ਕਿ ਸਾਡੇ ਸੋਚਣ ਦੇ ਢੰਗ ਠੀਕ ਨਹੀ ਹਨ। ਕੁਫਰ ਫਿਰਦਾ ਚਾਰੇ ਪਾਸੇ। ਅਫਵਾਹਾਂ ਦਾ ਬਜ਼ਾਰ ਅਜੇ ਹੋਰ ਵੀ ਗਰਮ ਹੋਵੇਗਾ। ਰਵਾਇਤੀ ਪਾਰਟੀਆਂ ਦੇ ਅੰਦਾਜ਼ ਵੀ ਰਵਾਇਤੀ ਹੀ ਹਨ, ਇਹ ਸਭ ਆਪਾਂ ਦੇਖ ਰਹੇ ਹਾਂ। ਕੋਈ ਹਰਜ਼ ਵੀ ਨਹੀ, ਰਵਾਇਤੀ ਹੋਣਾ। ਅੱਜ ਕਲ ਚਾਹ ਪਿਆਉਣ ਦੀ ਹੋੜ ਲੱਗੀ ਹੋਈ ਹੈ ਤੇ ਰਹੇਗੀ ਥੋੜਾ ਸਮਾਂ ਹੋਰ।

ਕੋਈ ਹਰਜ਼ ਨਹੀ, ਇਹ ਵੀ ਨੇਕੀ ਦਾ ਕੰਮ ਹੈ। ਦਾਲ, ਆਟਾ ਵੀ ਨੇਕੀ ਦਾ ਹੀ ਕੰਮ ਹੈ, ਸਾਇਕਲ, ਸਕੂਟਰ ਦੇਣਾ ਵੀ ਨੇਕੀ ਦਾ ਹੀ ਕੰਮ ਹੈ। ਤੁਹਾਡੇ ਪੁੱਛਣ ਤੋਂ ਪਹਿਲਾਂ ਹੀ ਦਸ ਦਿੰਦਾ ਹਾਂ ਕਿ ਫਿਰ ਨੇਕੀ ਦਾ ਕੰਮ ਕਿਹੜਾ ਨਹੀ ਹੈ?

ਇਹਦੇ ਲਈ ਤੁਹਾਨੂੰ ਇੱਕ ਉਦਾਹਰਣ ਸੁਨਾਉਣੀ ਪਵੇਗੀ।

ਅਫਵਾਹਾਂ ਦਾ ਮੰਥਨ ਕਰਨ ਵਾਲੀ ਗੱਲ ਹੈ। ਪੁਰਾਣੇ ਗਰੀਕ ਦੀ ਇੱਕ ਕਹਾਣੀ ਹੈ ਜੋ

ਸੁਕਰਾਤ ਨਾਲ ਸਬੰਧ ਰਖਦੀ ਹੈ। ਸੁਕਰਾਤ ਆਪਣੇ ਗਿਆਨ ਕਰਕੇ ਮਸ਼ਹੂਰ ਸੀ ਤੇ ਉਸਦੇ ਗਿਆਨ ਦੀ ਬੜੀ ਕਦਰ ਸੀ। ਇੱਕ ਵਾਰ ਉਸਦੀ ਜਾਣ ਪਛਾਣ ਵਾਲਾ ਉਹਦੇ ਕੋਲ ਆਇਆ ਤੇ ਦਾਰਸ਼ਨਿਕ ਨੂੰ ਕਹਿੰਣ ਲੱਗਾ, "ਤੁਹਾਨੂੰ ਪਤਾ ਹੈ ਸੁਕਾਰਤ, ਕਿ ਮੈਂ ਹੁਣੇ ਤੁਹਾਡੇ ਬਾਰੇ ਕੀ ਸੁਣ ਕੇ ਆਇਆ ਹਾਂ?"

"ਇੱਕ ਮਿੰਟ ਠਹਿਰ ਜਾ ਮਿੱਤਰ। "ਸੁਕਰਾਤ ਨੇ ਕਿਹਾ, "ਇਸਤੋਂ ਪਹਿਲਾਂ ਕਿ ਤੂੰ ਕੁਝ ਦਸੇਂ, ਮੈਂ ਚਾਹੁੰਦਾ ਹੈ ਕਿ ਤੂੰ ਮੇਰਾ ਇੱਕ ਇਮਤਿਹਾਨ ਪਾਸ ਕਰੇਂ, ਇਸਦਾ ਨਾਮ ਹੈ, ' ਤੀਹਰਾ ਫਿਲਟਰ ਟੈਸਟ। '

"ਤੀਹਰਾ ਫਿਲਟਰ?'

"ਹਾਂ ਮਿੱਤਰ" ਸੁਕਰਾਤ ਨੇ ਕਹਿੰਣਾ ਜਾਰੀ ਰਖਿਆ, "ਇਸਤੋਂ ਪਹਿਲਾਂ ਕਿ ਤੂੰ ਮੈਨੂੰ ਕੁਝ ਦਸੇਂ, ਇਹ ਚੰਗਾ ਰਹੇਗਾ, ਕਿ ਤੂੰ ਇੱਕ ਮਿੰਟ ਲਈ ਸੋਚੇਂ ਕਿ ਤੂੰ ਅਸਲ ਵਿਚ ਮੈਨੂੰ ਕਹਿੰਣ ਕੀ ਜਾ ਰਿਹਾ ਹੈਂ। ਇਸੇ ਲਈ ਮੈਂ ਇਸਨੂੰ ਤੀਹਰਾ ਫਿਲਟਰ ਟੈਸਟ ਕਹਿੰਦਾ ਹਾਂ। ਪਹਿਲਾ ਫਿਲਟਰ ਹੈ, 'ਸੱਚ'। ਕੀ ਤੂੰ ਪੂਰੀ ਤਰ੍ਹਾਂ ਸਹਿਮਤ ਹੈਂ ਕਿ ਜੋ ਤੂੰ ਦਸਣ ਜਾ ਰਿਹਾ ਹੈਂ, ਉਹ ਪੂਰਾ ਸੱਚ ਹੈ?"

ਜਾਣੂ ਨੇ ਜੁਆਬ ਦਿੱਤਾ ਕਿ ਨਹੀ ਦਰਅਸਲ ਮੈਂ ਇਹ ਸਿਰਫ ਸੁਣਿਆ ਹੈ, ਕਹਿ ਸਕਦੇ ਹੋ ਕਿ ਇਹ ਸੁਣੀ ਸੁਣਾਈ ਗੱਲ ਹੈ।"

"ਬਿਲਕੁਲ ਠੀਕ" ਸੁਕਰਾਤ ਨੇ ਕਿਹਾ, "ਇਸਦਾ ਮਤਲਬ ਇਹ ਹੋਇਆ ਕਿ ਜੋ ਤੂੰ ਸੁਣਿਆ, ਤੈਨੂੰ ਆਪ ਨਹੀ ਪਤਾ ਕਿ ਇਹ ਸੱਚ ਹੈ ਜਾਂ ਝੂਠ।"

ਚਲ ਹੁਣ ਦੂਸਰਾ ਫਿਲਟਰ ਕੀ ਕਹਿੰਦਾ ਹੈ, ਇਹ ਦੇਖਦੇ ਹਾਂ। ਇਹ ਫਿਲਟਰ ਹੈ – –'ਚੰਗਿਆਈ'

"ਕੀ ਜੋ ਦਸਣ ਜਾ ਰਿਹਾ ਹੈਂ ਇਹ ਕੁਝ ਚੰਗੀ ਖਬਰ ਹੈ?"

"ਨਹੀ, ਇਹ ਤੇ ਸਗੋਂ ਬੁਰੀ ਖਬਰ ਹੈ?"

"ਇਸਦਾ ਮਤਲਬ ਇਹ ਹੋਇਆ ਕਿ ਜੋ ਤੂੰ ਮੈਨੂੰ ਦਸਣ ਜਾ ਰਿਹਾ ਹੈਂ, ਇਹ ਮੇਰੇ ਲਈ ਕੋਈ ਬੁਰੀ ਖਬਰ ਹੈ। ਤੈਨੂੰ ਇਹ ਵੀ ਨਹੀ ਪਤਾ ਕਿ ਇਹ ਸੱਚੀ ਖਬਰ ਹੈ।"

"ਤੂੰ ਅਜੇ ਵੀ ਫਿਲਟਰ ਟੈਸਟ ਵਿਚੋਂ ਪਾਸ ਹੋ ਸਕਦਾ ਹੈ, ਕਿਉਂਕਿ ਇੱਕ ਟੈਸਟ ਅਜੇ ਬਾਕੀ ਹੈ---ਉਹ ਹੈ ਫਾਇਦੇ ਵਾਲਾ ਟੈਸਟ। ਕੀ ਜੋ ਤੂੰ ਮੈਨੂੰ ਦਸਣ ਜਾ ਰਿਹਾ ਹੈਂ, ਇਸਦਾ ਕੋਈ ਫਾਇਦਾ ਵੀ ਹੋਵੇਗਾ ਕਿ ਨਹੀ?"

"ਮੇਰਾ ਖਿਆਲ ਹੈ ਕਿ ਨਹੀ। "ਜਾਣੂ ਨੇ ਜੁਆਬ ਦਿੱਤਾ।

"ਇਸਦਾ ਮਤਲਬ ਇਹ ਹੋਇਆ, ਮੇਰੇ ਮਿੱਤਰ ਇਸਦਾ ਸਾਰ ਇਹ ਹੈ ਕਿ ਜੋ ਤੂੰ ਦਸਣਾ ਚਾਹੁੰਦਾ ਹੈਂ, ਉਹ ਨਾ ਤਾਂ ਸੱਚ ਹੈ ਨਾ ਹੀ ਚੰਗਾ ਤੇ ਨਾ ਹੀ ਕੋਈ ਫਾਇਦੇ ਵਾਲਾ। ਫਿਰ

ਕਿਉਂ ਤੂੰ ਮੈਨੂੰ ਦਸਣਾ ਚਾਹੁੰਦਾ ਹੈ?”

## 21

# ਫਿਲਟਰ ਟੈਸਟ

ਕੁਝ ਨਹੀ ਬਦਲ ਸਕਦੇ, ਨਾ ਦੁਨੀਆ ਨਾ ਸਮਾਜ ਤੇ ਨਾ ਆਲਾ ਦੁਆਲਾ, ਜੇ ਬਦਲਿਆ ਜਾ ਸਕਦਾ ਹੈ ਤਾਂ ਆਪਣਾ ਆਪ ਤੇ ਆਪਾ ਹੀ ਪਰਿਵਾਰ ਤੋਂ ਹੁੰਦਾ ਹੋਇਆ ਸ਼ਹਿਰ, ਕਸਬਿਆਂ ਤੋਂ ਹੁੰਦਾ ਹੋਇਆ ਇੱਕ ਤੀਲੇ ਵਾਂਗ, ਹਵਾ ਨਾਲ ਤੁਰ ਸਕਦਾ ਹੈ ਜੋ ਕਿਤੇ ਨਾ ਕਿਤੇ ਚੰਗਾ ਪ੍ਰਭਾਵ ਜ਼ਰੂਰ ਪਾਵੇਗਾ।

ਗੱਲ ਤੇ ਸਿਰਫ ਪ੍ਰਭਾਵ ਦੀ ਹੀ ਹੈ, ਇਸ ਬਾਰੇ ਕੋਈ ਵੀ ਦੋ ਰਾਵਾਂ ਨਹੀ ਹਨ। ਪ੍ਰਭਾਵ ਸਾਰੇ ਮੰਨਦੇ ਹਨ ਉਹ ਚਾਹੇ ਅੰਦਰੂਨੀ ਹੋਣ ਜਾਂ ਬਾਹਰੀ। ਅੰਦਰੂਨੀ ਪ੍ਰਭਾਵ ਹੀ ਸਾਡਾ ਸ਼੍ਰਿਸਟਾਚਾਰ ਸਿਰਜਦੇ ਹਨ। ਹਾਂ ਇਹ ਗੱਲ ਵਖਰੀ ਹੈ ਕਿ ਇਹ ਸੁਚਾਰੂ ਹੈ ਜਾਂ ਨਹੀ। ਗੱਲ ਪਰਸੋਂ ਦੀ ਹੀ ਹੈ ਤੇ ਇਹ ਪਰਸੋਂ ਦਹਾਕਿਉਂ ਪਹਿਲਾਂ ਗੁਜ਼ਰ ਗਿਆ ਹੈ। ਇਸਨੂੰ ਅਸੀਂ ਯੁੱਗ ਨਹੀ ਕਹਿ ਸਕਦੇ, ਸਿਰਫ ਪਰਸੋਂ ਹੀ ਕਹਿ ਸਕਦੇ ਹਾਂ ਕਿਉਂਕਿ ਇਹ ਪ੍ਰਭਾਵ ਸਾਡੇ ਲੜ ਨਾਲ ਬੱਝ ਗਿਆ ਹੈ। ਕੁਝ ਹੁੰਦਾ ਸੀ ਜੋ ਸਾਡੇ ਚੇਤਿਆਂ ਵਿਚ ਵਸਿਆ ਹੋਇਆ ਹੈ। ਹੁਣ ਝੂਰ ਹੀ ਬਾਕੀ ਰਹਿ ਗਈ ਹੈ। ਇਹ ਕਿਉਂ ਕਿਵੇਂ ਤੇ ਕਦੋਂ ਬਦਲਿਆ, ਸਾਨੂੰ ਪਤਾ ਵੀ ਨਹੀ ਲੱਗਾ, ਹਾਂ ਸਿਰਫ ਇਹੋ ਕਹਿ ਸਕਦੇ ਹਾਂ ਕਿ ਕਿਤੇ ਨਾ ਕਿਤੇ ਸਾਡਾ ਵੀ ਕਸੂਰ ਸੀ। ਸਿਰਫ ਸ਼ਿਕਾਇਤ ਨਾਲ ਗੱਲ ਨਹੀ ਬਣਦੀ।

ਮੌਸਮ ਇਲੈਕਸ਼ਨ ਦੀ ਬਰਸਾਤ ਦਾ ਹੈ। ਹਰ ਇੱਕ ਦੀ ਮਾਨਸਿਕਤਾ ਅਸਰ ਅੰਦਾਜ਼ ਹੋ ਰਹੀ ਹੈ। ਮੇਰੇ ਲਈ ਆਮ ਪਾਰਟੀ ਤੇ ਕਿਸੇ ਹੋਰ ਲਈ ਖਾਸ ਪਾਰਟੀ। ਸੋਚ ਦਾ ਖੱਬਾ ਪਾਸਾ ਤੇ ਇਹੋ ਕਹਿੰਦਾ ਹੈ ਕਿ ਆਪਣੀ ਗੱਲ ਨੂੰ ਦਲੀਲ ਨਾਲ ਹੀ ਕੀਤਾ ਜਾਵੇ। ਕੇਜਰੀਵਾਲ ਨੇ ਠੇਕੇਦਾਰੀ ਸਿਸਟਮ ਬਾਰੇ ਕੁਝ ਨਹੀ ਕੀਤਾ, ਪਰ ਮੇਰਾ ਮੰਨਣਾ ਹੈ ਕਿ ਠੇਕਾਦਾਰੀ ਸਿਸਟਮ ਜਦੋਂ ਸ਼ੁਰੂ ਹੋਇਆ ਸੀ ਉਦੋਂ ਉਨ੍ਹਾਂ ਦਾ ਹੀ ਫਰਜ਼ ਸੀ ਜੋ ਅੱਜ ਉੱਚੀ ਅਵਾਜ਼ ਵਿਚ ਨਾਹਰੇ ਮਾਰ ਰਹੇ ਹਨ, ਲੋਕਾਈ ਦੇ ਇਹ ਪਹਿਰੇਦਾਰਾਂ ਨੇ ਉਦੋਂ ਜੋ ਕੁਝ ਵੀ ਕੀਤਾ, ਉਹ ਆਮ ਵਿਅਕਤੀ ਕੋਲ ਨਹੀ ਪਹੁੰਚਿਆ। ਹੋ ਸਕਦਾ ਹੈ ਕਿ ਮੀਡੀਆ ਨੇ ਗੌਲਿਆ ਹੀ ਨਾ ਹੋਵੇ। ਗੱਲ ਇਹ ਨਹੀ ਕਿ ਮੈ ਕੀ ਸੋਚਦਾ ਹਾਂ ਗੱਲ ਇਹ ਹੈ ਕਿ ਸਾਡੇ ਸੋਚਣ ਦੇ ਢੰਗ ਠੀਕ ਨਹੀ ਹਨ। ਕੁਫਰ ਫਿਰਦਾ ਚਾਰੇ ਪਾਸੇ। ਅਫਵਾਹਾਂ ਦਾ ਬਜ਼ਾਰ ਅਜੇ ਹੋਰ ਵੀ ਗਰਮ ਹੋਵੇਗਾ। ਰਵਾਇਤੀ ਪਾਰਟੀਆਂ ਦੇ ਅੰਦਾਜ਼ ਵੀ ਰਵਾਇਤੀ ਹੀ ਹਨ, ਇਹ ਸਭ ਆਪਾਂ ਦੇਖ ਰਹੇ ਹਾਂ। ਕੋਈ ਹਰਜ਼ ਵੀ ਨਹੀ, ਰਵਾਇਤੀ ਹੋਣਾ। ਅੱਜ ਕਲ ਚਾਹ ਪਿਆਉਣ ਦੀ ਹੋੜ ਲੱਗੀ ਹੋਈ ਹੈ ਤੇ ਰਹੇਗੀ

ਥੋੜਾ ਸਮਾਂ ਹੋਰ।

ਕੋਈ ਹਰਜ਼ ਨਹੀ, ਇਹ ਵੀ ਨੇਕੀ ਦਾ ਕੰਮ ਹੈ। ਦਾਲ, ਆਟਾ ਵੀ ਨੇਕੀ ਦਾ ਹੀ ਕੰਮ ਹੈ, ਸਾਇਕਲ, ਸਕੂਟਰ ਦੇਣਾ ਵੀ ਨੇਕੀ ਦਾ ਹੀ ਕੰਮ ਹੈ। ਤੁਹਾਡੇ ਪੁੱਛਣ ਤੋਂ ਪਹਿਲਾਂ ਹੀ ਦਸ ਦਿੰਦਾ ਹਾਂ ਕਿ ਫਿਰ ਨੇਕੀ ਦਾ ਕੰਮ ਕਿਹੜਾ ਨਹੀ ਹੈ?

ਇਹਦੇ ਲਈ ਤੁਹਾਨੂੰ ਇੱਕ ਉਦਾਹਰਣ ਸੁਨਾਉਣੀ ਪਵੇਗੀ।

ਅਫਵਾਹਾਂ ਦਾ ਮੰਥਨ ਕਰਨ ਵਾਲੀ ਗੱਲ ਹੈ। ਪੁਰਾਣੇ ਗਰੀਕ ਦੀ ਇੱਕ ਕਹਾਣੀ ਹੈ ਜੋ ਸੁਕਰਾਤ ਨਾਲ ਸਬੰਧ ਰਖਦੀ ਹੈ। ਸੁਕਰਾਤ ਆਪਣੇ ਗਿਆਨ ਕਰਕੇ ਮਸ਼ਹੂਰ ਸੀ ਤੇ ਉਸਦੇ ਗਿਆਨ ਦੀ ਬੜੀ ਕਦਰ ਸੀ। ਇੱਕ ਵਾਰ ਉਸਦੀ ਜਾਣ ਪਛਾਣ ਵਾਲਾ ਉਹਦੇ ਕੋਲ ਆਇਆ ਤੇ ਦਾਰਸ਼ਨਿਕ ਨੂੰ ਕਹਿੰਣ ਲੱਗਾ, "ਤੁਹਾਨੂੰ ਪਤਾ ਹੈ ਸੁਕਾਰਤ, ਕਿ ਮੈਂ ਹੁਣੇ ਤੁਹਾਡੇ ਬਾਰੇ ਕੀ ਸੁਣ ਕੇ ਆਇਆ ਹਾਂ?"

"ਇੱਕ ਮਿੰਟ ਠਹਿਰ ਜਾ ਮਿੱਤਰ। "ਸੁਕਰਾਤ ਨੇ ਕਿਹਾ, "ਇਸਤੋਂ ਪਹਿਲਾਂ ਕਿ ਤੂੰ ਕੁਝ ਦਸੇਂ, ਮੈਂ ਚਾਹੁੰਦਾ ਹੈ ਕਿ ਤੂੰ ਮੇਰਾ ਇੱਕ ਇਮਤਿਹਾਨ ਪਾਸ ਕਰੇਂ, ਇਸਦਾ ਨਾਮ ਹੈ, ' ਤੀਹਰਾ ਫਿਲਟਰ ਟੈਸਟ। '

"ਤੀਹਰਾ ਫਿਲਟਰ?'

"ਹਾਂ ਮਿੱਤਰ" ਸੁਕਰਾਤ ਨੇ ਕਹਿੰਣਾ ਜਾਰੀ ਰਖਿਆ, "ਇਸਤੋਂ ਪਹਿਲਾਂ ਕਿ ਤੂੰ ਮੈਨੂੰ ਕੁਝ ਦਸੇਂ, ਇਹ ਚੰਗਾ ਰਹੇਗਾ, ਕਿ ਤੂੰ ਇੱਕ ਮਿੰਟ ਲਈ ਸੋਚੇਂ ਕਿ ਤੂੰ ਅਸਲ ਵਿਚ ਮੈਨੂੰ ਕਹਿੰਣ ਕੀ ਜਾ ਰਿਹਾ ਹੈਂ? ਇਸੇ ਲਈ ਮੈਂ ਇਸਨੂੰ ਤੀਹਰਾ ਫਿਲਟਰ ਟੈਸਟ ਕਹਿੰਦਾ ਹਾਂ। ਪਹਿਲਾ ਫਿਲਟਰ ਹੈ, 'ਸੱਚ'। ਕੀ ਤੂੰ ਪੂਰੀ ਤਰ੍ਹਾਂ ਸਹਿਮਤ ਹੈਂ ਕਿ ਜੋ ਤੂੰ ਦਸਣ ਜਾ ਰਿਹਾ ਹੈਂ, ਉਹ ਪੂਰਾ ਸੱਚ ਹੈ?"

ਜਾਣੂ ਨੇ ਜੁਆਬ ਦਿੱਤਾ ਕਿ ਨਹੀ ਦਰਅਸਲ ਮੈਂ ਇਹ ਸਿਰਫ ਸੁਣਿਆ ਹੈ, ਕਹਿ ਸਕਦੇ ਹੋ ਕਿ ਇਹ ਸੁਣੀ ਸੁਣਾਈ ਗੱਲ ਹੈ।"

"ਬਿਲਕੁਲ ਠੀਕ" ਸੁਕਰਾਤ ਨੇ ਕਿਹਾ, "ਇਸਦਾ ਮਤਲਬ ਇਹ ਹੋਇਆ ਕਿ ਜੋ ਤੂੰ ਸੁਣਿਆ, ਤੈਨੂੰ ਆਪ ਨਹੀ ਪਤਾ ਕਿ ਇਹ ਸੱਚ ਹੈ ਜਾਂ ਝੂਠ।"

ਚਲ ਹੁਣ ਦੂਸਰਾ ਫਿਲਟਰ ਕੀ ਕਹਿੰਦਾ ਹੈ, ਇਹ ਦੇਖਦੇ ਹਾਂ। ਇਹ ਫਿਲਟਰ ਹੈ – –'ਚੰਗਿਆਈ'

"ਕੀ ਜੋ ਦਸਣ ਜਾ ਰਿਹਾ ਹੈਂ ਇਹ ਕੁਝ ਚੰਗੀ ਖਬਰ ਹੈ?"

"ਨਹੀ, ਇਹ ਤੇ ਸਗੋਂ ਬੁਰੀ ਖਬਰ ਹੈ?"

"ਇਸਦਾ ਮਤਲਬ ਇਹ ਹੋਇਆ ਕਿ ਜੋ ਤੂੰ ਮੈਨੂੰ ਦਸਣ ਜਾ ਰਿਹਾ ਹੈਂ, ਇਹ ਮੇਰੇ ਲਈ ਕੋਈ ਬੁਰੀ ਖਬਰ ਹੈ। ਤੈਨੂੰ ਇਹ ਵੀ ਨਹੀ ਪਤਾ ਕਿ ਇਹ ਸੱਚੀ ਖਬਰ ਹੈ।"

"ਤੂੰ ਅਜੇ ਵੀ ਫਿਲਟਰ ਟੈਸਟ ਵਿਚੋਂ ਪਾਸ ਹੋ ਸਕਦਾ ਹੈ, ਕਿਉਂਕਿ ਇੱਕ ਟੈਸਟ ਅਜੇ ਬਾਕੀ ਹੈ---ਉਹ ਹੈ ਫਾਇਦੇ ਵਾਲਾ ਟੈਸਟ। ਕੀ ਜੋ ਤੂੰ ਮੈਨੂੰ ਦਸਣ ਜਾ ਰਿਹਾ ਹੈਂ, ਇਸਦਾ ਮੈਨੂੰ ਕੋਈ ਫਾਇਦਾ ਵੀ ਹੋਵੇਗਾ ਕਿ ਨਹੀ?"

"ਮੇਰਾ ਖਿਆਲ ਹੈ ਕਿ ਨਹੀ। "ਜਾਣੂ ਨੇ ਜੁਆਬ ਦਿੱਤਾ।

"ਇਸਦਾ ਮਤਲਬ ਇਹ ਹੋਇਆ, ਮੇਰੇ ਮਿੱਤਰ ਇਸਦਾ ਸਾਰ ਇਹ ਹੈ ਕਿ ਜੋ ਤੂੰ ਦਸਣਾ ਚਾਹੁੰਦਾ ਹੈਂ, ਉਹ ਨਾ ਤਾਂ ਸੱਚ ਹੈ ਨਾ ਹੀ ਚੰਗਾ ਤੇ ਨਾ ਹੀ ਕੋਈ ਫਾਇਦੇ ਵਾਲਾ। ਫਿਰ ਕਿਉਂ ਤੂੰ ਮੈਨੂੰ ਦਸਣਾ ਚਾਹੁੰਦਾ ਹੈ?"

## 22

# ਸੋਚਣ ਦਾ ਦਿਨ

ਦੋਖੀ ਉਹ ਨਹੀ ਜੋ ਦਿਸ ਰਿਹਾ ਹੈ, ਦੋਖੀ ਤਾਂ ਉਹ ਹੈ ਜਿਸਨੇ ਸਾਡੀ ਖੁਸ਼ਬੋ ਖਾ ਲਈ। ਕੀ ਖੁਸ਼ਬੋਆਂ ਕਿਸੇ ਹੱਟੀ ਤੋਂ ਮਿਲਦੀਆਂ ਹਨ? ਜ਼ਰਾ ਸਮਝ ਲਈਏ ਤਾਂ ਇਹ ਹੱਟੀ ਵੀ ਸਾਡੇ ਹੀ ਦਿਲ ਦੇ ਵੇਹੜੇ ਵਸਦੀ ਹੈ। ਮੌਕਾ ਨਹੀ ਹੈ ਕਿ ਅਸੀਂ ਸੰਦਰਭਾਂ ਦੀ ਗੱਲ ਕਰੀਏ ਜਾਂ ਵਕਤ ਗੁਆਉਣ ਲਈ ਉਸ ਪਾਤਰ ਨੂੰ ਸਾਹਮਣੇ ਲੈ ਆਈਏ ਜਿਸਨੇ ਸਾਡੀ ਸੋਚ ਨੂੰ ਉਮਰਾਂ ਲਈ ਘੇਰਿਆ ਹੋਇਆ ਹੈ। ਇਹ ਕੰਮ ਤਾਂ ਅਸੀਂ ਕਦੇ ਵੀ ਕਰ ਸਕਦੇ ਹਾਂ। ਤੁਸੀਂ ਪ੍ਰਗਤੀਵਾਦੀ ਹੋ, ਕਾਮਰੇਡ ਹੋ, ਆਸਤਿਕ ਹੋ, ਤਾਂ ਮੁਬਾਰਕ, ਇਹ ਸਭ ਚੰਗੀਆਂ ਤੇ ਚੰਗੇ ਇਨਸਾਨ ਦੀਆਂ ਨਿਸ਼ਾਨੀਆਂ ਹਨ। ਦਿਲਚਸਪੀਆਂ ਦਾ ਕੇਂਦਰ ਵੀ ਕਿਸੇ ਧਰਾਤਲ ਨਾਲ ਹੀ ਬਝਦਾ ਸੋਹਣਾ ਲਗਦਾ ਹੈ। ਆਉ ਚੰਗੇ ਦਿਨਾਂ ਦੀ ਆਮਦ ਦਾ ਸ਼ਰੀਹ ਬੰਨਕੇ ਸੁਆਗਤ ਕਰੀਏ, ਜਿਸ ਵਿਚ ਅਸੀਂ ਆਪਣੇ ਵਿਚਾਰਾਂ ਦਾ ਪ੍ਰਗਟਾ ਕਰਨ ਦੇ ਕਾਬਲ ਹੋਵਾਂਗੇ। ਇਹ ਆਪੋ ਆਪਣੀ ਬਰਾਦਰੀ ਤੋਂ ਉਪਰ ਉਠਣ ਵਾਲੀ ਗੱਲ ਹੈ। ਸ਼ਾਹ ਸਵਾਰ ਹੀ ਉਠਦੇ ਹਨ। ਦੁਆਵਾਂ ਤੁਹਾਡੇ ਲਈ ਤੇ ਤੁਹਾਡੀ ਚੰਗੀ ਸੋਚ ਲਈ।

ਇਹ ਪਰਵਾਹ ਕਿਵੇਂ ਚਲਦਾ ਹੈ, ਸੋਚਣ ਵਾਲੀ ਗੱਲ ਹੈ ਕਿ ਮੈਂ ਅਰਥਵਾਨ ਹਾਂ ਤੇ ਤੇਰੇ ਨਾਲ ਇਹ ਅਰਥ ਵੰਡ ਰਿਹਾ ਹਾਂ ਤੈਨੂੰ ਮੇਰੀ ਵੰਡ ਦਾ ਇੱਹ ਕਿਣਕਾ ਕਬੂਲ ਕਰ ਲੈਣਾ ਚਾਹੀਦਾ ਹੈ। ਜੇ ਤੇ ਇਸਦਾ ਮੰਥਨ ਕਰੀਏ ਤੇ ਸਮਸਿਆ ਨਹੀ ਸਗੋਂ ਵਰਤਾਰੇ ਵਲ ਧਿਆਨ ਦੇਈਏ ਤਾਂ ਯਕੀਨਨ ਅਸੀਂ ਕਿਸੇ ਨਵੀ ਲਹਿਰ ਨੂੰ ਆਪਣੇ ਆਪੇ ਵਿਚ ਰਲਾ ਰਹੇ ਹੋਵਾਂਗੇ ਨਹੀ ਤਾਂ ਪਾਣੀ ਤਾਂ ਮੂੰਹ ਜੋਰ ਹੁੰਦੇ ਹਨ ਨਹੀ ਰਲਾਉਗੇ ਤਾਂ ਪਾਣੀ ਹੀ ਤੁਹਾਡੀ ਪਿਆਸ ਨੂੰ ਪੀ ਜਾਵੇਗਾ ਤੇ ਤੁਸੀਂ ਆਪਣੀ ਹੋਂਦ ਦੇ ਲੱਛਣ ਹੀ ਗੁਆ ਦੇਵੋਗੇ।

23

# ਇੱਕ ਸ਼ਾਮ

ਮਕਸੂਦ ਚੌਧਰੀ ਦੇ ਸੱਦੇ ਤੇ ਕਲ ਅਹਿਮਦੀ ਜਮਾਤ ਦੇ ਸਾਲਾਨਾ ਸਮਾਗਮ ਵਿਚ ਜਾਣ ਦਾ ਮੌਕਾ ਮਿਲਿਆ। ਉਹ ਕੀ ਕਰ ਰਹੇ ਹਨ ਤੇ ਉਨ੍ਹਾਂ ਦਾ ਅੰਤਰੀਵ ਭਾਵ ਕੀ ਹੈ, ਇਹ ਤੇ ਪਤਾ ਨਹੀ ਪਰ ਜੋ ਪ੍ਰਭਾਵ ਮਿਲਿਆ ਉਸ ਨਾਲ ਹੈਰਾਨੀ ਜਨਕ ਉਤਸੁਕਤਾ ਹੋਈ। ਇਨ੍ਹਾਂ ਦੇ ਸਮਾਗਮ ਵਿਚ ਜਾਣ ਦਾ ਮੇਰਾ ਪਹਿਲਾ ਮੌਕਾ ਸੀ। ਵਿਸਥਾਰ ਸਹਿਤ ਤੇ ਉਨ੍ਹਾਂ ਦੀ ਰਿਪੋਰਟ ਵੀ ਮੇਨ ਸਟਰੀਮ ਵਿਚ ਆਵੇਗੀ ਹੀ ਤੇ ਗਿਣਤੀ ਵੀ ਜੋ ਹਜ਼ਾਰਾਂ ਵਿਚ ਸੀ। ਕਾਰ ਵਿਚੋਂ ਉਤਰਨ ਤੋਂ ਬਾਦ ਤੇ ਦੁਬਾਰਾ ਘਰ ਜਾਣ ਲਈ ਕਾਰ ਵਿਚ ਸਵਾਰ ਹੋਣ ਤਕ ਜਿਸਤਰ੍ਹਾਂ ਉਨ੍ਹਾਂ ਨੇ ਪ੍ਰਾਹੁਣਚਾਰੀ ਤੇ ਸੁਆਗਤ ਕੀਤਾ, ਉਹ ਬੇਮਿਸਾਲ ਸੀ ਤੇ ਹਰ ਇੱਕ ਗੈਸਟ ਨਾਲ ਐਸਾ ਵਿਹਾਰ ਕਰਨਾ ਤੇ ਉਹ ਵੀ ਸਮੂਹਿਕ ਤੌਰ ਤੇ, ਇਹ ਉਨ੍ਹਾਂ ਦੀ ਸੁਹਿਰਦਤਾ ਦੀ ਮਿਸਾਲ ਹੈ। ਹਰ ਵਲੰਟੀਅਰ ਹੀ ਸੇਵਾ ਭਾਵ ਵਾਲਾ ਸੀ।

ਖਾਣੇ ਦੀ ਮੇਜ਼ ਤੇ ਬੈਠਿਆਂ ਮੇਰੇ ਨਾਲ ਕੋਈ ਪੱਚੀ ਕੁ ਸਾਲ ਦਾ ਨੌਜਵਾਨ ਅਹਿਮਦੀ ਬੈਠਾ ਸੀ। ਜ਼ਹੀਨ ਨੌਜਵਾਨ ਨੇ ਜੋ ਜਹਾਦ ਦਾ ਮਤਲਬ ਦਸਿਆ ਉਹ ਤੁਹਾਡੇ ਨਾਲ ਸਾਂਝਾ ਕਰਨ ਲਈ ਇਹ ਪੋਸਟ ਲਿਖ ਰਿਹਾ ਹਾਂ।

ਦੋ ਗੱਲਾਂ ਕਾਬਿਲੇਗੌਰ ਹਨ।

ਇੱਕ ਅਹਿਮਦੀ ਡਾਕਟਰ ਦੀ ਹਤਿਆ ਬਾਰੇ ਉਨ੍ਹਾਂ ਕਿਹਾ----

ਤੁਸੀਂ ਸਾਡਾ ਇੱਕ ਡਾਕਟਰ ਮਾਰੋਗੇ ਅਸੀਂ ਔਠ ਸੌ ਹੋਰ ਨੌਜਵਾਨਾਂ ਨੂੰ ਡਾਕਟਰ ਬਣਾਵਾਂਗੇ।

ਤੁਸੀ ਸਾਡੀ ਇੱਕ ਮਸਜ਼ਿਦ ਤੋੜੋਗੇ ਅਸੀਂ ਸੌ ਹੋਰ ਉਸਾਰ ਲਵਾਂਗੇ।

ਸਾਡਾ ਨਾਹਰਾ ਹੈ .

LOVE FOR ALL AND HATRED FOR NONE.

ਬੁਨਿਆਦੀ ਫਰਕ ਦਸਣ ਤੋਂ ਬਾਦ, ਮੇਰੇ ਨਾਲ ਬੈਠੇ ਨੌਜਵਾਨ ਨੇ ਜਹਾਦ ਦਾ ਮਤਲਬ ਦਸਿਆ, ਉਹ ਇੰਝ ਸੀ --- ਜਹਾਦ ਦਾ ਮਤਲਬ ਤਲਵਾਰ ਉਠਾਉਣਾ ਨਹੀ ਹੈ। ਜਹਾਦ ਦਾ ਮਤਲਬ ਆਪਣੇ ਆਪ ਨਾਲ ਲੜਨਾ ਹੈ। ਆਪਣੇ ਅੰਦਰ ਦੀ ਬੁਰਿਆਈ ਨਾਲ ਲੜਨਾ ਹੈ ਜੋ ਸਮਾਜਿਕ ਵਿਹਾਰ ਨਾਲ ਸਾਡੇ ਅੰਦਰ ਵਿਕਾਰੀ ਤੌਰ ਤੇ ਪਨਪ ਪੈਂਦੀ ਹੈ।

ਉਸਦੀ ਗੱਲ ਸੁਣਕੇ ਮੈਨੂੰ ਕਈ ਹੋਰ ਗੱਲਾਂ ਵੀ ਚੇਤੇ ਆ ਗਈਆਂ। ਕਿਸੇ ਧਰਮ ਦੀ ਗੱਲ ਤੇ ਨਹੀ ਕਰਾਂਗਾ ਕਿਉਂਕਿ ਗਿਆਨ ਵੀ ਅਧੂਰਾ ਹੈ ਤੇ ਧਾਰਮਿਕ ਲੋਕਾਂ ਦੇ ਆਪਣੇ ਹੀ ਦ੍ਰਿੜ ਸੰਕਲਪ ਹਨ।

ਪਰ ਕਾਰਲ ਮਾਰਕਸ ਡਾਇਲੈਕਟੀਲ ਮਟੀਰਲਿਜ਼ਮ ਵਿਚ ਕਹਿੰਦਾ ਹੈ ਕਿ ਜਦੋਂ ਵੀ ਕੋਈ ਸਮਾਜ ਸੰਪੂਰਨ ਹੋ ਜਾਂਦਾ ਹੈ ਜਾਂ ਕੋਈ ਵੀ ਵਿਚਾਰ ਸੰਪੂਰਨ ਹੋ ਜਾਂਦਾ ਹੈ ਤਾਂ ਡੇ ਵਨ ਤੋਂ ਹੀ ਉਸਦਾ ਐਂਟੀ ਥੀਸਸ ਸੁਰੂ ਹੋ ਜਾਂਦਾ ਹੈ।

ਬਟਲਰ ਕਾਨਸੈਪਟ ਔਫ ਕੌਨਸਾਇੰਸ ਵੀ ਤੇ ਇਹੋ ਕਹਿੰਦਾ ਹੈ ਤੇ ਸੈਨਥੀਸਸ ਦੀ ਗੱਲ ਕਰਦਾ ਹੈ ਤੇ ਇਹ ਇਨਸਾਨ ਦਾ ਇੱਕ ਨਿਰੰਤਰ ਵਰਤਾਰਾ ਹੈ।

ਜਹਾਦ ਦਾ ਮਤਲਬ ਜੇ ਆਪਣੇ ਆਪੇ ਨਾਲ ਲੜਕੇ ਬੇਹਤਰ ਸਮਾਜ ਲਈ ਕੰਮ ਕਰਨਾ ਹੈ ਤਾਂ ਸਲਾਮ ਹੈ ਐਸੀ ਸੋਚ ਨੂੰ।

## 24

# ਗਲਵਕੜੀ ਦਾ ਨਿੱਘ

ਹੁਣ ਜਦੋਂ ਮਗਰ ਸਿੰਘ ਨਹੀ ਮਿਲਦਾ, ਜਦੋਂ ਬਾਬੇ ਲਧੇ ਬਾਰੇ ਲੋਕਾਂ ਦਾ ਕਾਲ ਪੈ ਗਿਆ ਹੈ, ਹਰ ਕੋਈ ਆਪਣੀ ਜਗ੍ਹਾ ਤੇ ਖੜਨ ਲਈ ਹੀ ਭੱਜ ਰਿਹਾ ਹੈ, ਤਾਂ ਯਕੀਨਨ ਹੀ ਅਸੀਂ ਕਿਸੇ ਅਚਵੀਂ ਨਾਲ ਬੇਸਬਰੇ ਹੋ ਜਾਂਦੇ ਹਾਂ। ਸਕੂਨ, ਠਹਿਰਾਵ ਤੇ ਤਹਿਮਲ ਜਿਵੇਂ ਹੱਡਾਂ ਵਿਚੋਂ ਹੀ ਉਡ ਗਿਆ ਹੋਵੇ। ਇਸ ਅਚਵੀਂ ਨੂੰ ਕੀ ਅਸੀਂ ਭੜਾਸ ਦਾ ਨਾਮ ਨਹੀ ਦੇ ਸਕਦੇ? ਸੁਆਲ ਇਹ ਹੈ ਕਿ ਇਹ ਭੜਾਸ ਕਿਸਦੇ ਖਿਲਾਫ ਹੈ?ਕੌਣ ਹੈ ਜੋ ਸਾਡੀ ਚੂਰੀ ਖਾ ਗਿਆ? ਕੌਣ ਹੈ ਜਿਸਨੇ ਵੇਹੜੇ ਫਿਰਦੀਆਂ ਚਿੜੀਆਂ ਨੂੰ ਸ਼ਿਸ਼ਕਾਰ ਦਿੱਤਾ। ਕੌਣ ਹੈ ਜਿਸਨੇ ਸਾਡੇ ਬੋਝੇ ਖਾਲੀ ਕਰ ਦਿੱਤੇ? ਜੋ ਆਉਂਦਾ ਹੈ, ਉਹ ਸਾਨੂੰ ਹੋਰ ਵੀ ਟੈਨਸ਼ਨ ਦੇਕੇ ਆਪਣੇ ਰਾਹੇ ਪੈਂਦਾ ਹੈ। ਅਸੀਂ ਅਰਾਮ ਨਾਲ ਚਾਰ ਘੜੀਆਂ ਸੱਚ ਬੋਲਣ ਲਈ ਵੀ ਤਰਸ ਗਏ ਹਾਂ। ਸੱਚ ਝੂਠ ਦਾ ਫਰਕ ਹੀ ਮਿਟ ਗਿਆ ਹੈ। ਇੱਕ ਮਹੀਨ ਜਿਹੀ ਤਾਰ ਦਾ ਨਾਮ ਕਰਣ ਕਰਨਾ ਹੋਵੇ ਤਾਂ ਸਹਿਜੇ ਹੀ 'ਸੰਵੇਦਨਾ ' ਇੱਕ ਵਧੀਆ ਤੇ ਢੁਕਵਾਂ ਨਾਮ ਹੈ। ਇਸਨੂੰ ਹੋਰ ਵੀ ਨੇੜੇ ਕਰਕੇ ਕਲਾਵੇ ਵਿਚ ਲੈਣਾ ਹੋਵੇ ਤਾਂ ' ਪੰਜਾਬੀ ਸੰਵੇਦਨਾ' ਵੀ ਕਹਿ ਸਕਦੇ ਹਾਂ। ਕਦੇ ਕਦੇ ਹੀ ਮਹਿਸੂਸ ਹੁੰਦਾ ਹੈ, ਤੁਹਾਡੇ ਸਾਰਿਆਂ ਵਾਂਗ।

ਭੜਾਸ ਦੇ ਨਾਮ ਤੇ, ਜੋ ਕਿਤੇ ਨਾ ਕਿਤੇ ਅਮੀਬਾ ਬਣੀ, ਆਪ ਹੀ ਟੁਟਕੇ ਦੋ ਤੋਂ ਚਾਰ ਤੇ ਚਾਰ ਤੋਂ ਅੱਠ ਹੋ ਰਹੀ ਹੈ। ਮੇਰੇ ਇਸ ਜ਼ਿਕਰ ਦਾ ਮਕਸਦ ਪੰਜਾਬੀ ਸੰਵੇਦਨਾ ਨੂੰ ਹੁਲਾਰਾ ਦੇਣਾ ਹੈ। ਮੌਲਿਕਤਾ ਦੇ ਨੇੜੇ ਲਿਜਾਣ ਦੀ ਕੋਸ਼ਿਸ ਹੈ। ਜਦ ਅਚਾਨਕ ਤੁਹਾਡੇ ਸਾਹਮਣੇ ਤੁਹਾਡੀ ਕੋਈ ਨੇਕੀ ਆਕੇ ਤੁਹਾਨੂੰ ਸੰਵੇਦਨਸ਼ੀਲ ਕਰ ਦੇਵੇ, ਤੁਸੀਂ ਕਿਸਤਰ੍ਹਾਂ ਮਹਿਸੂਸ ਕਰਦੇ ਹੋ? ਯਕੀਨਨ ਤੁਹਾਡਾ ਨੇਕੀ ਕਰਨ ਵਿਚ ਵਿਸ਼ਵਾਸ਼ ਦੂਣ ਸਿਵਾਇਆ ਹੋ ਜਾਵੇਗਾ।

ਮੇਰੀ ਉਮਰ ਉਸ ਵਕਤ ਕੋਈ ਵੀਹ ਕੁ ਸਾਲ ਹੋਵੇਗੀ ਜਦੋਂ ਮੈ ਆਪਣੇ ਪਿੰਡ ਗਿਆ।

ਇਹ ਤੁਹਾਨੂੰ ਦਸ ਦਿਆਂ ਕਿ ਅਸੀਂ ਆਪਣੇ ਜੱਦੀ ਪਿੰਡ ਨਹੀ ਰਹਿੰਦੇ ਸੀ। ਮੇਰਾ ਤੇ ਜਨਮ ਵੀ ਮੇਰੇ ਜੱਦੀ ਪਿੰਡ ਦਾ ਨਾ ਹੋਕੇ ਅੰਮ੍ਰਿਤਸਰ ਹੋਇਆ ਸੀ ਤੇ ਅਸੀਂ ਪਿੰਡ ਕਦੇ ਕਦੇ ਛੁਟੀਆਂ ਮਨਾਉਣ ਹੀ ਜਾਂਦੇ ਸੀ। ਸਾਡਾ ਘਰ ਪਿੰਡ ਦੇ ਬਾਹਰ ਵੜਦਿਆ ਹੀ ਸੀ। ਸੁਣਦੇ ਹਾਂ ਕਿ ਸਾਡੇ ਦਾਦੇ ਠੇਕੇਦਾਰ ਸਨ ਤੇ ਪੈਸੇ ਵਾਲੇ ਸਨ ਪਰ ਪਤਾ ਨਹੀ ਮੇਰੇ ਆਉਣ ਤੱਕ ਪੈਸੇ ਕਿੱਥੇ ਗਏ। ਮੈਂ ਪਿੰਡ ਵਿਚਦੀ ਜਾ ਰਿਹਾ ਸੀ ਕਿ ਇੱਕ ਨਿਆਣਾ ਮੈਨੂੰ ਆਕੇ ਕਹਿੰਦਾ, ਭਾਅ ਤੈਨੂੰ ਬੀਬੀ ਸਦਦੀ ਹੈ। ਮੈਂ ਹੈਰਾਨ ਤੇ ਹੋਇਆ ਪਰ ਉਹਦੇ ਨਾਲ ਤੁਰ ਪਿਆ। ਦੁਪਿਹਰ ਦਾ ਸਮਾਂ ਸੀ। ਜਿਸ ਘਰ ਦੇ ਵੇਹੜੇ ਮੈਂ ਗਿਆ, ਉੱਥੇ ਦਸ ਕੁ ਔਰਤਾਂ ਸਨ। ਸਾਰੀਆਂ ਹੀ ਮੇਰੇ ਦੁਆਲੇ ਹੋ ਗਈਆ। ਵੇ ਤੂੰ ਗੁਰਨਾਮ ਦਾ ਕਾਕਾ ਹੈਂ ਨਾਂ? ਮੇਰੇ ਹਾਂ ਕਹਿੰਣ ਨਾਲ ਉਨ੍ਹਾਂ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ ਤੇ ਬੋਲੇ, ਵੇ ਮੈਂ ਤੇਰੀ ਭੂਆ ਹਾਂ। ਅੱਗੋਂ ਮੈਂ ਵੀ ਜਫੀ ਪਾ ਲਈ। ਬਸ ਫੇਰ ਕੀ ਸੀ, ਕੋਈ ਮੇਰੀ ਤਾਈ, ਕੋਈ ਚਾਚੀ, ਕੋਈ ਮੇਰੀ ਭੈਣ ਬਣ ਗਈ। ਬੇਬੇ ਕਾਹਲੀ ਕਾਹਲੀ ਡੰਗੋਰੀ ਨਾਲ ਆ ਗਈ। ਉਹ ਸ਼ਾਇਦ ਬੇਬੇ ਸੀ। ਉਸਨੇ ਮੈਨੂੰ ਜਿਤਨੇ ਨਿੱਘ ਨਾਲ ਆਪਣੇ ਨਾਲ ਲਾ ਛਡਿਆ ਉਹ ਯਾਦ ਕਰਕੇ ਅੱਜ ਵੀ ਠੰਡ ਪੈ ਜਾਂਦੀ ਹੈ। ਮੈਂ ਨਹੀ ਜਾਣਦਾ ਸੀ ਪਹਿਲੇ ਉਨ੍ਹਾਂ ਨੂੰ ਪਰ ਮੇਰੇ ਦੁਆਲੇ ਮੇਰਾ ਖਾਨਦਾਨ ਵਲਿਆ ਹੋਇਆ ਸੀ। ਹੁਣ ਇਹ ਖਾਨਦਾਨ, ਮੇਰੇ ਬਜੁਰਗਾਂ ਨਾਲ ਸ਼ੁਰੂ ਹੋਇਆ ਉਨ੍ਹਾ ਦਾ ਭਾਈਚਾਰਾ, ਮੇਰੇ ਤੱਕ ਪਹੁੰਚ ਕਰ ਰਿਹਾ ਸੀ, ਜ਼ਰੂਰ ਹੀ ਉਹ ਵੇਲਾ ਪੰਜਾਬੀ ਸੰਵੇਦਨਾ ਦਾ ਸੁਨਿਹਰੀ ਯੁੱਗ ਰਿਹਾ ਹੋਵੇਗਾ। ਜੋ ਹੌਲੀ ਹੌਲੀ ਖੁਰਦਾ, ਜ਼ਮੀਨ ਨਾਲ ਜਾ ਲਗਿਆ ਹੈ। ਇਹ ਗੱਲ ਮੈਨੂੰ ਤੱਦ ਯਾਦ ਆਈ ਜਦ ਇੰਟਰਨੈੱਟ ਤੇ ਹੇਠ ਲਿਖਿਆ ਪੜ੍ਹਿਆ ਜੋ ਇਸਤਰ੍ਹਾਂ ਹੈ----

ਕਿਸੇ ਦਾ ਕਿਸੇ ਬਾਰੇ ਜ਼ਿਕਰ ਸੀ, ਤੁਸੀਂ ਕੀ ਸੋਚਦੇ ਹੋ?

ਇੱਕ ਜਗ੍ਹਾ ਡੌਮਨਿਕ, ਅਮਰੀਕਾ ਦਾ ਫਾਇਰ ਫਾਈਟਰ, ਇੱਕ ਪੈਰ੍ਹਾ ਇਹ ਵੀ ਲਿਖਦਾ ਹੈ--

ਅੱਜ ਫਾਇਰ ਸਟੇਸ਼ਨ ਦੀ **72** ਘੰਟਿਆਂ ਦੀ ਸ਼ਿਫਟ ਕਰਕੇ ਨਿਕਲਿਆ ਤਾਂ ਇੱਕ ਔਰਤ ਗਰੌਸਰੀ ਸਟੋਰ ਤੋਂ ਭਜੀ ਭਜੀ ਆਈ ਤੇ ਮੈਨੂੰ ਜੱਫੀ ਪਾ ਲਈ। ਮੈਨੂੰ ਭੁੱਚਕਾ ਵੇਖਕੇ ਉਸਨੂੰ ਪਤਾ ਲੱਗ ਗਿਆ ਕਿ ਮੈਂ ਉਸਨੂੰ ਪਛਾਣਿਆਂ ਨਹੀ ਹੈ। ਉਸਦੀਆਂ ਅੱਖਾਂ ਅਥਰੂਆਂ ਨਾਲ ਭਰੀਆਂ ਹੋਈਆਂ ਸਨ ਤੇ ਬਹੁਤ ਹੀ ਸੁਹਿਰਦ ਤੱਕਣੀ ਨਾਲ ਮੁਸਕਰਾ ਰਹੀ ਸੀ ਤੇ ਬੋਲੀ, "ਤੈਨੂੰ ਯਾਦ ਨਹੀ **9/11** ਨੂੰ ਤੂੰ ਮੈਨੂੰ ਆਪਣੀ ਜਾਨ ਤੇ ਖੇਡ ਕੇ ਵਰਲਡ ਟਰੇਡ ਸੈਂਟਰ ਵਿਚੋਂ ਕਢਿਆ ਸੀ।

25

# ਪ੍ਰਥਮ ਕਹਾਣੀਆਂ

ਬਹੁਤ ਸਾਰੀਆਂ ਗੱਲਾਂ ਅਸੀਂ ਪਰਚਲਤ ਕਹਾਣੀਆਂ ਤੋਂ ਹੀ ਸੁਣਦੇ ਹਾਂ। ਬਹੁਤੀਆਂ, ਛੋਟੇ ਹੁੰਦਿਆਂ ਹੀ ਮਾਤਾ ਪਿਤਾ ਤੇ ਉਨ੍ਹਾਂ ਦੇ ਵੀ ਮਾਤਾ ਪਿਤਾ ਸੁਣਾਕੇ ਸਾਡੇ ਮਾਈਂਡ ਨੂੰ ਸੈੱਟ ਕਰ ਦਿੰਦੇ ਹਨ ਕਿ ਜਾ ਪੁੱਤਰਾ ਸਾਡੇ ਕੁੱਲ ਦੀ ਲਾਜ਼ ਰੱਖੀਂ ਤੇ ਇਸ ਸਭਿਆਚਾਰ ਨੂੰ ਤੋਰਨ ਦੀ ਹੀ ਤੇਰੀ ਜ਼ਿੰਮੇਵਾਰੀ ਹੈ।

ਇੱਕ ਅਮਰੀਕਨ ਲੋਕਕੱਤੀ ਹੈ ਕਿ ਮੈਨੂੰ ਕੋਈ ਮੂਲ ਅਧਾਰ ਦਸੋ ਤੇ ਮੈਂ ਉਸ ਫਾਰਮੂਲੇ ਨੂੰ ਸਿੱਖ ਲਵਾਂਗਾ। ਮੈਨੂੰ ਕੋਈ ਸੱਚੀ ਗੱਲ ਦਸੋ ਤੇ ਮੈਂ ਉਹਦੇ ਤੇ ਵਿਸ਼ਵਾਸ਼ ਕਰ ਲਵਾਂਗਾ। ਹੁਣ ਮੈਨੂੰ ਕੋਈ ਕਹਾਣੀ ਦਸੋ ਤੇ ਕਹਾਣੀ ਜ਼ਿੰਦਗੀ ਲਈ ਆਪਣੇ ਹਿਰਦੇ ਵਿਚ ਵਸਾ ਲਵਾਂਗਾ। ਸਾਰੀਆਂ ਹੀ ਕਹਾਣੀਆਂ ਖਾਸ ਕਰਕੇ ਬਚਪਨ ਵਿਚ ਸੁਣੀਆਂ ਸਾਨੂੰ ਸਿਖਿਆ ਦਿੰਦੀਆ ਹਨ। ਉਹ ਦਸਦੀਆਂ ਹਨ ਕਿ ਇਹ ਦੁਨੀਆਂ ਕਿਸਤਰ੍ਹਾਂ ਹੋਂਦ ਵਿਚ ਆਈ ਤੇ ਸਮੇਂ ਸਮੇਂ ਕਿਹੋ ਜਿਹੇ ਮੂਲ ਅਧਾਰ ਸਨ। ਉਹ ਸਾਨੂੰ ਜ਼ਿੰਦਗੀ ਦੀ ਸਦਾਚਾਰ ਦਾ ਨੀਤੀ ਸ਼ਾਸਤਰ ਸਿਖਾਉਂਦੀਆਂ ਹਨ। ਇਹ ਕਹਾਣੀਆਂ ਹੀ ਹਨ ਜੋ ਸਾਨੂੰ ਨੀਤੀ ਬਾਰੇ ਘੜੇ ਹੋਏ, ਲਿਖੇ ਹੋਏ ਤੇ ਕਾਨੂੰਨੀ ਸੇਧਾਂ ਤੋਂ ਕਿਤੇ ਵਧ ਸਿਖਾਂਉਦੀਆਂ ਹਨ।

ਜੋ ਵੀ ਅਸੀਂ ਚੇਤਨਾ ਦੇ ਤੌਰ ਤੇ ਜਾਣਦੇ ਹਾਂ, ਜੋ ਵੀ ਸਾਡੇ ਅਵਚੇਤਨ ਦਾ ਹਿੱਸਾ ਹੈ, ਇਹ ਸਭ ਕਹਾਣੀਆਂ ਜ਼ਰੀਏ ਹੀ ਪ੍ਰਵੇਸ਼ ਕਰਦਾ ਹੈ।

ਇਸ ਬਾਰੇ ਫਿਲਾਸਫਰਾਂ ਦੇ ਵਿਚਾਰ ਵੀ ਭਿੰਨ ਹਨ, ਸਿਰਫ ਸ਼ਬਦਾਂ ਦਾ ਹੀ ਹੇਰਫੇਰ ਹੈ ਮੰਥਨੀ ਤੱਤ ਇਹੋ ਹੀ ਹੈ ਕਿ ਸੁਣੀ ਹੋਈ ਕਹਾਣੀ ਹੀ ਸਾਡੀ ਸਦਾਚਾਰ ਨੀਤੀ ਦਾ ਅੰਗ ਹੈ। ਇਹ ਤੇ ਇੱਕ ਸੰਦ ਵਾਂਗ ਹਨ ਜਿਸ ਨਾਲ ਅਸੀਂ ਆਪਣੇ ਹੋ ਰਹੇ ਵਰਤਾਰਿਆਂ ਦਾ ਮਾਪ ਤੋਲ ਕਰਦੇ ਹਾਂ ਤੇ ਕਦੇ ਕਦੇ ਸ਼ਸ਼ੋਪੰਜ ਵਿਚ ਪੈ ਜਾਂਦੇ ਹਾਂ ਜਿਵੇਂ ਮੈਂ ਅੱਜ ਰਿਸ਼ਵਤ ਦੇ ਮਾਮਲੇ ਵਿਚ ਪੈ ਗਿਆ ਹਾਂ। ਇਹ ਦੁਨੀਆਂ ਬੜੀ ਡਾਢੀ ਹੈ, ਗੈਰ ਜ਼ਿੰਮੇਵਾਰ ਹੈ ਕੋਈ ਦੋ ਰਾਵਾਂ ਨਹੀ ਹਨ, ਬਿਨ੍ਹਾ ਸ਼ਕ ਤੁਹਾਡੇ ਵੱਸ ਵਿਚ ਵੀ ਨਹੀ ਹੈ ਨਹੀ ਤਾਂ ਤੁਹਾਡੀ ਪ੍ਰੇਮਿਕਾ ਨਾਲ ਤੁਹਾਡਾ ਵਿਆਹ ਨਾ ਹੋ ਜਾਵੇ? ਪਰ ਸੱਚ ਇਹ ਵੀ ਹੈ ਕਿ ਜੇ ਹਰ ਕਿਸੇ ਦਾ ਇਸਤਰ੍ਹਾਂ ਵਿਆਹ ਹੋ ਜਾਵੇ ਤਾਂ ਸ਼ਾਇਰੀ ਕਿੱਥੋਂ ਆਵੇਗੀ?ਰੋਟੀ ਕੌਣ ਪਕਾਵੇਗਾ? ਨਿਆਣੇ ਕੌਣ ਪਾਲੇਗਾ? ਉਹ ਤੇ ਤਾਜ਼ਮਹਲ ਲਈ ਪਲਾਟ ਖਰੀਦਣ ਦੇ ਹੀ ਸੁਪਨੇ ਲੈਣਗੇ। ਤਾਜ਼ ਮਹਲ ਵੀ ਇਤਨੇ ਹੋ ਜਾਣਗੇ ਕਿ ਆਗਰੇ ਜਾਣ ਦੀ ਲੋੜ ਹੀ ਨਹੀ ਰਹੇਗੀ।

ਹੁਣ ਸੁਆਲ ਇਹ ਹੈ ਕਿ ਇਤਨਾ ਖੁਸ਼ ਹੋਣ ਦੀ ਕੀ ਲੋੜ ਹੈ ਜੇ ਤੁਸੀਂ ਆਪਣੀ ਜ਼ਿੰਦਗੀ ਅਰਾਮ ਨਾਲ ਬਿਤਾ ਸਕਦੇ ਹੋ। ਇਹ ਮੇਰਾ ਨਹੀ ਜੈਨਟ ਵਿਨਟਰਸਨ ਦਾ ਕਹਿੰਣਾ

ਹੈ, ਪਤਾ ਨਹੀ ਵਿਨਟਰਸਨ ਨੂੰ ਖੁਸ਼ੀ ਨਾਲ ਇਤਨੀ ਐਲਰਜੀ ਕਿਉਂ ਸੀ? ਸ਼ਾਇਦ ਬਚਪਨ ਵਿਚ ਕੋਈ ਕਹਾਣੀ ਸੁਣ ਲਈ ਹੋਵੇ।

ਇਸੇ ਤਰ੍ਹਾਂ ਕੈਨੇਡੀਅਨ ਫਿਲਮ ਡਾਇਰੈਕਟਰ ਸਾਰਾ ਪੋਲੇ ਕਹਿੰਦੀ ਹੈ ਕਿ ਕਹਾਣੀ ਸੁਨਾਉਣੀ ਤੇ ਦਿਲ ਵਿਚ ਵਸਾਉਣੀ ਸਾਡੇ ਲਈ ਕਿਸੇ ਮਸਲੇ ਨੂੰ ਨਜਿਠਣ ਵਾਂਗ ਹੈ। ਇਸ ਨਾਲ ਅਸੀਂ ਆਪਣੀ ਜ਼ਿੰਦਗੀ ਵਿਚ ਆਏ ਉਲਝਾਵਾਂ ਨੂੰ ਸਹੀ ਦਿਸ਼ਾ ਦਿੰਦੇ ਹਾਂ, ਇਹ ਆਸੇ ਪਾਸੇ ਦੇ ਲੋਕਾਂ ਨੂੰ ਇੱਕ ਸੂਤਰ ਵਿਚ ਬੰਨ੍ਹਦੀ ਹੈ।

ਰਿਸ਼ਵਤ ਦੇਣੀ ਤੇ ਲੈਣੀ ਸਾਡੀਆਂ ਪੁਰਾਤਨ ਕਹਾਣੀਆਂ ਵਿਚ ਨਹੀ ਆਉਂਦੀ ਪਰ ਅਸੀਂ ਇਨ੍ਹਾਂ ਤੇ ਕਹਾਣੀਆ ਸਿਰਜ ਰਹੇ ਹਾਂ ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਰਿਸ਼ਵਤ ਲੈਣ ਲੱਗਿਆਂ ਹਿਚਕਚਾਹਟ ਨਾ ਹੋਵੇ ਜਿਵੇਂ ਸਾਨੂੰ ਬਾਬੇ ਨਾਨਕ ਦੀਆਂ ਸਾਖੀਆਂ ਸੁਣਕੇ ਨਹੀ ਹੁੰਦੀ।

ਦਿਲ ਕਹਿੰਦਾ ਹੈ ਕਿ ਸਾਖੀ ਹੈ, ਨਾਨੀ, ਦਾਦੀ ਜਾਂ ਕਿਸੇ ਭੂਆ ਮਾਸੀ ਨੇ ਸੁਣਾਈ ਹੈ, ਇਸ ਲਈ ਇਸਨੂੰ ਜਿਉਂ ਦਾ ਤਿਉ ਮੰਨ ਲਿਆ ਜਾਵੇ, ਇਹ ਸਾਡੇ ਵਾਸਤੇ ਰਾਹ ਦਸੇਰੇ ਦਾ ਕੰਮ ਕਰਦੀ ਹੈ ਤੇ ਕੋਈ ਉਲਝਣ ਨਹੀ। ਪਰ ਦਿਮਾਗ ਜਿਸਨੇ ਆਸੇ ਪਾਸੇ ਘੁਪ ਹਨੇਰੇ ਵੇਖ ਲਏ ਹਨ, ਉਹ ਕਹਿੰਦਾ ਹੈ ਕਿ ਇਸਨੂੰ ਨਾ ਮੰਨਿਆ ਜਾਵੇ, ਸਾਖੀ ਹੈ ਜੋ ਸਾਡੇ ਅਵਚੇਤਨ ਵਿਚ ਇਸਤਰ੍ਹਾਂ ਫਿਟ ਹੈ ਜਿਵੇਂ ਸ਼ੂਗਰ ਨੂੰ ਕੰਟਰੌਲ ਕਰਨ ਵਾਲੀ ਪੇਨਕਿਰਿਆ, ਪਰ ਹੁਣ ਜੇ ਪੇਨਕਿਰਿਆ ਹੀ ਸਹੀ ਤਰੀਕੇ ਨਾਲ ਕੰਮ ਨਹੀ ਕਰਦੀ ਤਾਂ ਕਹਾਣੀ ਵਾਲੇ ਪਾਸੇ ਨੂੰ ਕੁਰੇਦਣ ਵਿਚ ਕੋਈ ਹਰਜ਼ ਨਹੀ।

ਬਾਬਾ ਨਾਨਕ ਦੇਵ ਨੇ ਚਾਰ ਉਦਾਸੀਆਂ ਕੀਤੀਆਂ ਗੋਸ਼ਟ ਕੀਤੀਆਂ, ਤੇ ਇਸਤਰ੍ਹਾਂ ਹੀ ਉਹ ਭਾਈ ਲਾਲੋ ਤੇ ਮਲਕ ਭਾਗੋ ਨੂੰ ਮਿਲੇ ਹੋਣਗੇ, ਜ਼ਰੂਰ ਹੀ ਪਿੰਡ ਦੀ ਸੱਥ ਵਿਚ ਲੋਕਾਂ ਨੂੰ ਸਮਝਾਇਆ ਹੋਵੇਗਾ ਕਿ ਹੱਕ ਹਲਾਲ ਦੀ ਕਮਾਈ ਵਿਚ ਬਹੁਤ ਬਰਕਤ ਹੈ, ਪਰ ਘਰ ਬੈਠੀ ਕਿਸੇ ਦਾਦੀ ਨੇ ਕੋਲੋਂ ਹੀ ਕਹਾਣੀ ਬਣਾ ਲਈ ਤੇ ਸੋ ਚਲ ਸੋ ਚਲ-ਬਾਬਾ ਜੀ ਨੇ ਇੱਕ ਹੱਥ ਵਿਚ ਭਾਈ ਲਾਲੋ ਦੀ ਰੋਟੀ ਫੜੀ ਤੇ ਦੂਜੇ ਹੱਥ ਵਿਚ ਮਲਕ ਭਾਗੋ ਦੀ, ਦੁਧ ਤੇ ਲਹੂ ਦਾ ਤੁਹਾਨੂੰ ਪਤਾ ਹੀ ਹੋਵੇਗਾ।

ਅਸੀਂ ਬਾਬਾ ਜੀ ਨੂੰ ਯਾਦ ਕਰਦੇ ਹਾਂ ਕਿ ਕਿਸੇਤਰ੍ਹਾਂ ਇੱਕ ਫੇਰਾ ਮਾਰ ਜਾਣ, ਸੋਚੋ ਆ ਜਾਣ ਤਾਂ ਕਿਤਨੀ ਅਸਾਨੀ ਹੋ ਜਾਵੇ। ਜੇ ਕਿਤੇ ਮਲਕ ਭਾਗੋ ਤੇ ਭਾਈ ਲਾਲੋ ਦਾ ਕਾਂਡ ਫਿਰ ਹੋਵੇ ਤਾਂ ਮੀਡੀਆ ਨੇ ਪਹੁੰਚ ਜਾਣਾ ਹੈ ਤੇ ਰੋਟੀ ਵਿਚੋਂ ਨਿਕਲੇ ਲਹੂ ਦੇ ਸੈਂਪਲ ਨੂੰ ਮਲਕ ਭਾਗੋ ਨਾਲ ਮਿਲਾਇਆ ਜਾਵੇਗਾ, ਪਹਿਲਾਂ ਤਾਂ ਲਹੂ ਦਾ ਗਰੁਪ ਟੈਸਟ ਕੀਤਾ ਜਾਵੇ ਫਿਰ ਮਲਕ ਭਾਗੋ ਦਾ ਖ਼ੂਨ ਟੈਸਟ ਕੀਤਾ ਜਾਵੇ ਕਿ ਯਕੀਨਨ ਇਹ ਤਾਂ ਮਿਲੇਗਾ ਹੀ। ਬਸ ਜੀ ਉਸਤੋਂ ਬਾਦ ਜਦੋਂ ਵੀ ਲੋੜ ਪਵੇ ਤਾਂ ਫਟ ਮਲਕ ਭਾਗੋ ਦੀਆਂ ਦੋ ਰੋਟੀਆਂ ਲੈਕੇ ਬਾਬਾ ਜੀ ਨੂੰ ਕਹਿੰਣਾ

ਪਵੇਗਾ, --ਬਾਬਾ ਜੀ ਆ ਜ਼ਰਾਂ ਨਿਚੋੜਿਉ, ਕਿਸੇ ਦਾ ਐਕਸੀਡੈਂਟ ਹੋ ਗਿਆ ਹੈ ਚਾਰ ਕੁ ਬੋਤਲਾਂ ਖ਼ੂਨ ਦੀਆਂ ਚਾਹੀਦੀਆਂ ਹਨ।

ਬਾਬਾ ਜੀ ਇਹ ਲਾਲੋ ਦੇ ਘਰ ਦੀਆਂ ਰੋਟੀਆਂ ਹਨ, ਨਿਚੋੜਿਉ ਜ਼ਰਾ, ਅਚਾਨਕ ਪ੍ਰਾਹੁਣੇ ਆ ਗਏ ਹਨ, ਪਨੀਰ ਬਨਾਉਣਾ ਹੈ।

ਅਸਲ ਵਿਚ ਇਹ ਸਾਖੀ ਬਾਬਾ ਨਾਨਕ ਦੀ ਸ਼ਖਸ਼ੀਅਤ ਨੂੰ ਘਟਾਕੇ ਵੇਖਣ ਵਾਲੀ ਗੱਲ ਹੈ ਉਹਨਾਂ ਤੇ ਸਾਰੀ ਜ਼ਿੰਦਗੀ ਹੀ ਤਰਕ ਸੰਗਤ ਗੱਲ ਕੀਤੀ ਤੇ ਵਹਿਮਾਂ ਭਰਮਾਂ ਨੂੰ ਮੁਢੋਂ ਹੀ ਨਿਕਾਰਿਆ। ਸਾਰੀ ਉਮਰ ਉਦਾਸੀ-ਭਰਮਣ ਕੀਤਾ। ਪਰ ਕਹਾਣੀਆਂ, ਸਾਖੀਆਂ ਨੇ ਉਨ੍ਹਾਂ ਦੀਆਂ ਸੁੱਚਲ ਤੇ ਲੋਕ ਭਲਾਈ ਵਾਲੇ ਕੰਮਾਂ ਨੂੰ ਲੋਕਾਂ ਵਿਚ ਸੰਚਾਰ ਹੀ ਨਹੀ ਹੋਣ ਦਿੱਤਾ।

ਇਹੋ ਹੀ ਅਧਾਰ ਹੈ ਕਿ ਪਿੱਛੇ ਜਿਹੇ ਹੀ ਕਿਸੇ ਔਰਤ ਨੇ ਇਹ ਕਹਿ ਦਿੱਤਾ ਕਿ ਦੁਖ ਭੰਜ਼ਨ ਬੇਰੀ ਸਾਹਬ ਤੇ ਇਸ਼ਨਾਨ ਕਰਕੇ ਉਸਦੀ ਅੱਖਾਂ ਦੀ ਰੌਸ਼ਨੀ ਵਾਪਸ ਆ ਗਈ ਹੈ। ਸੁਣਦੇ ਸਾਰ ਹੀ ਮੱਕੜ ਸਾਹਬ ਨੇ ਆਪਣੀ ਨਾ ਰੁਕਣ ਵਾਲੀ ਕਾਰ ਨੂੰ ਵਾਪਸ ਮੋੜਿਆ ਤੇ ਔਰਤ ਨੂੰ ਸਿਰੋਪਾ ਦੇਕੇ ਇਸ ਕਹਾਣੀ ਤੇ ਸ਼੍ਰੋਮਣੀ ਕਮੇਟੀਅਤ ਦੀ ਮੋਹਰ ਲਾ ਦਿੱਤੀ। ਕਿਸੇ ਵੀ ਸਿੰਘ ਸਹਿਬਾਨ ਨੇ ਇਸਦਾ ਨੋਟਿਸ ਨਹੀ ਲਿਆ, ਦੂਜੇ ਅਰਥਾਂ ਵਿਚ ਕਹਿੰਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਇਸਨੂੰ ਚੁੱਪ ਸਵਿਕ੍ਰਿਤੀ ਦੇ ਦਿੱਤੀ। ਰੌਸ਼ਨੀ ਕਿਵੇਂ ਨਾ ਆਉਂਦੀ ਜੇ ਨਾਨਕ ਨਾਮ ਜਹਾਜ਼ ਵਿਚ ਸੋਮ ਦੱਤ ਦੀ ਜੋਤ ਮੁੜ ਸਕਦੀ ਹੈ ਤਾਂ ਦੁਬਾਰਾ ਇਹ ਕੌਤਕ ਕਿਉਂ ਨਹੀ ਹੋ ਸਕਦਾ। ਦਰਬਾਰ ਸਾਹਿਤ ਦੇ ਅੰਦਰੋਂ ਜੋਤ ਪੈਲਾਂ ਪਾਉਂਦੀ ਆਉਂਦੀ ਹੈ ਤੇ ਅੱਖਾਂ ਦੀ ਰੌਸ਼ਨੀ ਆ ਜਾਂਦੀ ਹੈ, ਅਕਾਉਂਟਿੰਗ ਵਿਚ ਕੋਈ ਫਰਕ ਨਾ ਪਵੇ ਇਸਲਈ ਆਈ ਐਸ ਜੌਹਰ ਜੋ ਫਿਲਮ ਵਿਚ ਸ਼ੂਕਾ ਬਣਿਆ ਸੀ ਉਸਦੀ ਰੌਸ਼ਨੀ ਚਲੇ ਜਾਂਦੀ ਹੈ ਹਿਸਾਬ ਬਰਾਬਰ।

ਬਾਣੀ ਵਿਚ ਜੋ ਦਿਲ ਵਿਚ ਜਲੀ ਜੋਤ ਦੀ ਗੱਲ ਹੈ, ਕੌਣ ਉਸਨੂੰ ਸਮਝਾਂਉਣ ਲਈ ਮੱਥਾ ਮਾਰਦਾ ਰਹੇ, ਘਟੋ ਘਟ ਮਕੜ ਸਾਹਿਬ ਤੇ ਬਹੁਤ ਬਿਜ਼ੀ ਹਨ, ਉਨ੍ਹਾਂ ਨੇ ਤੇ ਚੌਵੀ ਘੰਟੇ ਕਾਰ ਚਲਾਉਣੀ ਹੁੰਦੀ ਹੈ। ਸੋ ਇਹ ਕਹਾਣੀਆਂ ਹੀ ਹਨ ਜੇ ਉਨ੍ਹਾਂ ਦੀ ਦਿਸ਼ਾ ਠੀਕ ਰਹੇ ਤਾਂ ਹੀ ਸਦਾਚਾਰ ਆਪਣੀ ਸਹੀ ਦਿਸਾ ਵਿਚ ਸੰਚਾਰ ਕਰ ਸਕਦਾ ਹੈ।

ਅੱਜਕਲ ਗਦਰੀਆਂ ਬਾਰੇ ਵੀ ਸੰਵਾਦ ( ਬਹਿਸ) ਛਿੜਿਆ ਹੋਇਆ ਹੈ ਵੇਖੋ ਕੌਣ ਜਿਤਦਾ ਹੈ ਤੇ ਜਿਤਣ ਤੋਂ ਬਾਦ ਅਗਲੀ ਕਾਰਵਾਈ ਕੀ ਹੁੰਦੀ ਹੈ? ਇਸਦੀਆਂ ਵੀ ਤੇ ਕਹਾਣੀਆਂ ਬਣਨੀਆ ਹਨ, ਉਨ੍ਹਾਂ ਕਹਾਣੀਆਂ ਨੂੰ ਪੀੜ੍ਹੀ ਦਰ ਪੀੜ੍ਹੀ ਨੇ ਪੜ੍ਹਨਾ ਹੈ। ਜਿਵੇਂ ਰਿਸ਼ਵਤ ਲੈਣ ਦੀ ਕੋਸਿਸ਼ ਵਿਚ ਹਾਂ, ਐਵੇਂ ਹੀ ਦਿਲ ਨੂੰ ਸਮਝਾਂਉਣ ਲਈ ਕਹਾਣੀਆਂ ਪਾਈ ਜਾਂਦਾ ਹਾਂ, ਤੁਹਾਨੂੰ ਵੀ ਪਤਾ ਹੈ ਕਿ ਅੰਤ ਵਿਚ ਮੈਂ ਰਿਸ਼ਵਤ ਲੈ ਹੀ ਲੈਣੀ ਹੈ, ਕੌਣ ਰਿਸ਼ਤੇਦਾਰੀ ਖਰਾਬ ਕਰਦਾ ਫਿਰੇ ਜੇ ਚਾਰੇ ਖਾਨੇ ਹੀ ਚਿੱਤ ਹਨ ਤਾਂ ਮੈਂ ਕਿਹੜਾ ਤਾਰੇ ਤੋੜ ਲੈਣੇ ਹਨ? ਜੁਲਫਾਂ ਵਿਚ ਤਾਰੇ ਸਜਾਉਣ ਵੇਲੇ ਤਾਂ ਮੈਂ ਉਦਾਂ ਹੀ ਕੁਫਰ ਤੋਲਦਾ ਸੀ, ਉਹਨੂੰ

ਕਿਹੜਾ ਪਤਾ ਨਹੀ ਸੀ ਕਿ ਇਹ ਨਹੀ ਹੋ ਸਕਦਾ ਉਹ ਫਿਰ ਵੀ ਖੁਸ਼ ਹੋ ਜਾਂਦੀ ਸੀ।

ਪਿੱਛੇ ਜਿਹੇ ਹੀ ਇੰਟਰਨੈੱਟ ਤੇ ਐਵੇਂ ਮਟਰ ਗਸ਼ਤੀ ਕਰਦਿਆਂ ਇੱਕ ਕਹਾਣੀ ਵਰਗੀ ਗੱਲ ਸਾਹਮਣੇ ਆਈ ਜਿਸਦਾ ਲੇਖਕ ਅਗਿਆਤ ਹੀ ਸੀ, ਕਹਾਣੀ ਕੁਝ ਇਸਤਰ੍ਹਾਂ ਸੀ:---

ਇੱਕ ਹਸਪਤਾਲ ਵਿਚ ਦੋ ਮਰੀਜ਼ ਭਰਤੀ ਸਨ।

ਉਹ ਦੋਵੇਂ ਬਹੁਤ ਬਿਮਾਰ ਸਨ। ਇੱਕੋ ਹੀ ਕਮਰੇ ਵਿਚ ਉਨ੍ਹਾਂ ਦੇ ਬੈੱਡ ਸਨ। ਇੱਕ ਮਰੀਜ਼ ਨੂੰ, ਇੱਕ ਘੰਟੇ ਲਈ ਆਪਣੇ ਬੈੱਡ ਤੇ ਬੈਠਣ ਦੀ ਇਜਾਜ਼ਤ ਸੀ ਤਾਂ ਕਿ ਹਰ ਦੁਪਿਹਰ ਤੋਂ ਬਾਦ, ਉਸਦੇ ਫੇਫੜਿਆਂ ਵਿਚ ਪਿਆ ਹੋਇਆ ਤਰਲ ਨਿਕਲਣ ਵਿਚ ਅਸਾਨੀ ਹੋ ਸਕੇ। ਉਸਦਾ ਬੈੱਡ ਕਮਰੇ ਦੀ ਇੱਕੋ ਇੱਕ ਖਿੜਕੀ ਕੋਲ ਸੀ। ਦੂਜੇ ਮਰੀਜ਼ ਨੂੰ ਸਾਰਾ ਸਮਾਂ ਆਪਣੇ ਬੈੱਡ ਤੇ ਫਲੈਟ ਪਏ ਰਹਿੰਣ ਲਈ ਹੀ ਕਿਹਾ ਗਿਆ ਸੀ। ਦੋਵੇਂ ਘੰਟਿਆਂ ਬਧੀ ਗੱਲਾਂ ਕਰਦੇ। ਉਹ ਆਪਣੇ ਪਰਿਵਾਰਾਂ ਬਾਰੇ, ਘਰ ਬਾਰੇ, ਆਪਣੀਆਂ ਨੌਂਕਰੀਆਂ ਬਾਰੇ, ਆਪਣੇ ਮਿਲਟਰੀ ਦੀ ਕਾਰਗੁਜ਼ਾਰੀ ਬਾਰੇ ਤੇ ਆਪਣੀਆਂ ਗੁਜ਼ਾਰੀਆਂ ਛੁਟੀਆਂ ਬਾਰੇ ਗੱਲਾਂ ਕਰਦੇ।

ਹਰ ਦੁਪਿਹਰੋਂ ਬਾਦ, ਜਦੋਂ ਪਹਿਲੇ ਮਰੀਜ਼ ਦਾ ਬੈਠਣ ਦਾ ਸਮਾਂ ਹੁੰਦਾ, ਉਹ ਖਿੜਕੀ ਦੇ ਬਾਹਰ ਦੇਖਦਾ। ਦੂਸਰੇ ਬੈੱਡ ਵਾਲਾ ਮਰੀਜ਼, ਉਸਦੀਆਂ ਬਾਹਰ ਦੇ ਨਜ਼ਾਰਿਆ ਬਾਰੇ ਕੀਤੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਦਾ। ਬੈਠਾ ਮਰੀਜ਼ ਬਹੁਤ ਵਿਸਥਾਰ ਨਾ ਬਾਹਰ ਚਲ ਰਹੀ ਹਿਲਜੁਲ ਬਾਰੇ ਦਸਦਾ। ਲੰਮਾ ਪਿਆ ਮਰੀਜ਼ ਸੁਣਦਾ ਹੋਇਆ ਆਪਣੇ ਮੰਨ ਦੇ ਬਾਵੇ ਬਨਾਉਣ ਵਿਚ ਮਸਰੂਫ਼ ਰਹਿੰਦਾ ਤੇ ਖਿਆਲੀ ਪੁਲਾਵ ਬਣਾਉਂਦਾ। ਇਸਤਰ੍ਹਾਂ ਕਰਦਾ ਉਹ ਆਪਣੀ ਸੁਪਨਈ ਦੁਨੀਆ ਵਿਚ ਗੁਆਚ ਜਾਂਦਾ। ਉਸਨੂੰ ਚੰਗਾ ਚੰਗਾ ਮਹਿਸੂਸ ਹੁੰਦਾ।

ਖਿੜਕੀ ਦੇ ਬਾਹਰ ਇੱਕ ਪਾਰਕ ਸੀ ਜਿਸਦੇ ਨਾਲ ਹੀ ਇੱਕ ਪਿਆਰੀ ਝੀਲ ਸੀ। ਉਸ ਝੀਲ ਵਿਚ ਬਤਖਾਂ ਤੇ ਹੋਰ ਪੰਛੀ ਅਠਖੇਲੀਆਂ ਕਰਦੇ ਤੇ ਕਈ ਬੱਚੇ ਆਪੋ ਆਪਣੀਆਂ ਮਾਡਲ ਕਿਸ਼ਤੀਆ ਰਾਹੀਂ, ਪਾਣੀ ਦੀਆਂ ਖੇਡਾਂ ਖੇਡਦੇ ਬੁਲ੍ਹੇ ਲੁਟਦੇ। ਜਵਾਨ ਪ੍ਰੇਮੀ ਬਾਹਵਾਂ ਵਿਚ ਬਾਹਵਾਂ ਪਾਕੇ, ਹਰ ਤਰਾਂ ਦੇ ਰੰਗਾਂ ਦੇ ਫੁਲਾਂ ਵਿਚ ਮਸਤੀ ਕਰਦੇ।

ਵਡੇ ਵਡੇ ਰੁੱਖ ਬਾਹਰ ਦੇ ਨਜ਼ਾਰੇ ਨੂੰ ਮਨਮੋਹਕ ਬਣਾ ਰਹੇ ਹੁੰਦੇ ਤੇ ਸ਼ਹਿਰ ਦੀ ਸਕਾਈਲਾਈਨ ਵੀ ਦੂਰੋਂ ਹੀ ਦਿਸ ਰਹੀ ਹੁੰਦੀ।

ਸੁਣ ਰਿਹਾ ਮਰੀਜ਼ ਆਪਣੀਆਂ ਅੱਖਾਂ ਬੰਦ ਕਰਕੇ, ਕਲਪਨਾ ਵਿਚ ਗੁਆਚ, ਆਪਣੇ ਹੀ ਨਜ਼ਾਰਿਆਂ ਦੀ ਇੱਕ ਕਲਪਿਤ ਤਸਵੀਰ ਬਣਾ ਲੈਂਦਾ, ਇਸਤਰ੍ਹਾਂ ਕਰਨਾ ਉਸਨੂੰ ਬਹੁਤ ਚੰਗਾ ਲਗਦਾ।

ਇੱਕ ਗਰਮ ਦੁਪਿਹਰ ਨੂੰ ਵੇਖ ਰਹੇ ਮਰੀਜ਼ ਨੇ ਕੋਲੋਂ ਲੰਘਦੀ ਪਰੇਡ ਦਾ ਜ਼ਿਕਰ ਕੀਤਾ, ਭਾਵੇਂ ਕਿ ਸੁਣ ਰਿਹਾ ਮਰੀਜ਼, ਬੈਂਡ ਦੀ ਅਵਾਜ਼ ਸੁਣ ਨਹੀ ਸਕਦਾ ਸੀ, ਉਸਨੇ ਆਪਣੇ ਮੰਨ

ਦੀਆਂ ਅੱਖਾਂ ਖੋਲ ਲਈਆਂ। ਸੁਨਾਉਣ ਵਾਲਾ ਪਰੇਡ ਦਾ ਇਸਤਰ੍ਹਾਂ ਵਿਖਿਆਨ ਕਰ ਰਿਹਾ ਸੀ ਕਿ ਹਰ ਸ਼ਬਦ ਹੀ ਸੰਗੀਤ ਬਣ ਰਿਹਾ ਸੀ। ਇਸਤਰ੍ਹਾਂ ਕਰਦਿਆ ਦਿਨ ਤੇ ਹਫਤੇ ਗੁਜ਼ਰ ਗਏ

ਇੱਕ ਸਵੇਰ, ਦਿਨ ਦੀ ਸ਼ਿਫਟ ਵਾਲੀ ਨਰਸ, ਉਨ੍ਹਾਂ ਦੇ ਅਸ਼ਨਾਨ ਲਈ ਪਾਣੀ ਤੇ ਤੌਲੀਏ ਲੈਕੇ ਆਈ ਤਾਂ ਉਸਨੇ ਵੇਖਿਆ ਕਿ ਖਿੜਕੀ ਦੇ ਕੋਲ ਵਾਲਾ ਮਰੀਜ਼ ਮਰ ਚੁੱਕਾ ਸੀ। ਉਹ ਬੜੀ ਸ਼ਾਤੀ ਨਾਲ ਸੁੱਤਾ ਹੋਇਆ ਹੀ ਸਦਾ ਲਈ ਸੌਂ ਗਿਆ ਸੀ। ਉਸਨੇ ਹੈਰਾਨੀ ਤੇ ਦੁੱਖ ਨਾਲ ਹਸਪਤਾਲ ਦੇ ਬਾਕੀ ਸਟਾਫ ਨੂੰ ਸਦਿਆ ਤੇ ਉਹ ਉਸਦੀ ਲਾਸ਼ ਚੁੱਕਕੇ ਲੈ ਗਏ। ਜਿਉਂ ਹੀ ਮੌਕਾ ਲੱਗਾ ਦੂਜੇ ਮਰੀਜ਼ ਨੇ ਨਰਸ ਨੂੰ ਕਿਹਾ ਕਿ ਕਿ ਇਹ ਸੰਭਵ ਹੈ ਕਿ ਉਸ ਖਾਲੀ ਹੋਏ ਬੈੱਡ ਤੇ ਉਸਨੂੰ ਤਬਦੀਲ ਕਰ ਦਿੱਤਾ ਜਾਵੇ? ਨਰਸ ਨੂੰ ਇਸ ਵਿਚ ਕੋਈ ਸਮਸਿਆ ਨਹੀ ਦਿਸੀ ਤੇ ਉਸਨੇ ਖੁਸ਼ੀ ਨਾਲ ਉਸਦੀ ਬੇਨਤੀ ਸਵਿਕਾਰ ਕਰ ਲਈ ਤੇ ਉਸਦਾ ਬੈੱਡ ਬਦਲ ਦਿੱਤਾ। ਜਦੋਂ ਨਰਸ ਨੇ ਵੇਖਿਆ ਕਿ ਉਹ ਹੁਣ ਨਵੇਂ ਬੈੱਡ ਤੇ ਅਰਾਮਦਾਇਕ ਸਥਿਤੀ ਵਿਚ ਹੈ, ਨਰਸ ਚਲੇ ਗਈ। ਉਸਨੇ ਮਰੀਜ਼ ਨੂੰ ਇੱਕਲਾ ਛੱਡ ਦਿੱਤਾ। ਬਹੁਤ ਹੌਲੀ ਤੇ ਬਹੁਤ ਤਕਲੀਫ ਨਾਲ, ਉਸਨੇ ਥੋੜਾ ਉਪਰ ਨੂੰ ਸਰਕਣਾ ਚਾਹਿਆ ਤੇ ਹੁਣ ਸਿਰਫ ਇੱਕ ਅੱਖ ਨਾਲ ਹੀ ਉਹ ਬਾਹਰ ਵਲ ਵੇਖਣ ਦੀ ਸਥਿਤੀ ਵਿਚ ਆ ਗਿਆ ਸੀ। ਉਸਨੇ ਧਿਆਨ ਨਾਲ ਪੂਰੀ ਇਕਾਗਰਤਾ ਨਾਲ ਬਾਹਰ ਵੇਖਣਾ ਚਾਹਿਆ ਪਰ ਉਸਨੂੰ ਉੱਥੇ ਸਿਰਫ ਕੰਕਰੀਟ ਦੀ ਦਿਵਾਰ ਹੀ ਵਿਖਾਈ ਦਿੱਤੀ। ਮਰੀਜ਼ ਨੇ ਮਦਦ ਵਾਲਾ ਬਟਨ ਦਬ ਕੇ ਨਰਸ ਨੂੰ ਬੁਲਾਇਆ ਤਾਂ ਕਿ ਆਪਣਾ ਭਰਮ ਦੂਰ ਕਰ ਸਕੇ ਕਿ ਇੱਥੇ ਕੋਈ ਕੰਧ ਨਹੀ ਹੈ, ਪਰ ਨਰਸ ਨੇ ਦਸਿਆ ਕਿ ਇਹ ਕੰਧ ਹੀ ਹੈ ਤੇ ਕੋਈ ਵੀ ਬਾਹਰ ਦਾ ਨਜ਼ਾਰਾ ਨਹੀ ਹੈ ਤੇ ਨਾ ਹੀ ਕੋਈ ਲਾਗੇ ਬੰਨ੍ਹੇ ਕੋਈ ਪਾਰਕ ਹੈ ਜਾਂ ਝੀਲ ਹੈ।

ਇਸਤੋਂ ਪਹਿਲਾਂ ਕਿ ਮਰੀਜ਼ ਕੁਝ ਹੋਰ ਪੁੱਛਦਾ, ਨਰਸ ਨੇ ਕਿਹਾ ਕਿ ਮਰ ਚੁੱਕਾ ਮਰੀਜ਼ ਤਾਂ ਅੱਖਾਂ ਤੋਂ ਅੰਨ੍ਹਾਂ ਸੀ, ਉਹ ਕੁਝ ਵੀ ਵੇਖ ਨਹੀ ਸਕਦਾ ਸੀ। ਨਰਸ ਨੇ ਅੱਗੇ ਕਿਹਾ ਕਿ ਉਹ ਮਰੀਜ਼ ਤੇ ਇਹ ਕੰਧ ਵੀ ਨਹੀ ਵੇਖ ਸਕਦਾ ਸੀ ਜੋ ਤੈਨੂੰ ਨਜ਼ਰ ਆ ਰਹੀ ਹੈ। ਸ਼ਾਇਦ ਉਹ ਸਿਰਫ ਤੈਨੂੰ ਖੁਸ਼ ਕਰਨ ਲਈ, ਹੌਂਸਲਾ ਦੇਣ ਲਈ ਹੀ ਖੂਬਸੂਰਤ ਝੂਠ ਬੋਲਦਾ ਰਿਹਾ।

## 26

# ਆਉ ਅਸਲੀ ਬਾਬਿਆਂ ਦੀ ਪਛਾਣ ਕਰੀਏ

ਆਸਾ ਰਾਮ, ਰਹੀਮ ਆਸਾ, ਭਨਿਆਰਾ ਰਹੀਮ, ਰਹੀਮ ਦੇਵ, ਤੇ ਚਾਂਦਨੀ ਬਾਬਾ, ਇਹ ਸਾਰੇ ਬਾਬੇ ਲੋਕਾਂ ਦਾ ਧਿਆਨ ਖਿਚਦੇ ਹਨ ਨਿਰਮਲ ਦਿਸਦੇ ਹਨ, ਹੈ ਵੀ ਹਨ, ਪੰਜ ਪੰਜ ਲੱਖ ਦੀ ਗੱਡੀ, ਸ਼ਾਇਦ ਮੈਂ ਘਟ ਕੀਮਤ ਦਸੀ ਹੈ, ਏਅਰ ਕੰਡੀਸ਼ਨ ਤੇ ਇਨ੍ਹਾ ਦੇ ਉਹ

ਕਮਰੇ ਹਨ ਜਿੱਥੇ ਇਨ੍ਹਾਂ ਦੇ ਕੁੱਤੇ ਰਹਿੰਦੇ ਹਨ। ਹੁਣ ਪਤਾ ਨਹੀ ਕੌਣ ਸਹੀ ਬਾਬਾ ਹੈ ਤੇ ਕੌਣ ਗਲਤ ਹੈ, ਮੈਂ ਤੇ ਕੰਨਫਿਉਜ਼ ਹਾਂ, ਕਿਸ ਨੂੰ ਮੱਥਾ ਟੇਕਾਂ ਤੇ ਕਿਸ ਨੂੰ ਨਾ ਟੇਕਾਂ? ਬਾਕੀ ਲੋਕਾਂ ਦਾ ਵੀ ਮੇਰੇ ਵਾਲਾ ਹਾਲ ਹੋਵੇਗਾ। ਇਹ ਕਰਾਮਾਤੀ ਹਨ, ਜਾਣੀ ਜਾਣ ਹਨ, ਰੱਬ ਨਾਲ ਤੇ ਇਹ ਪੋਲੋ ਖੇਡਦੇ ਹਨ। ਕੀ ਪਤਾ ਗੁੱਸੇ ਵਿਚ ਆਕੇ ਰੱਬ ਨੂੰ ਲੰਚ ਤੇ ਸਦਕੇ ਤੁਹਾਡਾ ਤੜਕਾ ਲਵਾ ਦੇਣ। ਸਾਡੀ ਤੇ ਅੱਗੇ ਹੀ ਮੋਰਗੇਜ਼ ਨਹੀ ਤੁਰਦੀ, ਮਟਕ ਨਾਲ ਹੀ ਚਲਦੀ ਹੈ, ਕਦੇ ਅਸੀਂ ਦੁੱਖੀ ਤੇ ਕਦੇ ਬੈਂਕ ਵਾਲੇ ਦੁੱਖੀ। ਇਹ ਬੈਂਕ ਨਾਲ ਅੱਖ ਮਟਕਾ ਤੇ ਚਲਦਾ ਹੀ ਰਹਿੰਦਾ ਹੈ। ਮਹੀਨੇ ਦੇ ਅਖੀਰਲੇ ਵੀਕ ਐਂਡ ਤੇ ਗੁਰਦੁਆਰੇ ਜ਼ਰੂਰ ਜਾਈਦਾ ਹੈ, ਲੰਗਰ ਵਿਚ ਸੇਵਾ ਕਰੀਦੀ ਹੈ, ਚਾਦਰ ਵੇਖਕੇ ਕਦੇ ਡਾਲਰ ਤੇ ਕਦੇ ਦੋ ਡਾਲਰ ਚੜ੍ਹਾ ਵੀ ਦੇਈਦੇ ਹਨ, ਰੱਬ ਬੜਾ ਮੇਹਰਬਾਨ ਹੈ, ਇਤਨੇ ਨਾਲ ਮੰਨ ਜਾਂਦਾ ਹੈ ਤੇ ਸਾਡੇ ਚੜ੍ਹਦੇ ਮਹੀਨੇ ਦੇ ਬਿੱਲ ਅਦਾ ਹੋ ਜਾਂਦੇ ਹਨ। ਪਰ ਕਦੇ ਕਦੇ ਜੇ ਕੋਈ ਖੁਨਾਮੀ ਹੋ ਜਾਵੇ ਮੱਥਾ ਟੇਕਣਾ ਭੁਲ ਜਾਈਏ ਜਾਂ ਡਾਲਰ ਦੀ ਜਗ੍ਹਾਂ ਕੁਆਟਰ ਹੀ ਚੜ੍ਹਾ ਦੇਈਏ ਤਾਂ ਬਿੱਲ ਵੀ ਅੜ ਜਾਂਦੇ ਹਨ, ਸਾਡੀ ਸ਼ਰਧਾ ਤੇ ਸਾਡੇ ਬਿੱਲ ਆਪਸ ਵਿਚ ਲਗਦੈ ਸਾਂਢੂ ਹਨ। ਸਾਂਢੂਆਂ ਦੀ ਸੁਣਿਆਂ ਬਣਦੀ ਵੀ ਘਟ ਹੀ ਹੁੰਦੀ ਹੈ ਇੱਕੋ ਘਰ ਦੇ ਜਵਾਈ ਹੋਣ ਕਰਕੇ ਸਾਰੀ ਉਮਰ ਹੀ ਕੰਮਪੀਟੀਸ਼ਨ ਰਹਿੰਦਾ ਹੈ ਤੇ ਜੇ ਬਣ ਜਾਵੇ ਤਾਂ ਬਹੁਤ ਬਣਦੀ ਹੈ, ਪਰ ਪਰਮਾਤਮਾ ਦੀ ਮੇਹਰ ਚਾਹੀਦੀ ਹੈ। ਕਲ ਮੈਂ ਬਹੁਤ ਦੁਖੀ ਹੋਇਆ ਅੰਤਰ ਧਿਆਨ ਹੋ ਕੇ ਰੱਬ ਨੂੰ ਯਾਦ ਕਰ ਰਿਹਾ ਸੀ ਤੇ ਸੋਚਦਾ ਸੀ ਕਿ ਕਿਸੇ ਬਾਬੇ ਦੀ ਸ਼ਰਨ ਵਿਚ ਪੈ ਜਾਵਾਂ। ਫਿਰ ਸੋਚਿਆ ਹੁਣ ਇਹ ਕਿਵੇਂ ਪਤਾ ਲੱਗੇ ਕਿ ਸਹੀ ਬਾਬਾ ਕਿਹੜਾ ਹੈ ਤੇ ਆਸਾ ਰਾਮ ਕਿਹੜਾ ਹੈ? ਫਿਰ ਅਚਾਨਕ ਮੈਨੂੰ ਇਲਹਾਮ ਹੋਇਆ ਤੇ ਉਹ ਇਲਹਾਮ ਮੈਂ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।

ਗੱਲ ਰਾਮ ਰਾਜ ਦੀ, ਸੱਤ ਯੁੱਗ ਦੀ। ਸੀਤਾ ਮਈਆ ਦੀ ਅਗਨੀ ਪਰਿਖਿਆ ਹੋਈ ਦੋ ਵਾਰੀ ਤੇ ਮਾਤਾ ਸ਼੍ਰੀ ਦੋਵੇਂ ਵਾਰ ਫਸਟ ਡਵੀਜ਼ਨ ਵਿਚ ਪਾਸ ਹੋ ਗਈ।

ਕਿਉਂ ਨਾ ਆਪਾਂ ਸਾਰੇ ਰਲਕੇ ਬਾਬਿਆਂ ਨੂੰ ਬੇਨਤੀ ਕਰੀਏ? ਇਹ ਸਾਰੇ ਇੱਕਠੇ ਹੋਣ, ਇੱਕ ਵਿਸ਼ਾਲ ਇੱਕਠ ਕਰਨ, ਜਿਸ ਵਿਚ ਪ੍ਰਾਂਤ ਪ੍ਰਾਂਤ ਤੋਂ ਪਹੁੰਚੇ ਹੋਏ ਸੰਤ ਮਹਾਤਮਾ, ਰਿਸ਼ੀਵਰ, ਬਾਬੇ, ਧਾਰਮਿਕ ਗੁਰੂ, ਮੱਠਾਂ ਦੇ ਚੌਧਰੀ ਤੇ ਸਾਰੇ ਆਸੇ ਦਾਸੇ ਸੱਦੇ ਜਾਂਣ। ਇੱਕ ਵਡਾ ਅੱਗਨ ਕੁੰਡ ਬਣਾਇਆ ਜਾਵੇ। ਤੇ ਹੱਥ ਜੋੜਕੇ ਨਿਵੇਦਨ ਕੀਤਾ ਜਾਵੇ ਹਰ ਇੱਕ ਮਹਾਂ- ਪਰਮ- ਮਨੁੱਖ ਨੂੰ ਕਿ ਉਹ ਬਚਨ ਬਿਲਾਸ ਕਰਨ ਤੋਂ ਬਾਦ ਉਸ ਅਗਨ ਕੁੰਡ ਵਿਚੋਂ ਪੱਦ ਯਾਤਰਾ ਕਰਨ। ਜਿਹੜਾ ਇਸ ਪੱਦ ਯਾਤਰਾ ਵਿਚੋਂ ਲੰਘ ਗਿਆ, ਉਸਨੂੰ ਹੀ ਸਹੀ ਬਾਬਾ ਮੰਨਿਆ ਜਾਵੇ, ਤੇ ਜਿਹੜਾ ਰੋਡਵੇਜ਼ ਦੀ ਲਾਰੀ ਵਾਂਗ, ਰਾਹ ਵਿਚ ਰਹਿ ਗਿਆ, ਉਸਦਾ ਪਤਾ ਲੱਗ ਜਾਵੇਗਾ ਕਿ ਉਹ ਬਾਬੇ ਦੇ ਭੇਸ ਵਿਚ ਲੂੰਬੜ ਸੀ। ਇਸ ਤਰ੍ਹਾਂ ਦੋ ਫਾਈਦੇ ਹੋਣਗੇ। ਇੱਕ ਤੇ ਸਾਡੀ ਸ਼ਰਧਾ ਫੋਕਸ ਹੋ ਜਾਵੇਗੀ ਤੇ ਦੂਜਾ ਨਕਲੀ ਬਾਬਿਆਂ ਦਾ ਕਬਾਬ ਬਣ ਜਾਵੇਗਾ ਜੋ

ਇੱਕ ਦਿਨ ਲਈ ਕੁਤਿਆਂ ਲਈ ਹਨੀਮੂਨ ਵਰਗਾ ਦਿਨ ਹੋਵੇਗਾ। ਕਿਉਂ ਭਗਤੋ ਕੀ ਖਿਆਲ ਹੈ?

## 27

# ਨਵਜੀਵਨੀ ਸਕੂਲ, ਬੌਬ ਰੰਮਬਲ ਸਕੂਲ

ਇੰਡੀਆ ਜਾਣ ਤੋਂ ਪਹਿਲਾਂ ਹੀ ਮੇਰਾ ਪਰੋਗਰਾਮ ਸੀ ਕਿ ਨਵਜੀਵਨੀ ਸਕੂਲ ਜ਼ਰੂਰ ਜਾਣਾ ਹੈ, ਬਲਤੇਜ਼ ਪੰਨੂ ਉਸੇ ਦਿਨ ਹੀ ਕੈਨੇਡਾ ਨੂੰ ਆ ਗਿਆ ਜਿਸ ਦਿਨ ਮੈਂ ਅੰਮ੍ਰਿਤਸਰ ਪਹੁੰਚਣਾ ਸੀ, ਪਰ ਚੰਗੀ ਗੱਲ ਇਹ ਹੋਈ ਕਿ ਬਲਤੇਜ਼ ਨੇ ਪੰਜ ਅਕਤੂਬਰ ਨੂੰ ਵਾਪਸ ਇੰਡੀਆ ਆ ਜਾਣਾ ਸੀ।

ਨਵਜੀਵਨੀ ਸਕੂਲ ਦੀ ਵਿਜ਼ਟ ਨਾਲ ਮੈਂ ਬਹੁਤ ਹੀ ਪ੍ਰਭਾਵਿਤ ਹੋਇਆ। ਮੈਂ ਇਹ ਨਹੀ ਕਹਿੰਦਾ ਕਿ ਮੇਰੀ ਕਲਪਨਾ ਗਲਤ ਸੀ ਪਰ ਮੈਂ ਕਦੇ ਸੋਚ ਵੀ ਨਹੀ ਸਕਦਾ ਸੀ ਕਿ ਨਵਜੀਵਨੀ ਸਕੂਲ ਦੇ ਸਪੈਸ਼ਲ ਬੱਚਿਆਂ ਦਾ ਇਤਨਾ ਉੱਤਮ ਪ੍ਰਬੰਧ ਹੋਵੇਗਾ। ਮੇਰਾ ਬੇਟਾ ਜਸਜੀਤ ਹੁਣ ਅਠਾਈ ਸਾਲ ਦਾ ਹੈ ਤੇ ਅਜੇ ਵੀ ਬੱਚਾ ਹੈ। ਉਸਦੀ ਦਿਮਾਗੀ ਹਾਲਤ ਚਾਰ ਪੰਜ ਸਾਲ ਦੇ ਬੱਚੇ ਵਰਗੀ ਹੈ, ਸੁਣਦਾ ਨਹੀ ਤੇ ਜੇ ਸੁਣਦਾ ਨਹੀ ਤਾਂ ਬੋਲੇਗਾ ਕੀ?ਪਿੱਛਲੇ ਅਠਾਈ ਸਾਲ ਤੋਂ ਉਹ ਕੈਨੇਡਾ ਦੇ ਵੱਖੋ ਵਖਰੇ ਪ੍ਰਬੰਧਾਂ ਅਧੀਨ ਪ੍ਰਵਾਨ ਚੜ੍ਹਿਆ ਹੈ ਤੇ ਹੁਣ ਤਿੰਨ ਸਾਲ ਤੋਂ ਡੈਫ਼ ਫਿਸਿਲਟੀ ਜਿਸਦਾ ਨਾਮ ਬੌਬ ਰੰਮਬਲ ਹੈ, ਉੱਥੇ ਡੇ-ਪਰੋਗਰਾਮ ਵਿਚ ਜਾਂਦਾ ਹੈ। ਬੌਬ ਰੰਮਬਲ ਇੱਕ ਸਾਇਕੈਟਰਿਸਟ ਡਾਕਟਰ ਹੈ ਜੋ ਆਪਣੇ ਪੇਸ਼ੇ ਦਾ ਮਾਹਰ ਹੈ ਪਰ ਉਸਨੇ ਸਾਰੀ ਜ਼ਿੰਦਗੀ ਇਸ ਫੈਸਿਲਟੀ ਲਈ ਸਮਰਪਿਤ ਕਰ ਦਿੱਤੀ ਤੇ ਇਸਦਾ ਪ੍ਰਬੰਧ ਬਹੁਤ ਵਧੀਆ ਹੈ। ਇਹ ਮੈਂ ਤਾਂ ਦਸ ਰਿਹਾ ਹਾਂ ਕਿਉਂਕਿ ਇਹ ਭਰਮ ਸੀ ਕਿ ਕੈਨੇਡਾ ਵਿਚ ਹੀ ਇਹ ਸੰਭਵ ਹੈ ਤੇ ਨਵਜੀਵਨੀ ਸਕੂਲ ਚੰਗੇ ਹੱਥਾਂ ਵਿਚ ਤੇ ਹੈ ਪਰ ਬੌਬ ਰੰਮਬਲ ਵਰਗਾ ਨਹੀ ਹੋਵੇਗਾ ਪਰ ਇਹ ਸੱਚ ਨਹੀ ਹੈ। ਸੰਵੇਦਨਾਂ ਦੀਆਂ ਕਦਰਾਂ ਦਾ ਵੈਸੇ ਤੇ ਮੁਕਾਬਲਾ ਨਹੀ ਕਰਨਾ ਚਾਹੀਦਾ ਕਿਉਂਕਿ ਇਹ ਸੰਵੇਦਨਾ ਹੀ ਸੀ ਜਿਸਨੇ ਭਗਤ ਪੂਰਨ ਸਿੰਘ ਜੀ ਨੂੰ ਅਮਰ ਕਰ ਦਿੱਤਾ। ਨਵਜੀਵਨੀ ਸਕੂਲ ਸੰਵੇਦਨਾ ਨਾਲ ਭਰਪੂਰ ਤੇ ਹੈ ਹੀ ਪਰ ਇਸਦਾ ਪ੍ਰਬੰਧ ਕਿਸੇ ਵੀ ਕਲਪਨਾ ਤੋਂ ਕਿਤੇ ਵਧੀਆ ਹੈ ਤੇ ਬੌਬ ਰੰਮਬਲ ਤੇ ਨਵਜੀਵਨੀ ਸਕੂਲ ਦਾ ਪੱਧਰ ਬਿਲਕੁਲ ਸਾਵਾਂ ਹੈ। ਦੋ ਸੌ ਬੱਚਿਆਂ ਦਾ ਇਹ ਸਕੂਲ ਪਿਆਰ ਸਟੈਚੂ ਦਾ ਨਮੂਨਾ ਹੈ, ਇਹ ਮੈਂ ਨਹੀ ਕਹਿੰਦਾ ਨਵਜੀਵਨੀ ਸਕੂਲ ਮੂੰਹੋਂ ਬੋਲਕੇ ਕਹਿੰਦਾ ਹੈ।

ਹੁਣ ਗੱਲ ਕਰਦੇ ਹਾਂ ਕਿ ਜਦੋਂ ਕੋਈ ਬੱਚਾ ਕਿਸੇ ਪਰਿਵਾਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਘਰ ਦੀ ਸੰਵੇਦਨਾ ਦਾ ਜਨਮ ਕਿਵੇਂ ਹੁੰਦਾ ਹੈ? ਇਹ ਕਿਵੇਂ ਵਧਦੀ ਫੁਲਦੀ ਹੈ ਤੇ

ਕਿਵੇਂ ਕੁਝ ਦਰਵੇਸ਼ ਲੋਕ ਇਸ ਸੰਵੇਦਨਾ ਨਾਲ ਪਰੁੰਨੇ ਜਾਂਦੇ ਹਨ ਤੇ ਇਸਨੂੰ ਆਪਣਾ ਮਕਸਦ ਬਣਾ ਲੈਂਦੇ ਹਨ? ਉਹ ਕਿਹੜੀ ਗੱਲ ਹੈ ਜੋ ਸਾਡੇ ਅੰਦਰ ਦੀ ਚੰਗਿਆਈ ਨੂੰ ਟੁੰਬ ਲੈਂਦੀ ਹੈ?

ਜਸਜੀਤ ਦਾ ਜਨਮ 1985 ਦਾ ਹੈ ਤੇ ਸਾਡੇ ਵਿਆਹ ਹੋਏ ਨੂੰ ਅਜੇ ਡੇਢ ਕੁ ਸਾਲ ਹੀ ਹੋਇਆ ਸੀ ਤੇ ਅਸੀਂ ਕੈਨੇਡਾ ਵਿਚ ਸਟਗਲਰ ਸੀ। ਆਸੇ ਪਾਸੇ ਦੇ ਦਬਾਵਾਂ ਨਾਲ ਜੂਝ ਰਹੇ ਸਾਂ। ਜਿਨ੍ਹਾਂ ਦਾ ਜ਼ਿਕਰ ਮੈਂ ਅਕਸਰ ਕਹਾਣੀਆਂ ਵਿਚ ਕਰਦਾ ਰਹਿੰਦਾ ਹਾਂ।

ਇੱਕ ਰਾਤ ਮੈਨੂੰ ਜਾਗ ਆਈ ਤੇ ਮੈਂ ਵੇਖਿਆ ਕਿ ਮੇਰੀ ਪਤਨੀ ਜੈਸੀ ਨੂੰ ਥਾਪੜ ਰਹੀ ਸੀ, ਜੈਸੀ ਬਿਮਾਰ ਸੀ, ਤੇਜ਼ ਬੁਖਾਰ, ਅੱਠ ਮਹੀਨੇ ਦਾ ਜੈਸੀ ਰਾਤ ਸਾਉਂਣ ਲਗਿਆਂ ਹੀ ਭਖਣ ਲੱਗ ਪਿਆ ਸੀ। ਮੇਰੀ ਪਤਨੀ ਕੰਮ ਤੋਂ ਆਕੇ ਸੁੱਤੀ ਪਈ ਸੀ ਤੇ ਸਵੇਰੇ ਫੇਰ ਕੰਮ ਤੇ ਜਲਦੀ ਜਾਣਾ ਸੀ ਤੇ ਮੈਂ ਦੁਪਿਹਰ ਦੀ ਸ਼ਿਫਟ ਕਰਦਾ ਸੀ ਪਰ ਉਸਨੇ ਮੈਨੂੰ ਨਹੀ ਜਗਾਇਆ ਤੇ ਆਪ ਹੀ ਜੈਸੀ ਨੂੰ ਛਾਤੀ ਨਾਲ ਲਾਕੇ ਨਿੱਘ ਦੇ ਰਹੀ ਸੀ, ਸਰਦੀਆਂ ਦਾ ਮੌਸਮ ਸੀ। ਜੈਸੀ ਦੀ ਰੂੰ ਰੂੰ ਬੰਦ ਹੋ ਗਈ। ਮੈਂ ਕੁਝ ਦੇਰ ਖੜਾ ਰਿਹਾ, ਮੇਰੇ ਵੱਲ ਪਿੱਠ ਹੋਣ ਕਰਕੇ ਮੇਰੀ ਪਤਨੀ ਮੈਨੂੰ ਵੇਖ ਨਹੀ ਸਕਦੀ ਸੀ ਪਰ ਮੈਂ ਮਾਂ ਦਾ ਰੂਪ ਵੇਖ ਰਿਹਾ ਸੀ ਤੇ ਸੋਚ ਵੀ ਰਿਹਾ ਸੀ ਕਿ ਇਹ ਰੱਬੀ ਅਸ਼ੀਰਵਾਦ ਹੀ ਹੈ ਕਿ ਮੈਨੂੰ ਇਹੋ ਜਿਹਾ ਪਾਰਟਨਰ ਮਿਲਿਆ ਜ਼ਿੰਦਗੀ ਸ਼ੇਅਰ ਕਰਨ ਲਈ।

ਮੈ ਮਲਕੜੇ ਜਿਹੇ ਜਾਕੇ ਜੈਸੀ ਨੂੰ ਛੋਹਿਆ, ਜਿਸ ਨਾਲ ਪਤਨੀ ਵੀ ਉੱਠਦੀ ਹੋ ਗਈ। ਕਈ ਰਾਤਾਂ ਤੋਂ ਹੀ ਜੈਸੀ ਢਿਲਾ ਸੀ ਪਰ ਸਾਨੂੰ ਅੱਜ ਲੱਗਾ ਕਿ ਕੁਝ ਸਿਰੀਅਸ ਹੈ, ਉਹ ਬੁਖਾਰ ਨਾਲ ਤਪ ਰਿਹਾ ਸੀ।

ਦੋਵਾਂ ਦੀਆ ਗੱਲਾਂ ਇੱਕ ਦੂਜੇ ਨੂੰ ਛੋਹ ਰਹੀਆਂ ਸਨ, ਬੇਕਾਰ ਜਿਹੇ ਅਥਰੂ ਵੀ ਆ ਗਏ। ਸਿਰਫ ਸ਼ਾਇਦ ਜੈਸੀ ਹੀ ਜਾਣਦਾ ਸੀ ਕਿ ਉਹ ਸੁਣ ਨਹੀ ਸਕਦਾ, ਸਾਨੂੰ ਅਜੇ ਕਿੱਥੇ ਪਤਾ ਸੀ?

ਸਵੇਰੇ ਦਸ ਵਜੇ ਤੱਕ ਇੰਤਜਾਰ ਕਰਕੇ ਅਸੀਂ ਦਸ ਵਜੇ ਜੈਸੀ ਨੂੰ ਡਾਕਟਰ ਕੋਲ ਲੈ ਗਏ ਤੇ ਇਹ ਵੀ ਦਸਿਆ ਕਿ ਇਹ ਪਾਸਾ ਵੀ ਨਹੀ ਪਰਤ ਸਕਦਾ ਜਦੋਂ ਕਿ ਅੱਠ ਮਹੀਨੇ ਤੋਂ ਉੱਪਰ ਦਾ ਹੋ ਗਿਆ ਹੈ। ਡਾਕਟਰ ਪਰਿਪਾ ਨੇ ਉਸੇ ਵੇਲੇ ਸਿੱਕ ਚਿਲਡਰਨ ਭੇਜ਼ ਦਿੱਤਾ ਤੇ ਨੋਟ ਲਿਖਕੇ ਸਾਡੇ ਹੱਥ ਫੜਾਇਆ ਤੇ ਕਿਹਾ ਮੈਂ ਵੀ ਦੁਪਿਹਰੋਂ ਬਾਦ ਆਉਂਦਾ ਹਾਂ, ਉਹ ਬੱਚਿਆਂ ਦਾ ਸਪੈਸ਼ਲਿਸਟ ਸੀ ਜੋ ਬਾਦ ਵਿਚ ਅਠਾਰਾਂ ਸਾਲ ਦੀ ਉਮਰ ਤੱਕ ਜੈਸੀ ਦਾ ਫੈਮਿਲੀ ਡਾਕਟਰ ਰਿਹਾ।

ਜੈਸੀ ਨੂੰ ਦਾਖਲ ਕਰ ਲਿਆ ਗਿਆ। ਟੈਸਟ ਸ਼ੁਰੂ ਹੋ ਗਏ ਤੇ ਚਾਰ ਕੁ ਦਿਨਾਂ ਬਾਦ ਡਾਕਟਰ ਮਰਫੀ ਮੇਰੇ ਕੋਲੋਂ ਅੱਖਾਂ ਚੁਰਾਉਣ ਲੱਗ ਪਿਆ। ਉਹੋ ਮਰਫੀ ਜੋ ਮੇਰੇ ਨਾਲ ਦੋਸਤਾਂ ਵਾਲਾ ਸਲੂਕ ਕਰਦਾ ਸੀ, ਇੰਝ ਦਾ ਵਿਵਹਾਰ ਕਰਨ ਲੱਗਾ ਜਿਵੇਂ ਮੈਨੂੰ ਜਾਣਦਾ ਹੀ ਨਾ ਹੋਵੇ।

ਮੈਨੂੰ ਵੇਖਕੇ ਯੂ-ਟਰਨ ਮਾਰ ਜਾਂਦਾ। ਉਨ੍ਹਾਂ ਦਿਨਾਂ ਵਿਚ ਹੀ ਮੈਂ ਕੈਨੇਡਾ ਗੌਰਮਿੰਟ ਦੇ ਸਪੈਸ਼ਲ ਪਰੋਗਰਾਮ ਤਹਿਤ ਕੈਬਿਨਿਟ ਮੇਕਿੰਗ ( ਲਕੜ ਦਾ ਕੰਮ) ਸਿਖ ਰਿਹਾ ਸੀ। ਸਵੇਰੇ ਹਸਪਤਾਲ ਚਲੇ ਜਾਂਦੇ ਤੇ ਸਰਬਜੀਤ ਸਾਰਾ ਦਿਨ ਉਥੇ ਹੀ ਰਹਿੰਦੀ ਤੇ ਮੈਂ ਦੁਪਿਹਰ ਨੂੰ ਸੈਨਕਾ ਸਕੂਲ ਜਾਂਦਾ ਤੇ ਫਿਰ ਸ਼ਾਮ ਨੂੰ ਸੱਤ ਕੁ ਵਜੇ ਹਸਪਤਾਲ ਪਹੁੰਚ ਜਾਂਦਾ ਤੇ ਅਸੀਂ ਸਬਵੇ ( ਲੋਕਲ ਟਰੇਨ)ਰਾਹੀਂ ਘਰ ਆ ਜਾਂਦੇ ਤੇ ਅਜੀਬ ਜਿਹਾ ਮਹਿਸੂਸ ਕਰਦੇ ਕਿ ਜੈਸੀ ਸਾਡੇ ਨਾਲ ਨਹੀ।

**21** ਫਰਵਰੀ ਨੂੰ ਸਾਡੀ ਡਾਕਟਰਜ਼ ਟੀਮ ਨਾਲ ਮੀਟਿੰਗ ਸੀ ਜਿਸ ਵਿਚ ਡਾਕਟਰ ਮਰਫੀ, ਡਾਕਟਰ ਪਰਿਪਾ ਤੇ ਦੋ ਡਾਕਟਰ ਹੋਰ ਸਨ। ਫਾਇਲ ਡਾਕਟਰ ਮਰਫੀ ਕੋਲ ਸੀ ਤੇ ਉਸਨੇ ਹੀ ਕੋਈ ਫੈਸਲਾ ਸੁਨਾਉਣਾ ਸੀ ਪਰ ਉਹ ਝੇਂਪ ਰਿਹਾ ਸੀ। ਡਾਕਟਰ ਸਿਰਫ ਬਿਮਾਰੀ ਬਾਰੇ ਹੀ ਸਬੰਧਿਤ ਹੁੰਦੇ ਹਨ ਬਿਮਾਰ ਨਾਲ ਨਹੀ ਪਰ ਲਗਦਾ ਸੀ ਕਿ ਡਾਕਟਰ ਮਰਫੀ ਆਪਣੇ ਡਾਕਟਰੀ ਪੇਸ਼ੇ ਦੇ ਅਸੂਲ ਤੋਂ ਕੰਮਜ਼ੋਰ ਸੀ। ਉਸਦੀ ਚੁੱਪ ਵੇਖਕੇ ਡਾਕਟਰ ਪਰਿਪਾ ਨੇ ਫਾਇਲ ਚੁੱਕ ਲਈ ਤੇ ਬੋਲਿਆ, --ਮਿਸਟਰ ਮਾਨ ਸਾਰੀਆਂ ਰਿਪੋਰਟਾਂ ਆ ਗਈਆ ਹਨ ਤੇ ਤੁਹਾਡੇ ਲਈ ਕੋਈ ਗੁਡ ਨਿਉਜ਼ ਨਹੀ ਹੈ।

ਉਸਨੇ ਬਿਮਾਰੀ ਦਾ ਟੈਕਨੀਕਲ ਨਾਮ ਲਿਆ ਤੇ ਫੇਰ ਸਾਦੇ ਲਫ਼ਜਾਂ ਵਿਚ ਦਸਿਆ- ਕਿ ਜੈਸੀ ਦੇ ਦਿਮਾਗ ਦਾ ਇੱਕੋ ਹਿੱਸਾ ਹੈ ਜਦ ਕਿ ਆਮ ਇਨਸਾਨ ਵਿਚ ਦੋ ਹੁੰਦੇ ਹਨ ਤੇ ਉਸ ਇੱਕ ਦਾ ਵਾਲਿਊਮ ਦੋ ਹਿੱਸਿਆ ਤੋਂ ਵੀ ਜ਼ਿਆਦਾ ਹੈ ਇਸ ਲਈ ਦਿਮਾਗ ਤੋਂ ਸਰੀਰ ਨੂੰ ਜਾਂਦੀਆਂ ਨਰਵਜ਼ ਡੈਮਜ਼ ਹਨ, ਇਸਦਾ ਅਸਰ ਇਹ ਹੋਵੇਗਾ ਕਿ ਦੋ ਸਾਲ ਦੇ ਵਿਚ ਵਿਚ ਜਸਜੀਤ ਚਲ ਨਹੀ ਸਕੇਗਾ ਤੇ ਸਾਰੀ ਉਮਰ ਵੀਲ੍ਹ ਚੇਅਰ ਤੇ ਹੀ ਰਹੇਗਾ ਤੇ ਇਸਨੂੰ ਸੁਣਦਾ ਵੀ ਨਹੀ ਹੈ ਸੁਣਨ ਸ਼ਕਤੀ ਦਾ ਸਤਰ ਪ੍ਰਤੀਸ਼ਤ ਲੌਸ ਹੈ। ਸਾਰੀਆਂ ਰਿਪੋਰਟਾਂ ਮੇਰੇ ਕੋਲ ਹਨ ਤੇ ਅੱਜ ਤੋਂ ਬਾਦ ਜਸਜੀਤ ਮੇਰੀ ਟਰੀਟਮੈਂਟ ਵਿਚ ਹੀ ਰਹੇਗਾ ਅਠਾਰਾਂ ਸਾਲ ਤੱਕ ਤੇ ਇਸਲਈ ਤੁਹਾਡੀ ਸਹਿਮਤੀ ਵੀ ਚਾਹੀਦੀ ਹੈ।

ਇਹ ਸਾਰੀ ਗੱਲ ਜੋ ਅੰਗਰੇਜੀ ਵਿਚ ਹੋ ਰਹੀ ਸੀ ਮੇਰੀ ਪਤਨੀ ਨੂੰ ਪੂਰੀ ਸਮਝ ਨਹੀ ਆਈ ਪਰ ਉਹ ਬੇਹੱਦ ਫਿਕਰਮੰਦ ਸੀ। ਮੇਨੂੰ ਪੁੱਛਣ ਤੇ ਮੈਂ ਸਿਰਫ ਇਤਨਾ ਹੀ ਕਿਹਾ ਕਿ ਜਸਜੀਤ ਉੱਚੀ ਸੁਣਦਾ ਹੈ, ਤੇ ਕੋਈ ਖਾਸ ਗੱਲ ਨਹੀ।

ਡਾਕਟਰਾਂ ਦੀ ਟੀਮ ਉੱਠ ਗਈ ਤੇ ਡਾਕਟਰ ਪਰਿਪਾ ਨੇ ਕਿਹਾ ਕਿ ਅਜ਼ੇ ਛੁੱਟੀ ਚਾਰ ਦਿਨ ਬਾਦ ਮਿਲੇਗੀ। ਉਨ੍ਹਾਂ ਚਾਰ ਦਿਨਾਂ ਵਿਚ ਡਾਕਟਰ ਸਟੂਡੈਟਾਂ ਦੀਆਂ ਵੱਖੋ ਵਖਰੀਆਂ ਟੀਮਾਂ ਜੈਸੀ ਨੂੰ ਵੇਖਣ ਆਉਂਦੀਆਂ ਰਹੀਆਂ ਤੇ ਹਮੇਸ਼ਾਂ ਉਨ੍ਹਾਂ ਨਾਲ ਕੋਈ ਉਨ੍ਹਾਂ ਦਾ ਪਰੋਫੈਸਰ ਹੁੰਦਾ ਤੇ ਮਸਲਾ ਡਿਸਕਸ ਕਰਦੇ ਰਹਿੰਦੇ।

ਉਸ ਰਾਤ ਅਸੀਂ ਘਰ ਆ ਗਏ। ਪਤਨੀ ਦੀਆਂ ਤੇਜ਼ ਅੱਖਾਂ ਮੈਨੂੰ ਤਾੜ ਰਹੀਆਂ ਸਨ।

ਉਸਦਾ ਯਕੀਨ ਸੀ ਕਿ ਮੈਂ ਜ਼ਰੂਰ ਹੀ ਕੁਝ ਲੁਕਾ ਰਿਹਾ ਹਾਂ। ਹੁਣ ਮੇਰੇ ਕੋਲ ਲੁਕਾਉਣ ਲਈ ਕੁਝ ਵੀ ਨਹੀ ਸੀ। ਮੈਨੂੰ ਸਿਰਫ਼ ਇਹ ਖਦਸ਼ਾ ਸੀ ਕਿ ਜੇ ਮੈ ਉਸਨੂੰ ਉਦੋਂ ਹੀ ਦਸ ਦਿੰਦਾ ਤੇ ਸ਼ਾਇਦ ਇਹਦੇ ਕੋਲੋਂ ਬਰਦਾਸ਼ਤ ਨਾ ਹੁੰਦਾ ਤੇ ਪਬਲਿਕ ਪਲੇਸ ਤੇ ਕੋਈ ਸੀਨ ਨਾ ਪੈਦਾ ਹੋ ਜਾਏ। ਆਪਣੀ ਝਿਜਕ ਵਾਸਤੇ ਮੈਂ ਵਿਸਕੀ ਪੀ ਲਈ ਤੇ ਦਸਿਆ ਕਿ ਜਸਜੀਤ ਲਈ ਬਹੁਤ ਵਡੀ ਸਮਸਿਆ ਹੈ ਤੇ ਇਸਨੇ ਦੋ ਸਾਲ ਦੇ ਵਿਚ ਵਿਚ ਹੀ ਲੱਤਾਂ ਤੋਂ ਰਹਿ ਜਾਣਾ ਹੈ। ਪਹਿਲਾਂ ਤਾਂ ਉਹ ਰੋਣ ਲੱਗ ਪਈ ਤੇ ਫਿਰ ਸੋਚਕੇ ਮਾਂ ਬੋਲੀ – ਮੇਰੇ ਹੁੰਦਿਆਂ ਇਹ ਕਿਵੇਂ ਹੋ ਸਕਦਾ ਹੈ? ਉਸਨੇ ਇਹ ਸੱਚ ਕਰ ਵਿਖਾਇਆ।

ਅੱਗਲੇ ਦਿਨ ਤੋਂ ਹੀ ਚਾਰ ਚਾਰ ਵਾਰੀ ਮਾਲਸ਼ ਕਰਨੀ ਸ਼ੁਰੂ ਕਰ ਦਿੱਤੀ। ਸਾਲ ਬਾਦ ਹੀ ਜੈਸੀ ਦੇ ਪੈਰ ਸਿੱਧੇ ਹੋਣ ਲੱਗ ਪਏ ਪਰ ਸਿਰੜ ਅੱਗੇ ਹੁਸੜੀ ਪੌਣ ਟਿੱਕ ਨਾ ਸਕੀ। ਫਾਇਬਰ ਦੇ ਸਪੈਸ਼ਲ ਬੂਟ, ਡਾਕਟਰ ਦੀ ਸਲਾਹ ਨਾਲ ਬਣਵਾਏ ਗਏ ਜਿਨ੍ਹਾਂ ਨੂੰ ਪੰਦਰਾਂ ਮਿੰਟ ਲਈ ਚਾਰ ਪੰਜ ਵਾਰੀ ਹਰ ਰੋਜ਼ ਪਾਉਣੇ ਸਨ ਤੇ ਆਖਰ ਜਸਜੀਤ ਇਸ ਮੁਸੀਬਤ ਤੋਂ ਬੱਚ ਗਿਆ। ਅੱਜ ਉਹ ਤੁਰਦਾ ਹੈ ਪਰ ਚੰਗੀ ਤਰ੍ਹਾਂ ਨਹੀ ਪਰ ਮੰਦੀ ਹਾਲਤ ਵੀ ਨਹੀ।

ਇਸਤੋਂ ਬਾਦ ਸ਼ੁਰੂ ਹੁੰਦੀ ਹੈ ਇੱਕ ਲੰਬੀ ਯਾਤਰਾ–ਇੱਕ ਮਾਂ ਦੀ। ਜੈਸੀ ਨੂੰ ਨਹਾਉਂਦੇ ਹੋਏ, ਉਸਦੀ ਸ਼ੇਵ ਕਰਦੇ ਹੋਏ ਉਸਦੀ ਟਾਇਲਟ ਸਾਫ਼ ਕਰਦੀ ਹੋਈ ਉਹ ਮੈਨੂੰ ਇੱਕ ਦੇਵੀ ਲੱਗਦੀ ਹੈ ਤੇ ਇਸ ਕਰਮ–ਕਾਂਡ ਨੇ ਹੀ ਸਾਨੂੰ ਉਨ੍ਹਾ ਸਮਸਿਆਵਾਂ ਤੋਂ ਬਚਾਈ ਰਖਿਆ ਜੋ ਦੰਪਤੀ–ਜੀਵਨ ਵਿਚ ਆਉਂਦੀਆ ਹਨ।

ਇਹ ਇੱਕ ਨਾ ਮੁੱਕਣ ਵਾਲੀ ਕਹਾਣੀ ਹੈ ਸਾਡੇ ਘਰ ਦੀ ਪਰ ਇਹ ਸੰਵੇਦਨਾ, ਉਨ੍ਹਾਂ ਲੋਕਾਂ ਕੋਲ ਕਿਵੇਂ ਪਹੁੰਚਦੀ ਹੈ ਜੋ ਆਪ ਮਾਂ ਬਾਪ ਨਹੀ ਹਨ ਪਰ ਫਿਰ ਵੀ ਫਿਕਰਮੰਦ ਹਨ, ਉਨ੍ਹਾਂ ਦੀ ਭਾਸ਼ਾ ਇਤਨੀ ਸੰਵੇਦਨਸ਼ੀਲ ਕਿਵੇਂ ਬਣੀ? ਕਿਵੇਂ ਉਹ ਪਰਚਲਤ ਸ਼ਬਦਾਂ ਨਾਲ ਸਹਿਮਤ ਨਹੀ ਹੁੰਦੇ? ਕੀ ਐਸਾ ਨਹੀ ਹੋ ਸਕਦਾ ਕਿ ਐਸੀ ਪਰਵਿਰਤੀ ਸਾਡੇ ਆਮ ਸਮਾਜਿਕ ਜੀਵਨ ਵਿਚ ਵੀ ਆ ਜਾਵੇ? ਅਸੀਂ ਆਪਣੀਆਂ ਕਦਰਾਂ ਕੀਮਤਾਂ ਬਾਰੇ ਸੁਚੇਤ ਹੁੰਦੇ ਹੋਏ ਨਰੋਆ ਸਮਾਜ ਘੜ ਸਕੀਏ?

ਜੈਸੀ ਜਦੋਂ ਕਿਸੇ ਨੂੰ ਮਿਲਦਾ ਹੈ ਤਾਂ ਇਵੇਂ ਮਿਲਦਾ ਹੈ ਜਿਵੇਂ ਦੂਸਰਾ ਰੱਬ ਦਾ ਹੀ ਰੂਪ ਹੋਵੇ ਤੇ ਜੈਸੀ ਉਨ੍ਹਾਂ ਸਾਰੇ ਦਰਵੇਸ਼ ਰੂਹਾਂ ਦਾ ਹੀ ਚਿੰਨ੍ਹ ਹੈ। ਅਸੀਂ ਇਨ੍ਹਾਂ ਦੀ ਬਾਣੀ ਸੁਣ ਸਕਦੇ ਹਾਂ, ਉਵੇਂ ਹੀ ਜਿਵੇਂ ਬੌਬ ਰੰਮਬਲ ਤੇ ਨਵਜੀਵਨੀ ਸਕੂਲ ਦਾ ਸਟਾਫ਼ ਸੁਣਦਾ ਹੈ। ਕਈ ਵਾਰੀ ਤੇ ਇੰਝ ਲਗਦਾ ਹੈ ਕਿ ਅਸੀਂ ਆਪਣੇ ਜੈਸੀ ਦੀ ਇਤਨੀ ਕੇਅਰ ਨਹੀ ਕਰਦੇ ਜਿਤਨੀ ਬੌਬ ਰੰਮਬਲ ਵਾਲੇ ਕਰਦੇ ਹਨ ਜਾਂ ਹੁਣੇ ਵੇਖਿਆ ਨਵਜੀਵਨੀ ਸਕੂਲ ਵਾਲੇ ਕਰਦੇ ਹਨ। ਉਨ੍ਹਾਂ ਦੋਵੇਂ ਸਕੂਲਾਂ ਦੇ ਸਿਖਲਾਈ ਕੇਂਦਰ ਸਾਨੂੰ ਕੀ ਮੈਸਜ਼ ਦੇ ਰਹੇ ਹਨ, ਆਉ ਜ਼ਰਾ ਧਿਆਨ ਨਾਲ ਸੁਣੀਏ। ਇੱਕ ਮਾਂ ਦੀ ਵੇਖੀ ਹੋਈ ਸੰਵੇਦਨਾ ਦਾ ਸੰਚਾਰ ਇਨ੍ਹਾਂ ਫੈਸਿਲਟੀ ਵਿਚ ਵੇਖਣ ਨੂੰ

ਮਿਲੀ ਹੈ। ਮੈਨੂੰ ਇਸ ਵਿਚ ਕੋਈ ਝਿਜਕ ਨਹੀ ਕਿ ਜੇ ਮੇਰਾ ਆਪਣਾ ਬੇਟਾ ਐਸਾ ਨਾ ਹੁੰਦਾ ਤਾਂ ਸ਼ਾਇਦ ਨਾ ਮੈਂ ਬੌਬ ਰੰਮਬਲ ਬਾਰੇ ਜਾਣ ਸਕਦਾ ਤੇ ਨਾ ਹੀ ਨਵਜੀਵਨੀ ਸਕੂਲ ਬਾਰੇ, ਜਦ ਕਿ ਉਸ ਹਾਲਤ ਵਿਚ ਵੀ ਮੈਨੂੰ ਜਾਨਣਾ ਚਾਹੀਦਾ ਸੀ। ਤੇ ਇਹ ਕਹਿੰਣ ਵਿਚ ਕੋਈ ਝਿਜਕ ਨਹੀ ਕਿ ਐਸਾ ਬਾਪ ਹੁੰਦਾ ਹੋਇਆ ਵੀ ਮੈਂ ਇਤਨਾ ਨਹੀ ਕਰ ਰਿਹਾ ਜਿਤਨਾ ਕਰਨਾ ਚਾਹੀਦਾ ਹੈ ਜਿਵੇਂ ਇਨ੍ਹਾਂ ਪ੍ਰਬੰਧਾਂ ਨੂੰ ਚਲਾਉਂਣ ਵਾਲੇ ਕਰ ਰਹੇ ਹਨ।

ਮੈਂ ਤੇ ਇਤਨੇ ਨਾਲ ਹੀ ਸੰਤੁਸ਼ਟ ਹੋਣ ਦੀ ਕੋਸ਼ਿਸ਼ ਵਿਚ ਰਿਹਾ ਹਾਂ ਕਿ ਮੇਰਾ ਘਰ ਠੀਕ ਠਾਕ ਹੈ। ਕੀ ਇੱਕਲਾ ਘਰ ਠੀਕ ਠਾਕ ਹੋਣਾ ਕਾਫੀ ਹੈ?

ਮੈਂ ਧੰਨਵਾਦੀ ਹਾਂ ਬਲਤੇਜ਼ ਪਨੂੰ ਦੇ ਜਿਸਨੇ ਮੈਨੂੰ ਐਸੀ ਦਰਵੇਸ਼ੀ ਪਰਮ- ਆਤਮਿਕ ਪਿਆਰ ਸਟੈਚੂ ਦੇ ਦਰਸ਼ਨ ਕਰਨ ਦਾ ਮੌਕਾ ਪਰਦਾਨ ਕਰਵਾਇਆ।

ਕਹਿੰਣ ਨੂੰ ਬਹੁਤ ਕੁਝ ਹੈ ਪਰ ਇੰਝ ਲਗੇਗਾ ਕਿ ਮੈਂ ਉਪ-ਭਾਵਕਤਾ ਵਿਚ ਕਹਿ ਰਿਹਾ ਹਾਂ।

## 28

# ਕਿਕਰਾਂ ਨੂੰ ਫੁਲ

ਕਿਕਰਾਂ ਨੂੰ ਜਿਵੇਂ ਫੁਲ ਨਹੀ ਲਗਦੇ ਉਵੇਂ ਹੀ ਕਾਗਜ਼ ਦੇ ਫੁਲਾਂ ਵਿਚੋਂ ਖੁਸ਼ਬੋ ਨਹੀ ਆਉਂਦੀ। ਪੁਰਾਣੀ ਕਹਾਣੀ ਹੈ ਕੋਈ ਕਿਸਾਨ ਕਿਸੇ ਬਰੈਡ ਬਨਾਉਣ ਵਾਲੇ ਨੂੰ ਹਰ ਰੋਜ਼ ਇੱਕ ਪੌਂਡ ਮੱਖਣ ਦਿੰਦਾ ਸੀ। ਇੱਕ ਦਿਨ ਬੇਕਰ ਨੇ ਸੋਚਿਆ ਕਿਉਂ ਨਾ ਬਟਰ ਨੂੰ ਤੋਲਿਆ ਜਾਵੇ, ਤੋਲਣ ਤੋਂ ਬਾਦ ਉਸਨੂੰ ਪਤਾ ਲੱਗਾ ਕਿ ਬਟਰ ਦਾ ਭਾਰ ਪੌਂਡ ਤੋਂ ਘਟ ਹੈ। ਉਸਨੇ ਗੁਸਾ ਆਇਆ ਤੇ ਉਹ ਕਿਸਾਨ ਨੂੰ ਅਦਾਲਤ ਵਿਚ ਲੈ ਗਿਆ। ਜੱਜ ਨੇ ਕਿਸਾਨ ਨੂੰ ਪੁੱਛਿਆ ਕਿ ਕੀ ਉਹ ਬਟਰ ਤੋਲ ਕੇ ਲਿਆਉਂਦਾ ਹੈ? ਕਿਸਾਨ ਨੇ ਉੱਤਰ ਦਿਤਾ। - ਜੱਜ ਸਾਹਿਬ ਮੈਂ ਪੇਂਡੂ ਹਾਂ ਤੇ ਮੇਰੇ ਕੋਲ ਕੋਈ ਤੋਲਣ ਲਈ ਕੋਈ ਖਾਸ ਪ੍ਰਬੰਧ ਨਹੀ ਹੈ ਪਰ ਮੇਰੇ ਕੋਲ ਇੱਕ ਤਕੜੀ ਹੈ।

ਜੱਜ ਨੇ ਫਿਰ ਪੁੱਛਿਆ ਕਿ ਫਿਰ ਤੂੰ ਬਟਰ ਨੂੰ ਕਿਸਤਰ੍ਹਾਂ ਤੋਲਦਾ ਹੈਂ? ਕਿਸਾਨ ਨੇ ਜੁਆਬ ਦਿੱਤਾ, "ਜੱਜ ਸਾਹਿਬ ਬਹੁਤ ਸਮਾਂ ਹੋ ਗਿਆ ਜਦੋਂ ਦਾ ਬੇਕਰ ਮੇਰੇ ਕੋਲੋਂ ਬਟਰ ਲੈਂਦਾ ਹੈ ਤੇ ਮੈਂ ਇਹਦੇ ਕੋਲੋਂ ਇੱਕ ਪੌਂਡ ਬਰੈੱਡ ਦਾ ਲੈਂਦਾ ਹਾਂ। ਹਰ ਰੋਜ਼ ਜਦੋਂ ਬੇਕਰ ਬਰੈੱਡ ਦਾ ਇੱਕ ਪੌਂਡ ਦਾ ਲੋਫ ਲੈਕੇ ਆਉਂਦਾ ਹੈ ਮੈ ਉਸਨੂੰ ਤਕੜੀ ਵਿਚ ਰਖਕੇ ਬਟਰ ਤੋਲ ਦਿੰਦਾ ਹਾਂ।

ਇੰਝ ਹੀ ਜ਼ਿੰਦਗੀ ਵਿਚ ਇਹੋ ਪੈਮਾਨਾ ਚਲਦਾ ਹੈ, ਸਿਵਾਏ ਕਿਸੇ ਦਾ ਨੁਕਸਾਨ ਕਰਨ ਦੇ। ਜੱਜ ਸਾਡੇ ਅੰਦਰ ਬੈਠਾ ਹੈ। ਕਦੇ ਕਦੇ ਅਸੀਂ ਉਸਦੀ ਗੱਲ ਸੁਣਦੇ ਨਹੀ।

ਅਸੀਂ ਜ਼ਿੰਦਗੀ ਤੋਂ ਉਹੋ ਹੀ ਪ੍ਰਾਪਤ ਕਰਦੇ ਹਾਂ ਜੋ ਅਸੀਂ ਦੂਜਿਆਂ ਨੂੰ ਦਿੰਦੇ ਹਾਂ। ਆਪਣੇ ਆਪ ਨੂੰ ਪੁੱਛਣਾ ਪੈਂਦਾ ਹੈ। ਇਮਾਨਦਾਰੀ ਤੇ ਬੇਈਮਾਨੀ ਇੱਕ ਆਦਤ ਦੀ ਤਰ੍ਹਾਂ ਹੈ। ਕਈ ਲੋਕ ਇਤਨਾ ਝੂਠ ਬੋਲ ਜਾਂਦੇ ਹਨ ਕਿ ਪਤਾ ਹੀ ਨਹੀ ਲਗਦਾ ਕਿ ਸੱਚ ਕਿੱਥੇ ਹੈ? ਪਰ ਸੋਚਣ ਵਾਲੀ ਗੱਲ ਹੈ ਕਿ ਉਹ ਧੋਖਾ ਕਿਸਨੂੰ ਦੇ ਰਹੇ ਹਨ?

## 29
# ਕੀ ਤੇ ਕਿੰਝ ਉਸਾਰੀਏ?

ਕਦੇ ਇੰਝ ਹੁੰਦਾ ਹੈ ਕਿ ਸਿਰਫ ਤੁਹਾਨੂੰ ਹੀ ਦਿਸਦਾ ਹੈ ਤੇ ਲਗਦੈ ਕਿ ਇਹ ਕਿਸੇ ਹੋਰ ਨੂੰ ਨਹੀ ਦਿਸ ਰਿਹਾ। ਤੁਸੀਂ ਕੁਝ ਉਸਾਰਨਾ ਚਾਹੁੰਦੇ ਹੋ ਜੋ ਤੁਹਾਡੇ ਮੁਤਾਬਕ ਹੋਵੇ ਪਰ ਤੁਸੀਂ ਨਹੀ ਜਾਣਦੇ ਕਿ ਉਹ ਤੁਹਾਡੇ ਕੋਲ ਨਹੀ ਹੈ ਜੋ ਤੁਹਾਡੇ ਉਸਾਰੇ ਜਾਣ ਵੇਲੇ ਕੰਮ ਆਵੇਗਾ ਤੇ ਮਨੁੱਖੀ ਸੁਭਾਅ ਹੀ ਐਸਾ ਹੈ ਜਿਸਦੀ ਗਰਮ ਹਵਾ ਨਾਲ ਤੁਹਾਡਾ ਕਲਪਿਤ ਕੀਤਾ ਉਸਰ ਨਹੀ ਸਕਦਾ ਪਰ ਇੱਕ ਮੁਕਾਮ ਤੇ ਪਹੁੰਚ ਕੇ ਤੁਹਾਨੂੰ ਅਪਹੁੰਚ ਸਥਿਤੀਆਂ ਅੱਗੇ ਹਾਰ ਮੰਨ ਲੈਣੀ ਚਾਹੀਦੀ ਹੈ ਜਾਂ ਰਾਹ ਹੀ ਬਦਲ ਲੈਣਾ ਚਾਹੀਦਾ ਹੈ। ਇਹ ਤੇ ਇਵੇਂ ਹੀ ਹੋਵੇਗਾ ਜਿਵੇਂ ਸਿਟੀ ਬਾਏ ਲਾਅ ਨੇ ਤੁਹਾਨੂੰ ਉਸਾਰਨ ਦੀ ਇਜਾਜ਼ਤ ਨਹੀ ਦਿੱਤੀ।

ਹਾਂ-ਪੱਖ ਤੁਸੀਂ ਇੱਕਲੇ ਨਹੀ ਉਸਾਰ ਸਕਦੇ ਕਿਉਂਕਿ ਇਹ ਇੱਕ ਫੈਸਲਾ ਹੁੰਦਾ ਹੈ ਜਿਸ ਵਿਚ ਤੁਸੀਂ ਇੱਕਲੇ ਨਹੀ ਹੁੰਦੇ। ਤੁਹਾਡੀ ਕਲਪਨਾ ਸਿਰਫ ਤੁਹਾਡੀ ਹੈ। ਇਸਦਾ ਕਿਸੇ ਹੋਰ ਦੀ ਕਲਪਨਾ ਨਾਲ ਕੋਈ ਸਰੋਕਾਰ ਨਹੀ ਹੁੰਦਾ। ਕੁਹਾੜੇ, ਗੰਡਾਸੇ, ਸੋਚ ਵਿਚ ਵੀ ਹੁੰਦੇ ਹਨ ਤੇ ਸ਼ਬਦਾਂ ਵਿਚ ਵੀ ਹੁੰਦੇ ਹਨ। ਇਹ ਇਤਨੀ ਗਿਣਤੀ ਵਿਚ ਹਨ ਅੱਜਕਲ ਕਿ ਆਪਣਾ ਬਚਾਵ ਕਰਦਿਆਂ ਹੀ ਬਹੁਤੇ ਲੋਕਾਂ ਦੀ ਜ਼ਿੰਦਗੀ ਗੁਜ਼ਰ ਜਾਂਦੀ ਹੈ।

ਇੱਕ ਦਿਨ ਦਾ ਭੁਲੇਖਾ ਲੰਮੀਆਂ ਵਾਟਾਂ ਪੈਦਾ ਕਰ ਦਿੰਦਾ ਹੈ।

ਖਪਿਆਂ ਦੀ ਗੱਲ ਹੈ, ਇਕ ਸਮਾਂ ਸੀ ਜਦੋਂ ਮੈਂ ਇੱਕ ਦੁਕਾਨਦਾਰੀ ਕਰਦਾ ਸੀ ਤੇ ਉਸ ਪਲਾਜ਼ੇ ਵਿਚ ਇੱਕ ਮੰਗਤਾ ਸੀ। ਉਸਨੇ ਮੇਰੇ ਸਾਹਮਣੇ ਵੇਖਦੇ ਵੇਖਦੇ ਮੰਗਣਾ ਤੇ ਜਦੋਂ ਵੀ ਮਿੱਕੀ ਜੋਗੇ ਪੈਸੇ ਹੋ ਜਾਣੇ, ਉਸ ਪਲਾਜੇ ਵਿਚ ਹੀ ਸਥਿਤ ਲਿਕਰ ਸਟੋਰ ਤੋਂ ਮਿੱਕੀ ਲੈ ਲੈਣੀ। ਦੋ ਤਿੰਨ ਘੰਟੇ ਬਾਦ ਫਿਰ ਪ੍ਰਗਟ ਹੋ ਜਾਣਾ। ਇਕ ਵਾਰ ਮੇਰੇ ਕੋਲ ਆਇਆ ਤੇ ਕਹਿੰਣ ਲੱਗਾ, "ਠੰਡ ਬਹੁਤ ਹੈ ਤੇ ਮੈਨੂੰ ਪੈਸੇ ਚਾਹੀਦੇ ਹਨ ਤਾਂ ਕਿ ਅੱਜ ਦੀ ਰਾਤ ਮੈਂ ਕਿਸੇ ਮੋਟਲ ਵਿਚ ਗੁਜਾਰ ਸਕਾਂ। ਮੰਗ ਵਡੀ ਸੀ ਸੋ ਮੈਂ ਇਨਕਾਰ ਕਰ ਦਿੱਤਾ। ਮੈਂ ਪੁੱਛਿਆ ਕਿ ਉਹ ਮੰਗਦਾ ਕਿਉਂ ਹੈ, ਕੋਈ ਕੰਮ ਕਿਉਂ ਨਹੀ ਕਰਦਾ? ਚੰਗਾ ਭਲਾ ਨੌਜਵਾਨ, ਹੱਟਾ ਕੱਟਾ ਸੀ।

ਉਸਨੇ ਜੁਆਬ ਦਿੱਤਾ ਕਿ ਅਜੇ ਨਹੀ, ਤਿੰਨ ਮਹੀਨੇ ਪਏ ਹਨ ਅਜੇ। ਮੈਂ ਮਿਉਜ਼ਿਕ

ਦਾ ਕੋਰਸ ਕਰਦਾ ਹਾਂ ਤੇ ਅਗਲਾ ਸਮੈਸਟਰ ਤਿੰਨ ਮਹੀਨੇ ਨੂੰ ਸ਼ੁਰੂ ਹੋਣਾ ਹੈ। ਮੇਰੀ ਮਾਂ ਕੋਲ ਆਪਣਾ ਅਪਾਰਟਮੈਂਟ ਹੈ ਤੇ ਉਹ ਮੈਨੂੰ ਸਪੋਰਟ ਕਰਦੀ ਹੈ। ਜਦੋਂ ਦਾ ਉਸਦਾ ਮੇਰੇ ਬਾਪ ਨਾਲ ਝਗੜਾ ਹੋਇਆ ਹੈ, ਉਹ ਮੈਨੂੰ ਚੰਗੀ ਨਹੀ ਲਗਦੀ। ਹੁਣ ਉਹਦੇ ਕੋਲ ਉਹਦਾ ਬੁਆਏ ਫਰੈਂਡ ਰਹਿੰਦਾ ਹੈ ਤੇ ਮੈਂ ਉਸ ਘਰ ਵਿਚ ਨਹੀ ਰਹਿ ਸਕਦਾ। ਇਸਤੋਂ ਅੱਗੇ ਮੇਰੇ ਕੋਲੋ ਸੁਣਨ ਲਈ ਨਾਂ ਤੇ ਵਕਤ ਸੀ ਤੇ ਨਾ ਕੋਈ ਰੀਝ ਕਿਉਂਕਿ ਐਸੀਆਂ ਕਹਾਣੀਆਂ ਮੈਂ ਪਹਿਲਾਂ ਵੀ ਪੜ੍ਹੀਆਂ ਸੁਣੀਆ ਸਨ।

ਅਚਾਨਕ ਮੈਨੂੰ ਚੇਤਾ ਆਇਆ ਕਿ ਕੁਝ ਪੁਰਾਣੀਆਂ ਗਰਮ ਜੈਕਟਾਂ, ਡੋਨੇਟ ਕਰਨ ਲਈ ਮੇਰੀ ਕਾਰ ਦੀ ਡਿੱਕੀ ਵਿਚ ਪਈਆ ਹਨ, ਮੈ ਉਸਨੂੰ ਕਿਹਾ ਕਿ ਮੈਂ ਕੈਸ਼ ਤੇ ਨਹੀ ਦੇ ਸਕਦਾ ਜੇ ਤੂੰ ਗਰਮ ਜੈਕਟ ਲੈਣੀ ਹੈ ਤਾਂ ਮੈ ਦੇ ਸਕਦਾ ਹਾਂ। ਉਸਨੇ ਇੱਕ ਨਿੱਘੀ ਜੈਕਟ ਚੁਣ ਲਈ ਤੇ ਬਿਨ੍ਹਾਂ ਧੰਨਵਾਦ ਕੀਤਿਆਂ ਤੁਰ ਪਿਆ। ਉਸਨੇ ਤੁਰੇ ਜਾਂਦੇ ਨੇ ਹੀ ਜੈੱਕਟ ਪਾ ਲਈ। ਉਸ ਦਿਨ ਠੰਡ ਵੀ ਬਹੁਤ ਸੀ। ਉਸਨੇ ਜਰੂਰ ਹੀ ਨਿੱਘ ਮਹਿਸੂਸ ਕੀਤਾ ਹੋਵੇਗਾ।

ਉਸਦੇ ਨਿੱਘ ਦੇ ਅਹਿਸਾਸ ਨੂੰ ਮੈਂ ਵੀ ਮਹਿਸੂਸ ਕੀਤਾ ਤੇ ਮੈਨੂੰ ਆਪਣਾ ਆਪਾ ਵੀ ਚੰਗਾ ਚੰਗਾ ਲੱਗਾ।

ਉਸ ਪਲ ਨੂੰ ਮਹਿਸੂਸ ਕਰਕੇ ਮੈਨੂੰ ਅੱਜ ਵੀ ਚੰਗਾ ਲਗਦਾ ਹੈ, ਜਦੋਂ ਦੋ ਇਨਸਾਨਾਂ ਨੇ ਆਪਸ ਵਿਚ ਨਿੱਘ ਵਟਾਇਆ ਸੀ, ਇਸ ਨੇ ਮੇਰੇ ਦਿਲ ਨੂੰ ਛੋਹਿਆ ਸੀ, ਇਹ ਛੋਹ ਮੈਂ ਅੱਜ ਵੀ ਮਹਿਸੂਸ ਕਰਦਾ ਹਾਂ। ਮੈਨੂੰ ਕਦੇ ਕਦੇ ਉਸ ਬਾਰੇ ਜਾਨਣ ਦੀ ਇੱਛਾ ਪੈਦਾ ਹੁੰਦੀ ਹੈ ਪਰ ਕੀ ਪਤਾ ਕੀ ਕਰ ਰਿਹਾ ਹੋਵੇਗਾ? ਕੁਝ ਬਣਿਆ ਹੋਵੇਗਾ ਜਾਂ ਉਂਝ ਹੀ ਸ਼ਰਾਬੀ ਹੋਕੇ ਮਰ ਗਿਆ ਹੋਵੇਗਾ?ਜਿਸਤਰ੍ਹਾ ਉਹ ਪੀਂਦਾ ਸੀ, ਉਸ ਮੁਤਾਬਕ ਉਸਦਾ ਮਰਨਾ ਯਕੀਨੀ ਸੀ।

ਜਦੋਂ ਤੁਸੀਂ ਕਿਸੇ ਨੂੰ ਸਤਿਕਾਰ ਦਿੰਦੇ ਹੋ ਤਾਂ ਜਾਣ ਲੈਣਾ ਚਾਹੀਦਾ ਹੈ ਕਿ ਤੁਹਾਡੇ ਸਤਿਕਾਰ ਨੂੰ ਲੈਣ ਦਾ ਖਾਹਸ਼ਮੰਦ ਵੀ ਹੈ। ਜਦੋਂ ਤੁਸੀਂ ਕਿਸੇ ਨਾਲ ਆਪਣਾ ਅੰਦਰ ਫਰੋਲਦੇ ਹੋ ਤਾਂ ਕਿਤੇ ਇਹ ਤੇ ਨਹੀ ਸੋਚਦੇ ਕਿ ਉਹ ਵੀ ਤੁਹਾਡੇ ਦਰਦ ਨੂੰ ਸਮਝ ਸਕੇਗਾ?

ਕੀ ਤੁਸੀਂ ਕਿਸੇ ਨੂੰ ਬਦਲਣ ਦੀ ਤਾਕ ਵਿਚ ਤੇ ਨਹੀ ਹੋ?

ਸੌਖੇ, ਨਾਜ਼ਕ ਤੇ ਖੁਸ਼ਬੋ ਵਾਲੇ ਸ਼ਬਦ ਵਰਤਣ ਤੋਂ ਪਹਿਲਾਂ ਜਾਣ ਲੈਣਾ ਚਾਹੀਦਾ ਹੈ ਕਿ ਦੋਵੇਂ ਧਿਰਾਂ ਇੱਕੋ ਜਿਹੀਆਂ ਝਲੀਆਂ ਹਨ।

ਸੁਪਨੇ, ਖੁਸ਼ੀ, ਗਮ, ਚੁਟਕਲੇ ਅਤੇ ਆਪਣਾ ਭਵਿਖ ਸਾਂਝਾ ਕਰਨ ਵੇਲੇ, ਅਗਲੇ ਨੂੰ ਵੀ ਸਮਝਦੇ ਹੋ?

ਕੀ ਉਹ ਮੇਜ ਸਾਫ ਹੈ ਜਿੱਥੇ ਤੁਸੀਂ ਆਪਣੇ ਪਿਆਰ ਦੀ ਚੰਗੇਰ ਰਖਣੀ ਹੈ?

ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਅਜੇ ਵੀ ਰੋ ਸਕਦੇ ਹੋ ਕਿ ਅਥਰੂ ਪੱਥਰ ਬਣ ਕੇ ਜੜ੍ਹ ਹੋ ਗਏ ਹਨ? ਪਹਿਲਾਂ ਉਨ੍ਹਾ ਨੂੰ ਪਿਘਲਾ ਲਵੋ ਤਾਂ ਹੀ ਕਿਸੇ ਨਾਲ ਅਹਿਸਾਸ ਦੀ ਗੱਲ ਕਰ

ਸਕੋਂ।

ਭਾਵਨਾਵਾਂ ਪਿਆਰ ਨਹੀ ਹੁੰਦੀਆਂ, ਇਹ ਤੇ ਇੱਕ ਵੇਲ ਹੁੰਦੀ ਹੈ ਜਿਸਨੇ ਵਧਣਾ ਫੁਲਣਾ ਹੁੰਦਾ ਹੈ। ਤੇ ਜੋ ਵਧਦਾ ਹੈ ਉਸਨੇ ਇੱਕ ਦਿਨ ਪੂਰਾ ਵਧ ਜਾਣਾ ਹੈ ਵੇਖਣਾ ਪਵੇਗਾ ਕਿ ਵੇਲ ਕਿਤੇ ਗਮਲੇ ਵਿਚ ਤੇ ਨਹੀ ਲੱਗੀ ਹੋਈ?

ਇਹੋ ਜਿਹੀਆਂ ਘਟਨਾਵਾਂ ਤੇ ਸੋਚਾਂ ਨਾਲ ਹੀ ਤੁਹਾਡੀ ਸੋਚ ਬਣਦੀ ਹੈ ਕਦੇ ਬਾਬਾ ਨਾਨਕ ਪੜ੍ਹਦੇ ਹੋ ਤੇ ਕਦੇ ਬੁੱਧ ਪੜ੍ਹਦੇ ਹੋ। ਇਹ ਤੁਹਾਡੇ ਅਚੇਤ ਨਾਲ ਜੁੜ ਜਾਂਦਾ ਹੈ ਪਰ ਜਦੋਂ ਆਪਣੀ ਅਸਲ ਜ਼ਿੰਦਗੀ ਵੱਲ ਮੁੜਦੇ ਹੋ ਤਾਂ ਖਿਆਲ ਆਉਂਦਾ ਹੈ ਕਿ ਦੁਨੀਆ ਇਤਨੀ ਭੈੜੀ ਕਿਉਂ ਹੈ? ਇਹ ਵੀ ਸੁਭਾਵਕ ਹੀ ਹੈ ਕਿ ਅੱਜਕਲ ਇਹੋ ਜਿਹੀਆਂ ਘਟਨਾਵਾਂ ਤਾਂ ਵਰ੍ਹੇ ਛਿਮਾਹੀ ਹੀ ਘਟਦੀਆਂ ਹਨ ਪਰ ਜੋ ਤੁਹਾਡੇ ਨਜ਼ਦੀਕ ਹੁੰਦੇ ਹਨ ਉਹ ਵੀ ਤਾਂ ਕਿਸੇ ਉਸਾਰੀ ਵਿਚ ਹਨ। ਪਰ ਉਹ ਐਸੇ ਘਰ ਬਣਾ ਰਹੇ ਮਹਿਸੂਸ ਹੁੰਦੇ ਹਨ ਜਿਸ ਵਿਚ ਤੁਸੀਂ ਬਸੇਰਾ ਹੀ ਨਹੀ ਕਰ ਸਕਦੇ। ਤੁਹਾਡੀ ਜ਼ਿੰਦਗੀ ਨੂੰ ਫੜਕੇ, ਉਸ ਵਿਚ ਤੇਜ਼ਾਬ ਡੋਲਣ ਤੱਕ ਜਾਂਦੇ ਹਨ। ਇਹੋ ਜਿਹੀਆਂ ਉਦਾਹਰਣਾ ਸਾਹਮਣੇ ਆਉਂਦੀਆ ਹਨ ਕਿ ਲਗਦੈ ਤੇਜਾਬ ਚੁੱਕੀ ਇਨਸਾਨ ਜਰੂਰ ਹੀ ਬਿਮਾਰ ਹਨ ਤੇ ਇਨ੍ਹਾਂ ਨੂੰ ਕਿਸੇ ਡਾਕਟਰ ਦੀ ਲੋੜ ਹੈ।

ਇਸਦੇ ਉਲਟ ਵੀ ਹੋ ਸਕਦਾ ਹੈ ਕਿ ਉਨ੍ਹਾ ਦੀ ਸਮਝ ਵਿਚ ਡਾਕਟਰ ਦੀ ਮੈਨੂੰ ਲੋੜ ਹੋਵੇ।

ਉਦਾਹਰਣ ਇੱਕ ਹੋਵੇ ਜਾਂ ਸੌ, ਕੁਝ ਨਹੀ ਸੰਵਾਰ ਸਕਦੀ, ਅਸਲ ਮਸਲਾ ਤੇ ਸਮਝਣ ਦਾ ਹੈ।

ਇੱਕ ਗੱਲ ਤੇ ਪੱਕੀ ਹੈ ਕਿ ਅਸੀਂ ਇਹ ਨਹੀ ਵੇਖਦੇ ਤਰਕ ਕੀ ਹੈ, ਅਸੀਂ ਇਹ ਵੇਖਦੇ ਹਾਂ ਕਿ ਮੇਰੇ ਸਹੂਲਤ ਮੁਤਾਬਕ ਠੀਕ ਕੀ ਹੈ?

ਨਿਘ ਜੈੱਕਟ ਦਾ ਹੋਵੇ ਜਾਂ ਅਹਿਸਾਸ ਦਾ ਜਾਂ ਮੈਂ ਮੇਰੀ ਤੇ ਮੇਰੀ ਰਿਆਸਤ ਦਾ, ਕੁਝ ਫਰਕ ਤੇ ਹੋਵੇਗਾ ਹੀ ਕਿਤੇ ਨਾ ਕਿਤੇ।

ਅਖੀਰ ਵਿਚ ਇੱਕ ਹੀ ਖਿਆਲ ਆਉਂਦਾ ਹੈ ਕਿ ਪਿਆਰ, ਸਤਿਕਾਰ ਤੇ ਭਾਈਚਾਰਾ, ਇਹ ਇੱਕ ਐਸਾ ਫੈਸਲਾ ਹੈ ਜੋ ਤੁਸੀਂ ਇਕੱਲਿਆਂ ਨਹੀ ਲੈ ਸਕਦੇ।

**30**

# ਮੈਂ ਹਾਂ ਪ੍ਰਵਾਸੀ ਕਹਾਣੀ

"ਤੂੰ ਇਦਾਂ ਨਾ ਸੋਚ। ਤਨਾਵਾਂ ਨੂੰ ਨਜਿਠੀਦਾ ਹੁੰਦਾ। ਮੈਂ ਤੈਨੂੰ ਦਸਦੀ ਹਾਂ ਪ੍ਰਵਾਸੀ ਕਹਾਣੀ ਕੀ ਹੈ।" ਇਹ ਗੱਲ ਕਹਿਕੇ ਕਹਾਣੀ ਮਾਂ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ।

"ਪ੍ਰਵਾਸੀ ਕਹਾਣੀ ਅੱਜ ਆਪਣੇ ਜੋਬਨ ਤੇ ਹੈ ਤੇ ਮੈਨੂੰ ਮਾਣ ਹੈ ਮੇਰੇ ਮਾਲੀ ਬੜੇ ਸੁਹਿਰਦ ਹਨ।" ਇਹ ਮਾਖਿਉਂ ਪਿਆਰੇ ਬੋਲ ਕਹਾਣੀ ਦੇ ਸਨ ਜਦੋਂ ਮੈਂ ਆਪਣੇ ਦਿਲ ਵਿਚ ਵਸੀ ਕਹਾਣੀ ਨੂੰ ਇਹ ਪੁੱਛਿਆ ਕਿ ਪ੍ਰਵਾਸੀ ਕਹਾਣੀ ਨੂੰ ਕਿਵੇਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ, ਐਸੀ ਪ੍ਰਭਿਸ਼ਾ ਜਿਸਦੀ ਕੋਈ ਵੀ ਵਿਆਖਿਆ ਨਾ ਹੋਵੇ।

"ਮੇਰੇ ਬੱਚੇ ਮੇਰੀ ਇਹ ਕਰੂੰਬਲ ਉਦੋਂ ਫੁਟੀ ਸੀ ਜਦੋਂ ਸਭਤੋਂ ਪਹਿਲੇ ਪੰਜਾਬੀ ਨੇ ਪ੍ਰਵਾਸ ਧਾਰਿਆ ਸੀ। ਮੈਂ ਤਾਂ ਹਰ ਜਗ੍ਹਾ ਵਿਆਪਕ ਹਾਂ। ਬਾਬੇ ਨਾਨਕ ਨੇ ਜਦੋਂ ਆਦਿ ਸੱਚ ਜੁਗਾਦਿ ਸੱਚ ਉਚਾਰਿਆ ਸੀ ਤਾਂ ਮੇਰੇ ਕੰਨ ਪੌਣਾਂ ਦੇ ਬੋਲਾਂ ਅੱਗੇ ਝੋਲੀ ਅੱਡੀ ਖੜੇ ਸਨ। ਮੈਂ ਆਪਣੀ ਭਰੀ ਭੁੰਕਨੀ ਝੋਲੀ ਹਮੇਸ਼ਾਂ ਹੀ ਇਹਦੇ ਵਾਰਸਾਂ ਦੇ ਹਵਾਲੇ ਕਰਨ ਲਈ ਤਰਲੋਮੱਛੀ ਹੋਈ ਹਾਂ। ਮੈਂ ਦਾਦੀ ਨੂੰ ਜਰੀਆ ਬਣਾਕੇ ਬੱਚਿਆਂ ਤੱਕ ਪਹੁੰਚਦੀ ਸਾਂ। ਬੱਚੇ ਮੈਨੂੰ ਸਦਾ ਹੀ ਪਿਆਰ ਕਰਦੇ ਆਏ ਹਨ। ਮੇਰੇ ਅਸਰ ਦੀ ਸੀਨਾਜ਼ੋਰੀ ਵੇਖਕੇ ਹੀ ਦਾਦੀ ਨੇ ਕਦੇ ਵੀ ਦਿਨੇ ਬਾਤ ਨਾ ਪਾਉਂਣ ਦੀ ਝੂਠੀ ਮੂਠੀ ਜਿਹੀ ਕਹਾਣੀ ਘੜ ਲਈ। ਅਖੇ ਰਾਹੀਆਂ ਨੂੰ ਰਾਹ ਭੁਲ ਜਾਂਦੇ ਹਨ।

ਦਾਦੀ ਦਾ ਇਹ ਝੂਠ ਮੈਨੂੰ ਹਮੇਸ਼ਾਂ ਹੀ ਨਿਆਰਾ ਪਿਆਰਾ ਲੱਗਾ। ਉਹ ਕਰਦੀ ਵੀ ਕੀ? ਸੁਣੀਆਂ ਸੁਣਾਈਆਂ ਬਾਤਾਂ ਵਿਚ ਉਸਨੇ ਆਪਾ ਵੀ ਤੇ ਸ਼ਾਮਲ ਕਰਨਾ ਹੁੰਦਾ ਸੀ। ਪੁਰਾਣੀਆਂ ਮਿੱਥਾਂ ਨੂੰ ਨਵਿਆਉਂਦੀ ਦਾਦੀ ਮੈਨੂੰ ਸਮੇਂ ਦਾ ਹਾਣੀ ਬਣਾਕੇ ਕਿਸੇ ਰਾਜਕੁਮਾਰ ਦੇ ਘੋੜੇ ਤੇ ਸੁਆਰ ਕਰਕੇ ਬੱਚਿਆਂ ਦੇ ਚੇਤਿਆਂ ਨੂੰ ਵਰਤਮਾਨ ਸਮਾਜਿਕ ਵਰਤਾਰੇ ਨਾਲ ਜੋੜਦੀ। ਹੁਣ, ਹੁਣੇ ਹੁਣੇ ਜੁਆਨ ਹੋਏ ਨਵੇਂ ਨਵੇਂ ਮੇਰੇ ਪਾਤਰ, ਰਾਹੀਆਂ ਨੂੰ ਰਾਹ ਤਾਂ ਭੁਲਾਉਂਣਗੇ ਹੀ ਪਰ ਕਲਪਨਾ ਦੇ ਘੋੜਿਆਂ ਤੇ ਚੜੇ ਇਹ ਪਾਤਰ ਰਾਹੀਆਂ ਦੇ ਹਮਰਾਹ ਬਣਕੇ ਰਾਹ ਭਾਵੇਂ ਭੁੱਲ ਜਾਂਣ ਪਰ ਰਾਹੋਂ ਭਟਕਦੇ ਨਹੀਂ ਸਨ ਤੇ ਮੈਂ ਇਹ ਜਿੰਮੇਵਾਰੀ ਦਾਦੀ ਨੂੰ ਸੌਂਪੀ ਹੋਈ ਸੀ।

ਦਾਦੀ ਮੇਰੇ ਨਾਲੋਂ ਜਿਆਦਾ ਸਿਆਣੀ ਸੀ। ਉਹ ਜ਼ਿੰਦਗੀ ਦੇ ਤਜ਼ਰਬੇ ਪੀੜੀ ਦਰ ਪੀੜੀ ਆਪਣੇ ਵਾਰਸਾਂ ਦੇ ਹਵਾਲੇ ਕਰਦੀ ਰਹੀ। ਕਮਲਿਆ, ਤੂੰ ਕਦੇ ਗੌਰ ਨਹੀਂ ਕੀਤਾ ਹੋਣਾ ਦਾਦੀ ਕਹਾਣੀ ਸੁਣਾਉਂਦੀ ਸੁਣਾਉਂਦੀ ਨਿਆਣਿਆਂ ਦੇ ਚੇਤਿਆਂ ਨੂੰ ਹਲੂਣਾ ਜਿਹਾ ਦੇਕੇ, ਅੱਧ-ਪੱਚਧੀ ਸੁਣਾਕੇ ਵਿਚੋਂ ਉੱਠਕੇ ਦੁੱਧ ਨੂੰ ਜਾਗ ਲਾਉਣ ਤੁਰ ਜਾਂਦੀ ਹੈ। ਬੱਚੇ ਕਾਹਲੇ ਪਏ ਉਸਦੀ ਸੁਸਤੀ ਪਏ ਵੇਖਦੇ ਹਨ। ਉਹ ਚਾਟੀ ਨੂੰ ਢੱਕ ਸਵਾਰ ਕੇ ਹੀ ਮੁੜਦੀ ਹੈ। ਵਿਚ-ਵਿਚਾਲੇ ਨਿਆਣਿਆਂ ਨੂੰ ਟੀਰੀ ਜਿਹੀ ਅੱਖ ਨਾਲ ਦੇਖ ਵੀ ਲੈਂਦੀ ਹੈ। ਮੈਨੂੰ ਵਿਚਲੀ ਗੱਲ ਦਾ ਪਤਾ ਹੈ। ਇਹ ਗੱਲ ਵਿਆਖਿਆ ਵਾਲੀ ਹੈ। ਭਾਵੇਂ ਮੈਂ ਵਿਆਖਿਆ ਪਸੰਦ ਨਹੀਂ ਕਰਦੀ ਪਰ ਮੈਂ ਵੀ ਕੀ ਕਰਾਂ ਕਦੇ ਕਦੇ ਨਵੀਆਂ ਲੀਹਾਂ ਉਸਾਰਨ ਵਾਲੇ ਵਿਦਰੋਹ ਕਰਦੇ ਹਨ। ਇਹ ਮੇਰੀ ਲਛਮਣ-ਰੇਖਾ ਨੂੰ ਅਛੋਪਲੇ ਜਿਹੇ ਪਾਰ ਕਰ ਜਾਂਦੇ ਹਨ। ਮੈਂ ਕਦੇ ਕਦੇ ਗੁੱਸਾ ਵੀ ਕਰਦੀ ਹਾਂ ਤੇ ਹੈਰਾਨ ਪ੍ਰੇਸ਼ਾਨ ਵੀ ਹੁੰਦੀ ਹਾਂ ਪਰ ਇਹ ਮੇਰੇ ਵਾਰਸ ਮੇਰੇ ਚੌਖਟੇ ਨੂੰ ਮੋਕਲਾ ਕਰਦੇ, ਪੀੜੀਆਂ ਦੀ ਉਸਾਰੀ

ਸੋਚ ਨੂੰ ਪਰਨਾਕੇ ਸਮਾਜਿਕ ਵਰਤਾਰੇ ਨੂੰ ਹੋਰ ਅਮੀਰ ਕਰਦੇ ਰਹੇ। ਇਨ੍ਹਾਂ ਦੀਆਂ ਕੀਮਤਾਂ ਮੇਰੀ ਵਿਰਾਸਤ ਵਿਚ ਜਜ਼ਬ ਹੋ ਜਾਂਦੀਆਂ।

ਮੇਰੀ ਬਗੀਚੀ ਵਿਚ ਪਿਉਂਦੀ ਨਵੀਂ ਖੁਸ਼ਬੋ ਨਾਲ ਲਿਪਟੀਆਂ ਨਵੀਆਂ ਪੈੜਾਂ, ਕਿਸੇ ਵਿਸ਼ੇ ਨੂੰ ਜਨਮ ਦਿੰਦੀਆਂ ਤੇ ਮੇਰਾ ਕੰਮ ਸੀ ਉਨ੍ਹਾਂ ਪੈੜਾਂ ਦੀ ਉਂਘ-ਸੁੱਗ ਨੂੰ ਰੌਚਿਕਤਾ ਨਾਲ ਮਾਲਾ ਮਾਲ ਕਰਕੇ ਕਿਸੇ ਮਾਲੀ ਨੂੰ ਪਟੋਕੀ ਮਾਰਨੀ। ਕਲਪਨਾ ਗੜੁੱਚ ਸੋਚ ਉਡਾਰੀ ਨਾਲ ਕੋਈ ਮੈਨੂੰ ਲਿਖ ਦਿੰਦਾ ਤੇ ਮੇਰੀ ਜਾਇਦਾਦ ਵਿਚ ਵਾਧਾ ਹੋ ਜਾਂਦਾ, ਕਦੇ ਕਦੇ ਇਹ ਵਾਧਾ ਢੇਰ ਸਾਰਾ ਵੀ ਹੋ ਜਾਂਦਾ। ਇਸ ਦਰਪਣ ਨੂੰ ਤੁਸੀਂ ਸਹਿਤ ਕਹਿ ਸਕਦੇ ਹੋ।"

"ਪਰ ਸਤਿਕਾਰਯੋਗ ਕਹਾਣੀ ਮਾਂ ਉਹ ਦਾਦੀ ਵਾਲੀ ਗੱਲ ਤਾਂ ਤੂੰ ਵਿਚੋਂ ਹੀ ਖਾ ਗਈ। ਤੂੰ ਦਸਿਆ ਹੀ ਨਹੀਂ ਉਹ ਦੁਧ ਨੂੰ ਜਾਗ ਲਾਉਣ ਵਾਲੀ ਗੱਲ ਦਾ ਰਹੱਸ ਕੀ ਸੀ?"

"ਗੱਲ ਤੇਰੇ ਪੱਲੇ ਨਹੀਂ ਪਈ। ਮੈਂ ਐਸੇ ਕਰਕੇ ਹੀ ਚੁੱਪ ਵੱਟ ਲਈ ਸੀ। ਜੇ ਤੇਰੇ ਪੱਲੇ ਵੀ ਨਹੀਂ ਪਈ ਫਿਰ ਤੇ ਦਸਣਾ ਹੀ ਪਊ। ਕਿਤੇ ਤੇਰੇ ਸੁਣਨ ਵਾਲੇ ਗੁੱਸਾ ਹੀ ਨਾ ਕਰ ਜਾਂਣ ਕਿ ਇਹ ਵਿਆਖਿਆ ਕਿਉਂ ਕੀਤੀ? ਕਈ ਵਿਆਖਿਆ ਨੂੰ ਵਿਹੁ ਹੀ ਸਮਝਦੇ ਹਨ। ਮੇਰੇ ਬੱਚੇ ਵਿਆਖਿਆ ਕੋਈ ਜਿੰਨ ਭੂਤ ਨਹੀਂ ਹੁੰਦਾ ਕਹਾਣੀ ਵਿਚ। ਜਿਥੇ ਲੋੜ ਹੈ, ਉੱਥੇ ਕਰਨੀ ਹੀ ਚਾਹੀਦੀ ਹੈ। ਦਾਦੀ ਦਾ ਤਜ਼ਰਬਾ ਤਾਂ ਉਹੋ ਜਾਣੇ ਜਾਂ ਉਹਦੇ ਜਾਨਣ ਧੀਆਂ-ਪੁੱਤ ਪਰ ਦੁਧ ਦਾ ਰਾਤੋ ਰਾਤ ਦਹੀਂ ਬਨਾਉਣਾ ਤੇ ਕਹਾਣੀ ਸੁਣਾ ਕੇ ਆਪਣੇ ਬੱਚੇ ਦੀ ਮਾਸੂਮੀਅਤ ਦੇ ਕੰਜ ਕਵਾਰੇ ਦੁਧ ਵਿਚ ਆਪਣੇ ਸੰਸਕਾਰਾਂ ਦਾ ਖੱਟਾ ਲਾਉਣਾ ਇਹ ਦਾਦੀ ਦਾ ਉਹੋ ਕੰਮ ਸੀ ਜੋ ਉਸਦੀ ਦਾਦੀ ਨੇ ਉਸਨੂੰ ਸਿਖਾਇਆ ਸੀ। ਆਈ ਬਾਤ ਪਕੜ ਵਿਚ?'

"ਗੱਲ ਤਾਂ ਸਮਝ ਆ ਗਈ ਬੀਬੀ ਪਰ ਜਰਾ ਔਖਾ ਕਰ ਗਈ ਹੈ। ਇਹ ਤਾਂ ਨੱਸ ਕੇ ਗੱਡੀ ਫੜਨ ਵਾਲੀ ਗੱਲ ਹੈ। ਕੋਈ ਸੌਖੀ ਜਿਹੀ ਦਲੀਲ ਦੇਵੇਂ ਤਾਂ ਚੰਗਾ ਹੈ।"

"ਲੈ ਤੂੰ ਸੌਖਾ ਹੋ ਲੈ। ਜੇ ਤੂੰ ਕਹਿਣਾ ਹੋਵੇ ਕਿ ਚੰਨ ਮੱਖਣਾ, ਬਲਰਾਜ ਚੀਮਾ ਮੇਰਾ ਚਾਚਾ ਨਹੀਂ ਮੇਰਾ ਤਾਇਆ ਹੈ। ਇਸਦੀ ਅੰਗਰੇਜ਼ੀ ਬਣਾਓ। ਤਾਂ ਵੱਡੇ ਤੋਂ ਵੱਡਾ ਅਧਿਆਪਕ ਵੀ ਵਿਆਖਿਆ ਹੀ ਕਰੇਗਾ ਕਿ ਨਹੀਂ।"

"ਚਲ ਬੀਬੀ ਬਹੁਤ ਹੋ ਗਿਆ ਵਿਆਖਿਆ ਦਾ ਖੁਲਾਸਾ। ਕੋਈ ਆਪਣੀ ਹੋਰ ਗੱਲ ਸੁਣਾ।"

"ਵੈਸੇ ਮੈਂ ਇਹ ਦਸਣਾ ਜ਼ਰੂਰੀ ਨਹੀਂ ਸਮਝਦੀ ਕਿ ਮੈਂ ਅਸਲ ਵਿਚ ਹਾਂ ਕੀ। ਸਾਰੇ ਜਾਣਦੇ ਹਨ ਕਿ ਕਹਾਣੀ ਬੁਨਿਆਦੀ ਤੌਰ ਤੇ ਬਿਰਤਾਂਤ ਹੈ। ਘਟਨਾਵਾਂ ਤੇ ਅਨੁਭਵਾਂ ਦੀ ਲੜੀ ਹੀ ਬਿਰਤਾਂਤ ਨਹੀਂ ਹੁੰਦੀ ਬਲਕਿ ਕੋਈ ਵੀ ਚੀਜ਼ ਜ਼ਿੰਦਗੀ ਦੇ ਪ੍ਰਵਾਹ ਵਿਚ ਸ਼ਾਮਲ ਹੋ ਜਾਏ ਉਹ ਬਿਰਤਾਂਤ ਹੋ ਜਾਂਦੀ ਹੈ। ਕਈ ਵਿਦਵਾਨ ਮੇਰੀ ਉਮਰ ਬਾਰੇ ਸ਼ੰਕਾ ਕਰਦੇ ਹਨ। ਉਸਨੂੰ ਦਹਾਕਿਆਂ ਵਿਚ ਵੰਡਕੇ ਇਹ ਸੋਚਦੇ ਹਨ ਕਿ ਅਸਲ ਵਿਚ ਮੇਰਾ ਜਨਮ ਕਦੋਂ ਹੋਇਆ ਤੇ

ਮੇਰਾ ਸੁਭਾਅ ਕੀ ਹੈ ਮੇਰੇ ਪਰਿਵਾਰ ਨੂੰ ਨੌਲਦੇ ਹੋਏ ਵੰਡੀਆਂ ਪਾਉਂਦੇ ਹਨ। ਚਲੋ ਠੀਕ ਹੈ ਘਟੋ ਘੱਟ ਉਹ ਸੁਹਿਰਦ ਤਾਂ ਹਨ ਤੇ ਮੈਨੂੰ ਸਮਝਣ ਲਈ ਆਪਣੇ ਵਿਦਿਆਰਥੀਆਂ ਨੂੰ ਸੌਖਾ ਵੀ ਕਰਦੇ ਹਨ। ਮੇਰੇ ਵੱਖ ਵੱਖ ਪਹਿਲੂਆਂ ਦੇ ਸੱਚ ਨੂੰ ਜਾਨਣ ਲਈ ਉਹਨਾਂ ਦੀਆਂ ਕੋਸ਼ਿਸ਼ਾਂ ਕਾਬਿਲੇ ਤਾਰੀਫ ਹਨ। ਉਹਨਾਂ ਦੀਆਂ ਪੈਮਾਇਸ਼ਾਂ ਦਾ ਹੀ ਸਿੱਟਾ ਹੈ ਪ੍ਰਵਾਸੀ ਕਹਾਣੀ।

ਭਾਵੇਂ ਉਹਨਾਂ ਦੇ ਫੀਤਿਆਂ ਨਾਲ ਮੈਂ ਬਹੁਤਾ ਸਹਿਮਤ ਨਹੀਂ। ਇਸਤਰਾਂ ਦਾ ਨਿਖੇੜਾ ਤਾਂ ਮੇਰੀਆਂ ਬਾਰੀਕੀਆਂ ਨੂੰ ਸਮਝਣ ਲਈ ਜ਼ਰੂਰੀ ਵੀ ਹੈ। ਪ੍ਰਵਾਸੀ ਕਹਾਣੀ ਤਾਂ ਨਵੇਂ ਤਜ਼ਰਬਿਆਂ ਦੀ ਸੰਭਾਵਨਾਂ ਨਾਲ ਪਹਿਲ ਦੇ ਅਧਾਰ ਤੇ ਪੜੀ ਜਾਂਦੀ ਹੈ।

ਸ਼੍ਰੇਣੀ ਵੰਡ ਨੂੰ ਪਾਸੇ ਰੱਖਕੇ ਸਭਤੋਂ ਜ਼ਰੂਰੀ ਤਾਂ ਸਾਰਥਿਕਤਾ ਹੈ। ਮੈਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਪ੍ਰਵਾਸੀ ਕਹਾਣੀ ਦੇ ਸੰਦਰਭ ਵਿਚ ਮੇਰਾ ਜਨਮ ਤਾਂ ਉਦੋਂ ਹੋਇਆ ਜਦੋਂ ਪਹਿਲੇ ਪੰਜਾਬੀ ਨੇ ਪ੍ਰਵਾਸ ਧਾਰਿਆ ਸੀ। ਹੁਣ ਇੱਥੇ ਦੋ ਗੱਲਾਂ ਦਸਣ ਵਾਲੀਆਂ ਹਨ। ਉਸ ਪਹਿਲੇ ਪੰਜਾਬੀ ਦਾ ਕਹਾਣੀ ਸਰੂਪ, ਜੋ ਉਸਦੇ ਦਿਲ ਦਿਮਾਗ ਤੇ ਉੱਕਰਿਆ ਹੋਇਆ ਹੈ। ਜਿਸਨਾਲ ਉਸਦੀਆਂ ਬੁਨਿਆਦੀ ਕਦਰਾਂ ਕੀਮਤਾਂ ਵਾਬਸਤਾ ਹਨ। ਉਸਦਾ ਉਹ ਸੱਚ ਜਿਸਨੂੰ ਉਹ ਅੰਤਮ ਸੱਚ ਸਮਝਦਾ ਹੈ। ਇਸ ਵਕਤ ਉਹ ਜਹਾਜੋਂ ਉੱਤਰਿਆ ਇੱਕ ਐਸੀ ਦੁਨੀਆਂ ਨੂੰ ਵੇਖ ਰਿਹਾ ਹੈ ਜੋ ਉਸ ਲਈ ਅਸਲੋਂ ਪਰਾਈ ਹੈ। ਪਰਾਈ ਇਸ ਕਰਕੇ ਹੈ ਕਿ ਉਸਦੀਆਂ ਅੱਖਾਂ ਤੇ ਇੱਕ ਪਰੰਮਪਰਕ ਪੱਟੀ ਬੱਝੀ ਹੋਈ ਹੈ। ਉਸਦੇ ਵੇਖਣ ਚਾਖਣ ਲਈ ਇੱਕੋ ਹੀ ਖਿੜਕੀ ਖੁਲੀ ਹੋਈ ਹੈ। ਅਸਲ ਵਿਚ ਓਹ ਸਿਰਫ਼ ਆਰਥਿਕ ਸੁਧਾਰ ਲਈ ਹੀ ਆਇਆ ਹੈ। ਵੈਸੇ ਕੋਈ ਗੁੱਸਾ ਨਾ ਕਰ ਜਾਏ ਮੈਂ ਸਮੂਹਿਕ ਰੂਪ ਦੀ ਗੱਲ ਕਰ ਰਹੀ ਹਾਂ। ਅੱਜਕਲ ਕਈ ਗੁੱਸਾ ਵੀ ਛੇਤੀ ਹੀ ਕਰ ਜਾਂਦੇ ਹਨ। ਇਸ ਲਈ ਮੈਂ ਨਾਲੋ ਨਾਲ ਨਿਬੇੜੇ ਕਰੀ ਜਾਂਦੀ ਹਾਂ। ਹਾਂ ਤੇ ਇਸ ਸਮੂਹ ਦੇ ਇੱਕ ਬਸ਼ਿੰਦੇ ਨੂੰ ਇਸ ਵਖਰੇ ਸਮਾਜ ਨੇ ਅਜੇ ਪ੍ਰਭਾਵਿਤ ਕਰਨਾ ਹੈ ਤਾਂ ਹੀ ਤੇ ਪ੍ਰਵਾਸੀ ਕਹਾਣੀ ਦੇ ਰੂਪ ਵਿਚ ਮੇਰਾ ਜਨਮ ਹੋਣਾ ਹੈ।

ਲਵੋ ਸਭਦੇ ਸਾਹਮਣੇ ਸਥਿਤੀਆਂ ਦੇ ਯਥਾਰਥ ਨੇ ਉਸਦੇ ਸੱਚ ਦੀ ਲਗਾਮ ਫੜ ਲਈ ਹੈ। ਮੈਨੂੰ ਪਤਾ ਸੀ ਉਸਦੀ ਸੋਚ ਨੇ ਪ੍ਰਭਾਵਿਤ ਹੋਣਾ ਹੈ ਤੇ ਇਹ ਕੋਈ ਇਤਿਹਾਸ ਨਹੀਂ ਬਲਕਿ ਕਹਾਣੀ ਹੈ। ਇਹ ਕਹਾਣੀ ਅਜੇ ਲਿਖੀ ਨਹੀਂ ਗਈ ਪਰ ਇਸਦਾ ਸਰੂਪ ਹੋਂਦ ਵਿਚ ਆ ਗਿਆ ਹੈ। ਹੁਣ ਇਸ ਸਰੂਪ ਨੂੰ ਇੱਕ ਵਧੀਆ ਸ਼ਿਲਪ ਦੀ ਲੋੜ ਹੈ।

ਇੱਕ ਵਖਰੇ ਮਾਹੌਲ ਵਿਚ ਵਿਚਰਦਿਆਂ ਕੁਝ ਵਿਸ਼ੇ ਮੈਨੂੰ ਲਭਣ ਤੁਰ ਪਏ। ਸਮੇਂ ਦੇ ਨਾਲ ਪਹਿਲੇ ਮਨੁੱਖ ਦੇ ਸੱਚ ਵੀ ਬਦਲੇ ਤੇ ਅੰਤਮ ਸੱਚ ਦੀ ਧਾਰਨਾ ਵੀ ਬਦਲ ਗਈ। ਪ੍ਰਵਾਸ ਧਾਰੇ ਮਨੁੱਖ ਦੇ ਬਦਲੇ ਸੱਚ ਦਾ ਇਤਿਹਾਸ ਜਦੋਂ ਮੈਨੂੰ ਲਿਖਣ ਵਾਲੇ ਕਿਸੇ ਲੇਖਕ ਦੀ ਕਲਮ ਤੇ ਚੜਿਆ ਤਾਂ ਉਸਨੇ ਰੌਚਿਕਤਾ ਨਾਲ ਇਸ ਸੱਚ ਨੂੰ ਇਤਿਹਾਸ ਨਾਲੋਂ ਨਿਖੇੜਕੇ ਖੜਾ ਕਰ ਦਿੱਤਾ। ਅਸੀਂ ਇਸਨੂੰ ਗਲਪ ਕਹਿੰਦੇ ਹਾਂ। ਅੰਗਰੇਜ਼ੀ ਵਿਚ ਇਸਦਾ ਸਮਾਨ ਅਰਥ ਫਿਕਸ਼ਨ

ਹੈ। ਇਸਦਾ ਅਰਥ ਝੂਠ ਹੁੰਦਾ ਹੈ। ਇਹ ਝੂਠ ਸ਼ਬਦ ਮੈਨੂੰ ਅਖਰਦਾ ਹੈ। ਕਹਾਣੀ ਹਮੇਸ਼ਾਂ ਅਸੱਚ ਹੁੰਦੀ ਹੈ। ਪਰ ਅਸੱਚ ਹੋਕੇ ਵੀ ਸੱਚ ਹੁੰਦੀ ਹੈ। ਜੇ ਤੁਸੀਂ ਮੇਰੇ ਇੰਨ ਬਿੰਨ ਅਰਥ ਜ਼ਿੰਦਗੀ ਵਿਚ ਲਭਣ ਤੁਰੋਗੇ ਤਾਂ ਉਹ ਤੁਹਾਨੂੰ ਨਹੀਂ ਮਿਲਣਗੇ। ਸੋ ਉਹ ਤੱਥ ਕਲਪਿਤ ਹਨ ਅਤੇ ਜੋ ਕਲਪਿਤ ਹੈ ਉਹ ਸਥੂਲ ਸੱਚ ਨਹੀਂ ਹੈ ਇੱਕ ਮਿੱਥ ਹੈ। ਪਰ ਇਹ ਅਸੱਚ ਇੱਕ ਜਾਣਿਆਂ ਸਮਝਿਆ ਹੈ। ਇਸ ਅਸੱਚ ਦੇ ਮਾਇਨੇ ਸੱਚ ਹੁੰਦੇ ਹਨ। ਇਸ ਅਸੱਚ ਨੂੰ ਵਿਉਂਤਣਾ ਕਲਾ ਹੈ। ਇਸ ਵਿਉਂਤ ਸਦਕਾ ਹੀ ਤਾਂ ਮੈਂ ਦਿਲਾਂ ਵਿਚ ਵਸਦੀ ਹਾਂ। ਕਿਸੇ ਵੀ ਕਹਾਣੀਕਾਰ ਦੀ ਜੇ ਕਲਾ ਨੂੰ ਜਾਨਣਾ ਹੋਵੇ ਤਾਂ ਇਹ ਗੱਲ ਵੇਖਣੀ ਬਣਦੀ ਹੈ ਕਿ ਉਹ ਕਹਾਣੀ ਨੂੰ ਵਿਉਂਤਦਾ ਕਿਵੇਂ ਹੈ?

ਮੈਨੂੰ ਪ੍ਰਵਾਸੀ ਕਹਾਣੀ ਕਹਿਣ ਵਾਲੇ ਵਡਿਆਈ ਦੇ ਰਹੇ ਹਨ ਕਿਉਂਕਿ ਮੈਂ ਪੰਜਾਬੀ ਕਹਾਣੀ ਦੀ ਉਹ ਟਹਿਣੀ ਹਾਂ ਜੋ ਹੁਣ ਆਪਣੀਆਂ ਜੜਾਂ ਨਾਲ ਮਜ਼ਬੂਤੀ ਨਾਲ ਜੁੜ ਚੁੱਕੀ ਹੈ। ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਪ੍ਰਵਾਸੀ ਕਹਾਣੀ ਦੇ ਖਾਨੇ ਵਿਚ ਰੱਖੀ ਕੋਈ ਵੀ ਰਚਨਾ ਪਹਿਲ ਦੇ ਅਧਾਰ ਤੇ ਪੜੀ ਤੇ ਪਰਖੀ ਜਾਂਦੀ ਹੈ। ਇਸਦਾ ਕਾਰਣ ਨਵੇਂ ਵਿਸ਼ੇ ਵੀ ਹਨ ਤੇ ਮੇਰੇ ਸਿਰਜਕ ਵੀ। ਪਰ ਕੁਝ ਗੱਲਾਂ ਕਰਨੀਆਂ ਮੇਰੇ ਲਈ ਜ਼ਰੂਰੀ ਹੋ ਗਈਆਂ ਹਨ। ਵਿਸ਼ੇ ਨੂੰ ਪਰੰਮਪਰਕ ਚੌਖਟੇ ਵਿਚ ਰੱਖਕੇ ਤੇ ਅੱਖਾਂ ਤੇ ਪੱਟੀ ਬੰਨਕੇ ਲਿਖਣਾ ਠੀਕ ਨਹੀਂ। ਸਾਹਿਤ ਦਾ ਇਹ ਰੂਪ ਤਾਂ ਇੱਕ ਨਿਰਮਲ ਪ੍ਰਵਾਹ ਹੈ। ਨਵੇਂ ਨਵੇਂ ਵਿਸ਼ੇ ਆਪਣੇ ਨਵੀਨ ਦਿਸਹਿਦਿਆਂ ਨਾਲ ਚਾਨਣ ਵਿਚ ਜਜ਼ਬ ਹੋ ਰਹੇ ਹਨ। ਹੋਣੇ ਵੀ ਚਾਹੀਦੇ ਹਨ। ਇਹ ਕਾਲਾ ਚਿੱਟਾ, ਆਦਰਸ਼, ਯਥਾਰਥ, ਭੋਲੇ ਭਾਲੇ ਲੋਕਾਂ ਨਾਲ ਵਰਤ ਰਿਹਾ ਕਰੂਰ ਵਰਤਾਰਾ, ਇਹ ਸਾਰਾ ਚਾਹਿਆ ਜਾਂ ਅਣਚਾਹਿਆ ਸਮਾਜਿਕ ਵਰਤਾਰੇ ਦੇ ਅਸਲ ਨੂੰ ਨਿਰਧਾਰਿਤ ਕਰ ਰਿਹਾ ਹੈ। ਸਮਾਜ ਵਿਚਰੀ ਜਾਵੇ, ਲੇਖਕ ਲਿਖੀ ਜਾਵੇ ਤੇ ਪਾਠਕ ਪੜੀ ਜਾਵੇ, ਇਹ ਕਾਫ਼ੀ ਨਹੀਂ ਹੈ। ਕਹਾਣੀ ਵਿਚ ਜੇ ਦ੍ਰਿਸ਼ਟੀ ਨਹੀਂ ਤਾਂ ਸਮਝ ਲਵੋ ਕਹਾਣੀ ਦੇ ਸੰਦਰਭ ਵਿਚ ਸਮਾਜ, ਲੇਖਕ ਤੇ ਪਾਠਕ ਸਾਰੇ ਹੀ ਝੱਖ ਮਾਰ ਰਹੇ ਹਨ। ਇਹ ਕੋਈ ਸੰਦੇਸ਼ ਵੀ ਨਹੀਂ ਕਿਉਂਕਿ ਮੇਰਾ ਸੰਦੇਸ਼ ਦੇਣਾ ਬਣਦਾ ਵੀ ਨਹੀਂ। ਹਾਂ ਮੈਂ ਬੇਪਰਵਾਹੀ ਕਦੇ ਵੀ ਪ੍ਰਵਾਨ ਨਹੀਂ ਕੀਤੀ। ਮੈਂ ਤਾਂ ਇਤਨਾ ਹੀ ਕਹਾਂਗੀ, ਇੱਛਾ ਤਾਂ ਪਾਠਕ ਦੀ ਹੈ ਲੇਖਕ ਦੀ ਨਹੀਂ। ਲੇਖਕ ਜਦੋਂ ਆਪਣੀ ਰਚਨਾ ਦਾ ਆਪ ਪਾਠਕ ਬਣਦਾ ਹੈ ਤਾਂ ਉਹ ਜਜ਼ਬਾਤੀ ਵੀ ਹੋ ਸਕਦਾ ਹੈ ਤੇ ਕਹਾਣੀ ਦੇ ਸਰੂਪ ਵਿਚੋਂ ਉਹ ਆਪਣਾ ਮੁੱਖ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਕਿਸੇ ਵੀ ਰਚਨਾ ਲਈ ਐਸੀ ਕੋਸ਼ਿਸ਼ ਘਾਤਕ ਹੁੰਦੀ ਹੈ। ਰਚਨਾ ਤਾਂ ਉਹ ਹੁੰਦੀ ਹੈ ਜੋ ਸੰਪੂਰਨ ਹੋਕੇ ਆਪਣੇ ਸਿਰਜਕ ਨਾਲੋਂ ਨਾਤਾ ਤੋੜ ਲਵੇ। ਪੱਥਰ ਤੇ ਲੀਕਾਂ ਮਾਰਨ ਨਾਲ ਪੱਥਰ ਦਾ ਸਰੂਪ ਨਹੀਂ ਬਦਲੇਗਾ। ਨਕਾਰਾਤਮਕ ਦਵੰਧ ਪਾਠਕ ਦੀ ਸੋਚ ਨੂੰ ਹਲੂਣਾ ਮਾਰਕੇ ਉਸਨੂੰ ਕੁਝ ਨਵਾਂ ਸੋਚਣ ਲਈ ਮਜ਼ਬੂਰ ਕਰਦਾ ਹੈ। ਨਵੇਂ ਪਸਾਰਾਂ ਵਿਚ ਨਵੀਂ ਦ੍ਰਿਸ਼ਟੀ ਹੀ ਮੇਰੇ ਪਾਠਕ ਲਈ ਨਵੀਂ ਖਿੜਕੀ ਖੋਲਦੀ ਹੈ।

ਮਸਲਨ ਉਹ ਆਪਣੇ ਬੱਚਿਆਂ ਨੂੰ ਸੁਣਾਉਣ ਦੀ ਬਜਾਇ ਉਹਨਾਂ ਨੂੰ ਸੁਣਨਾ ਪਸੰਦ ਕਰਨ ਲੱਗ ਪਵੇ। ਪਾਠਕ ਤੇ ਲੇਖਕ ਇਕੋ ਹੀ ਧਰਾਤਲ ਤੇ ਹੋਣ ਤੇ ਪਾਠਕ ਨੂੰ ਲੱਗੇ ਕਿ ਮੈਂ ਹਾਂ ਪਰ ਮੈਨੂੰ ਪਤਾ ਨਹੀਂ ਸੀ। ਇਹ ਤੇ ਇਸਤਰ੍ਹਾਂ ਹੋਣਾ ਚਾਹੀਦਾ ਹੈ ਕਿ ਫੁਲ ਜੜ੍ਹ ਨੂੰ ਪੁੱਛੇ ਧਰਤੀ ਦੀ ਥਾਹ ਪਾ ਲਈ ਕਿ ਨਹੀਂ ਤੇ ਜੜ੍ਹ ਫੁਲ ਨੂੰ ਪੁੱਛੇ ਅਕਾਸ਼ ਅਜੇ ਕਿਤਨਾ ਕੁ ਦੂਰ ਹੈ।

"ਬੀਬੀ ਇੱਕ ਸੁਆਲ ਹੋਰ ਹੈ। ਆਮ ਰਾਏ ਹੈ ਕਿ ਕਹਾਣੀ ਵਿਚ ਕਾਵਿਕ ਭਾਸ਼ਾ ਦੀ ਵਰਤੋਂ ਇੱਕ ਵਰਜਿਤ ਫਲ ਵਾਂਗ ਹੈ। ਕਮਜ਼ੋਰ ਭਾਸ਼ਾ ਦੀ ਵਰਤੋਂ ਦਾ ਠੱਪਾ ਲਗਕੇ, ਕਹਾਣੀ ਦੇ ਅਸਲ ਨੂੰ ਉਭਰਨ ਦਾ ਮੌਕਾ ਕਾਵਿਕ ਭਾਸ਼ਾ ਥੱਲੇ ਨਪੀੜਿਆ ਜਾਂਦਾ ਹੈ। ਮੈਂ ਕਈਆਂ ਨੂੰ ਪੁੱਛਿਆ ਘੱਟ ਤੇ ਉਹਨਾਂ ਦਸਿਆ ਬਹੁਤਾ ਹੈ ਪਰ ਮੇਰੀ ਤਸਲੀ ਨਹੀਂ ਹੋਈ।"

"ਅਸਲ ਵਿਚ ਗੱਲ ਵਿਚ ਵਿਚਾਲੇ ਹੈ। ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਤੇ ਸਿਰਫ਼ ਭਾਰੂ ਤੇ ਢਾਹੂ ਮਾਨਸਿਕਤਾ ਬਰਦਾਸ਼ਤ ਨਹੀਂ ਕਰਦੀ। ਕਈ ਵਾਰੀ ਤੇ ਕਈ ਸਿਆਣੇ ਫਿਲਾਸਫੀਕਲ ਕਹਾਣੀ ਕਹਿਕੇ ਖਹਿੜਾ ਛੁਡਾਉਣਾ ਚਾਹੁੰਦੇ ਹਨ। ਮੈਂ ਕਦੇ ਵੀ ਫਿਲਾਸੀਫੀਕਲ ਨਹੀਂ ਹੁੰਦੀ। ਜੇ ਹੁੰਦੀ ਹੈ ਤਾਂ ਉਹ ਫਿਲਾਸਫੀ ਹੈ ਕਹਾਣੀ ਨਹੀਂ। ਵੈਸੇ ਜ਼ੁਬਾਨਦਾਨੀ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਅਸਲ ਮੁੱਦਾ ਤਾਂ ਸੰਤੁਲਨ ਹੈ। ਜੇ ਸੋਹਣੇ ਸ਼ਬਦਾਂ ਨਾਲ ਪਾਠਕ ਦੀ ਰੂਹ ਖੁਸ਼ ਹੁੰਦੀ ਹੈ ਤਾਂ ਕਿਸੇ ਦਾ ਢਿਡ ਦੁਖਦਾ ਹੈ?

ਇਹ ਜਰੂਰੀ ਨਹੀਂ ਕਿ ਖਰਵੇਂ ਬੋਲ ਹੀ ਪਾਤਰ ਦੀ ਮਾਨਸਿਕਤਾ ਉਭਾਰਦੇ ਹਨ। ਵਿਉਂਤਕਾਰ ਦਾ ਸਿੱਧਾ ਸਬੰਧ ਪਾਠਕ ਨਾਲ ਹੀ ਹੋਣਾ ਹੈ ਜੇ ਸੁਗੰਧ ਪਾਠਕ ਤੱਕ ਨਿਗਰ ਰੂਪ ਵਿਚ ਪਹੁੰਚ ਰਹੀ ਹੈ ਤਾਂ ਵਰਜਿਤ ਫਲ ਟੁੱਕਣ ਵਿਚ ਕੋਈ ਹਰਜ਼ ਨਹੀਂ। ਵੈਸੇ ਬਾਕੀਆਂ ਨਾਲ ਵੀ ਸਲਾਹ ਕਰ ਲਵੀਂ। ਮੇਰੀ ਇੱਕਲੀ ਦੀ ਮਰਜ਼ੀ ਕਿੱਥੇ ਚਲਦੀ ਹੈ? ਮੈਂ ਤਾਂ ਇੱਕ ਨਦੀ ਦੀ ਤਰ੍ਹਾਂ ਹਾਂ। ਮੇਰੇ ਪਾਣੀ ਸਾਫ ਤੇ ਪਾਕ ਹਨ। ਮੈਂ ਬੀਤੇ ਵਿਚੋਂ ਵਹਿੰਦੀ ਹੋਈ ਵਰਤਮਾਨ ਵਿਚ ਵਹਿ ਰਹੀ ਹਾਂ ਤੇ ਵਰਤਮਾਨ ਵੱਲ ਜਾ ਰਹੀ ਹਾਂ। ਮੇਰੇ ਸੁੱਚੇ ਮੋਤੀਆਂ ਨੇ ਮੈਨੂੰ ਸੁੱਚਲ ਕੀਤਾ ਹੈ। ਕੁਦਰਤੀ ਰੰਗਾਂ ਨਾਲ ਰੰਗੀ ਮੇਰੀ ਰੰਗੋਲੀ ਨੂੰ ਹਰ ਪੀੜੀ ਨੇ ਸਜਦਾ ਕੀਤਾ ਹੈ। ਤੁਸੀਂ ਵੀ ਕਰੋ ਤੇ ਕੁਝ ਐਸਾ ਕਰੋ ਕਿ ਆਉਣ ਵਾਲੇ ਮੇਰੇ ਧੀਆਂ ਪੁੱਤਰ ਮੈਨੂੰ ਮਾਣ ਦੇਣ।

==============

ਕਹਾਣੀ ਮਾਂ ਨੂੰ ਸੁਨਣ ਤੋਂ ਬਾਦ ਮੈਂ ਆਪ ਸੋਚਿਆ ਕਿ ਕਹਾਣੀ ਹੋਰ ਕੀ ਹੋ ਸਕਦੀ ਹੈ? ਕੁਝ ਤਜ਼ਰਬੇ ਤੇ ਕੁਝ ਜਾਣਕਾਰੀ ਜੋ ਆਸ ਪਾਸ ਕਿਹਾ ਜਾ ਰਿਹਾ ਹੈ, ਉਨ੍ਹਾਂ ਨੂੰ ਮਾਪਕੇ ਕੁਝ ਤੱਤ ਇੱਕਠੇ ਕੀਤੇ ਹਨ। ਇਕਠਿਆ ਕਰਕੇ ਵੇਖਿਆ ਕਿ ਸਚ ਇਹ ਹੀ ਹੈ ਜੋ ਮੈਂ ਕਹਾਣੀ ਬਾਰੇ ਸਮਝਦਾ ਹਾਂ। ਪਿੱਛਲੇ ਸਾਲਾਂ ਵਿਚ ਕੁਝ ਗੱਲਾਂ ਹਾਸੋ ਹੀਣੀਆ ਵੀ ਲਗੀਆਂ। ਬਹੁਤ ਹੀ ਸਤਿਕਾਰੇ ਕਈ ਕਹਾਣੀਕਾਰਾਂ ਨੇ ਇਹ ਵੀ ਕਿਹਾ ਕਿ ਕਹਾਣੀ ਵਿਚ ਵਿਅੰਗ ਨਹੀ ਹੋਣਾ ਚਾਹੀਦਾ, ਹਾਸਾ ਨਹੀ ਹੋਣਾ ਚਾਹੀਦਾ, ਕਾਵਿਕਤਾ ਨਹੀ ਹੋਣੀ ਚਾਹੀਦੀ ? ਸੁਣ ਲਿਆ

ਤੇ ਮੰਨ ਵੀ ਲਿਆ ਪਰ ਹੁਣ ਯਕੀਨ ਨਾਲ ਕਹਿ ਸਕਦਾ ਹਾਂ ਕਿ ਕਿਉਂ ਨਹੀ ਹੋਣੀ ਚਾਹੀਦੀ? ਹਰ ਤਕਨੀਕ ਪਰਵਾਨਿਤ ਹੈ ਵਖੋ ਵਖਰੀਆਂ ਭਾਸ਼ਾਵਾਂ ਵਿਚ ਜੋ ਹਾਂ ਪਖੀ ਸੁਨੇਹੇ ਨੂੰ ਰੌਚਿਕਤਾ ਨਾਲ ਦੇਣ ਵਿਚ ਸਫਲ ਹਨ। ਭਾਵੇਂ ਇਹ ਮੇਰੇ ਨਿੱਜੀ ਵਿਚਾਰ ਹਨ ਪਰ ਯਕੀਨ ਹੈ ਇਨ੍ਹਾਂ ਤੇ। ਆਉ ਝਾਤ ਮਾਰਦੇ ਹਾਂ, ਕਹਾਣੀ ਦੇ ਸੰਖੇਪ ਜਿਹੇ ਇਤਿਹਾਸ ਤੇ--

ਜ਼ਬਾਨੀ ਲੋਕ ਕਥਾਵਾਂ ਨੂੰ ਰੂਪਕ ਪੱਖ ਦੇਕੇ, ਕਹਾਣੀ ਸੁਨਣ ਦੇ ਚਾਹਵਾਨਾਂ ਨੂੰ ਸੁਨਾਉਣਾ, ਇਸਦਾ ਮੁੱਢਲਾ ਰੂਪ ਹੈ। ਇਸ ਰਾਹੀਂ ਸਭਿਆਚਾਰ, ਸਮਾਜ ਦੇ ਮੰਨੇ ਹੋਏ ਰੀਤੀ ਰਿਵਾਜ਼ ਤੇ ਸਿਆਣਪ ਦਾ ਮਿਸ਼ਰਣ ਹੁੰਦਾ ਸੀ। ਇਹ ਵੀ ਵੇਖਣਾ ਹੈ ਕਿ ਕਹਾਣੀ ਸੁਨਾਉਣ ਵਾਲਾ ਕੌਣ ਹੈ ਤੇ ਉਸਦੇ ਵਿਅਕਤੀਤਵ ਤੇ ਕਿਹੜੇ ਤੱਤ ਭਾਰੂ ਹਨ? ਖਜ਼ਾਨਾ ਹੀ ਤੇ ਹੁੰਦਾ ਸੀ ਕਹਾਣੀ ਸੁਨਾਉਣ ਵਾਲਿਆਂ ਕੋਲ। ਉਹ ਸਹੂਲਤ ਅਨੁਸਾਰ ਦੋ ਜਾਂ ਤਿੰਨ ਲੋਕ ਕਥਾਵਾਂ ਨੂੰ ਜੋੜ ਕੇ ਇੱਕ ਨਵੇਕਲੀ ਤੇ ਆਪਣੀ ਸਮਝ ਅਨੁਸਾਰ ਕਿਸੇ ਸਮਾਜਿਕ ਗੁਣ ਦੀ ਪੇਸ਼ਕਾਰੀ ਕਰਦੇ ਸਨ। ਇਹ ਰੁਝਾਨ ਤੇ ਨਿਰੰਤਰ ਜਾਰੀ ਹੈ। ਕਹਾਣੀ ਕਹਿੰਣ ਤੇ ਲਿਖਣ ਵਾਲੇ ਦੀ ਆਪਣੀ ਸੋਚ ਕਸਵਟੀ ਕੀ ਹੈ, ਉਹ ਹੀ ਮਹਤਵ ਪੂਰਨ ਹੈ ਤੇ ਸਮਾਜ ਵਿਚ ਮਕਬੂਲੀਅਤ ਇਸ ਦ੍ਰਿਸ਼ਟੀ ਦੀ ਹੀ ਹੁੰਦੀ ਹੈ। ਖਜਾਨਾ ਹੁੰਦਾ ਸੀ ਉਨ੍ਹਾਂ ਕੋਲ ਆਪਣੀ ਗੱਲ ਕਹਿੰਣ ਦਾ ਉਨ੍ਹਾਂ ਦੇ ਜ਼ਹਿਨ ਵਿਚ। ਲੋਕ ਕਹਾਣੀਆ ਇਕ ਮੂੰਹ ਜ਼ਬਾਨੀ ਸੁਣਾਈ ਜਾਣ ਵਾਲੀ ਰਵਾਇਤ ਸੀ ਤੇ ਇਹ ਪੀੜ੍ਹੀ ਦਰ ਪੀੜ੍ਹੀ ਚਲਦੀ ਸੀ ਕਿਉਂਕਿ ਕਿਸੇ ਵੀ ਲੋਕ ਕਹਾਣੀ ਦੀ ਮਕਬੂਲੀਅਤ, ਲੋਕਾਂ ਦੀ ਜ਼ਬਾਨ ਤੇ ਚੜ੍ਹ ਜਾਂਦੀ ਸੀ, ਕੁਝ ਨਵਾਂ ਜੁੜਦਾ ਕੁਝ ਵੇਲ੍ਹਾ ਵਿਹਾ ਚੁੱਕਾ ਖਾਰਜ ਹੁੰਦਾ ਰਹਿੰਦਾ ਤੇ ਨਵੀਂ ਨੁਹਾਰ ਬਣ ਜਾਂਦੀ। ਸੁਨਾਉਣ ਲਈ ਕਹਾਣੀ ਚੁਨਣੀ ਤੇ ਉਸ ਵਿਚ ਆਪਣੀ ਸੋਚ ਦਾ ਰਲਾ ਕਰਨਾ, ਹਰ ਕਹਾਣੀ ਸੁਨਾਉਣ ਵਾਲੇ ਦਾ ਆਪਣਾ ਕਲਪਿਤ ਰੂਪਕ ਪੱਖ ਹੁੰਦਾ ਸੀ।

ਜੇ ਇਸਦੇ ਇਤਿਹਾਸ ਦੀ ਖੋਜ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਕਈ ਲੋਕ ਕਥਾਵਾਂ ਤਾਂ ਸੁਣਨ ਵਾਲੇ ਨੂੰ ਭਾਵੁਕ ਕਾਂਬਾ ਛੇੜ ਕੇ ਪਾਤਰ ਨਾਲ ਸਹਾਨੂਭੂਤੀ ਪੈਦਾ ਕਰ ਦਿੰਦੀਆ ਸਨ। ਇਸ ਵਿਚ ਵਰਤਮਾਨ ਵਿਸ਼ਾ ਪ੍ਰਧਾਨ ਹੁੰਦਾ ਸੀ।

ਭਾਵਕ ਜਿਹਾ ਸਾਹ, ਠਹਿਰਾਵ ਲਈ ਲਿਆ ਲੰਬਾ ਸਾਹ ਇੱਕ ਚੰਗੇ ਸੰਦ ਹੁੰਦੇ ਸਨ ਇਸ ਨਾਲ ਉਹ ਸਰੋਤੇ ਨੂੰ ਟੁੰਬਣ ਲਈ ਤਿਆਰ ਕਰ ਲੈਂਦੇ ਸਨ ਤਾਂ ਕਿ ਨਿਰੰਤਰ ਚਾਲ ਵਿਚ ਰੁਕਾਵਟ ਨਾ ਆਵੇ। ਹਰ ਪਲ ਨਾਲ ਭਾਵਨਾ ਜੁੜੀ ਹੁੰਦੀ ਸੀ।

ਕਹਾਣੀ ਦੇ ਮਾਹੌਲ ਵਿਚ ਦਾਖਲ ਹੋਣ ਵਿਚ ਸੁਨਉਣ ਵਾਲਾ ਇੱਕ ਗਾਇਡ ਦਾ ਕੰਮ ਕਰਦਾ ਸੀ ਤਾਂ ਕਿ ਸਰੋਤਾ ਕਹਾਣੀ ਦੀ ਬਾਦਸ਼ਾਹਤ ਵਿਚ ਅਟਕਲਾਂ ਲਾਉਣ ਲਈ ਤਿਆਰ ਰਹੇ, ਸਰੋਤੇ ਦੀਆਂ ਅਟਕਲਾਂ ਉਸਦੀ ਸਮਝ ਮੁਤਾਬਕ ਹੋ ਸਕਦੀਆਂ ਹਨ ਤੇ ਜੋ ਸਪੇਸ ਬਾਕੀ ਬਚਦਾ ਉਸਨੂੰ ਹੀ ਸੁਨਾਉਣ ਵਾਲੇ ਨੇ ਭਰਨਾ ਹੁੰਦਾ ਸੀ। ਇਹ ਅਟਕਲਾਂ ਨੂੰ ਕਦੇ ਤੋੜ ਕੇ ਤੇ

ਕਦੇ ਅਟਕਲਾਂ ਨੂੰ ਹੀ ਨਵੀ ਨੁਹਾਰ ਦੇਕੇ ਪੇਸ਼ ਕੀਤਾ ਜਾਂਦਾ ਸੀ ਤਾਂ ਕਿ ਨਰੋਈਆ ਕੀਮਤਾਂ ਨੂੰ ਸਹਿਜੇ ਹੀ ਸਮਾਜ ਵਿਚ ਉਤਾਰਿਆ ਜਾਵੇ।

ਹੋ ਰਹੀ, ਬੀਤ ਰਹੀ ਤੇ ਹੋਣੀ ਵਿਚਲਾ ਫਰਕ ਸਹਿਜੇ ਹੀ ਮੁੱਖ ਧਾਰਾ ਨਾਲ ਜੋੜਨ ਲਈ ਕਹਾਣੀ ਸੁਨਾਉਣ ਵਾਲਾ, ਆਪਣੀਆਂ ਯਾਦਾਂ, ਆਪਣੀ ਕਲਪਨਾ ਤੇ ਸੋਚ ਉਡਾਰੀ ਦਾ ਸਹਾਰਾ ਲੈਂਦਾ ਪਰ ਸੁਣਨ ਵਾਲੇ ਨੂੰ ਉਹ ਇੱਕ ਪਰੀ ਕਹਾਣੀ ਹੀ ਜਾਪਦੀ ਜੋ ਵਾਪਰ ਚੁੱਕੀ ਹੈ ਤੇ ਉਸਨੂੰ ਹੁਣ ਹੀ ਉਸਦਾ ਪਤਾ ਲਗਾ ਹੈ। ਇਹ ਹੀ ਸਿਰਜਣਾ ਦਾ ਮੁੱਢ ਸੀ ਤੇ ਕਿਸੇ ਵੀ ਕਹਾਣੀ ਸੁਨਾਉਣ ਵਾਲੇ ਦੀ ਪਛਾਣ ਉਤਨੀ ਹੀ ਗੂੜੀ ਹੁੰਦੀ ਜਿਤਨਾ ਵਧ ਉਹ ਸਰੋਤਿਆਂ ਨੂੰ ਜੋੜ ਸਕਦਾ। ਇਹ ਲੋਕ ਕਹਾਣੀ ਕਦੇ ਕਦੇ ਧੁਨੀਮਈ ਵੀ ਹੁੰਦੀ, ਸਵਰ ਉਚਾਰਨ ਲਈ ਸੂਖਮ ਅੰਤਰ ਨਾਲ ਬਰੀਕ ਬਿਆਨ ਬੀਨੀ ਕੀਤੀ ਜਾਂਦੀ। ਇਸ ਨਾਲ ਇੱਕ ਵਖਰੀ ਹੀ ਭਾਅ ਪੈਦਾ ਹੁੰਦੀ। ਚੇਹਰੇ ਦੇ ਹਾਵ ਭਾਵ ਵੀ ਬੋਲਦੇ, ਹੱਥਾਂ ਦੇ ਇਸ਼ਾਰੇ ਵੀ ਬੋਲਦੇ ਤੇ ਨਵੇ ਅਰਥ ਪੈਦਾ ਕਰਦੇ। ਤੱਸਲੀ ਦੀ ਸੰਪੂਰਨਤਾ ਦਾ ਅਧਾਰ ਰਚਨਾਤਮਕ ਸੀ। ਕਹਾਣੀ ਨੂੰ ਵਿਚਰ ਰਹੀ ਜ਼ਿੰਦਗੀ ਨਾਲ ਜੋੜਨਾ ਤੇ ਪੈਦਾ ਕੀਤੇ ਬਿੰਬਾਂ ਨੂੰ ਸਕਾਰ ਕਰਨਾ ਤੇ ਆਖਰੀ ਮਿੰਟ ਵਿਚ ਸਰੋਤਿਆ ਦੇ ਚੇਹਰੇ ਪੜ੍ਹਨਾ ਪਰਚਲਤ ਰੁਝਾਨ ਸਨ। ਇਹ ਇੱਕ ਦਿਵਸੀ, ਥੋੜ੍ਹਚਿਰੀ, ਛਿਣ ਭੰਗਰ ਤੇ ਕਲਪਿਤ ਪਾਤਰਾਂ, ਘਟਨਾਵਾਂ ਨਾਲ ਭਰਪੂਰ ਹੁੰਦੀ ਸੀ ਤੇ ਇਸ ਵਿਚ ਸਮਾਜ ਦੀ ਰਮਜ਼ ਸਮਾਈ ਹੁੰਦੀ ਸੀ। ਕਈ ਵਾਰ ਨਿਰੰਤਰ ਚਲ ਰਹੀਆਂ ਰਵਾਇਤਾਂ ਨੂੰ ਨਵਿਆਉਣ ਲਈ ਵੀ ਭੰਨ ਤੋੜ ਕੀਤੀ ਜਾਂਦੀ ਸੀ ਤਾਂ ਕਿ ਉਸਨੂੰ ਫਿਰ ਤੋਂ ਨਵੀਆਂ ਸਥਿਤੀਆਂ ਅਨੁਸਾਰ ਢਾਲਿਆ ਜਾਵੇ ਤੇ ਸਮੂਹਿਕ ਜਨ ਹਿੱਤ ਦੀ ਸੋਚ ਵਿਚ ਤਬਦੀਲੀ ਲਿਆਂਦੀ ਜਾਵੇ।

ਹੈਰਾਨੀ ਤੇ ਉਲਹਾਸ ਪੂਰਨ ਹੁੰਦੀ ਉਹ ਘੜੀ, ਜਦੋਂ ਸਰੋਤਾ ਸਮੂਹ, ਇਕਮਿਕਤਾ ਨਾਲ ਸੰਗਠਿਤ ਆਪਣੇ ਤੇਜ਼ ਤੇ ਉਖੜੇ ਸਾਹ ਸਾਂਝੇ ਕਰਦੇ ਸਨ। ਸਾਂਝੇ ਹਟਕੋਰੇ, ਹੌਂਕੇ ਲੈਣਾ, ਸਿਸਕਣਾ, ਕੁੜ੍ਹਨਾ, ਚਿੰਤਾ ਜ਼ਾਹਰ ਕਰਨੀ ਜਾਂ ਠਹਾਕੇ ਨਾਲ ਇਕਠੇ ਹਸਕੇ ਲੋਕ ਕਥਾ ਦੀ ਪਰਮਾਣਿਕਤਾ ਦਾ ਸਬੂਤ ਦਿੰਦੇ ਸਨ। ਕਈ ਵਾਰ ਤਾਂ ਇਹੋ ਜਿਹੀ ਕਹਾਣੀ ਨੂੰ ਬਾਦ ਵਿਚ ਸੰਗੀਤ ਨਾਲ ਵੀ ਜ਼ਸ਼ਨ ਮਨਾਇਆ ਜਾਂਦਾ ਸੀ ਅਸਲ ਵਿਚ ਉਹ ਕਹਾਣੀ ਨਹੀ ਸਗੋਂ ਇੱਕ ਸੋਚ ਦੇ ਸੰਚਾਰ ਦੀ ਘੜੀ ਹੁੰਦੀ ਸੀ, ਇਹ ਬਹੁਤਾ ਕਿਸੇ ਐਮਰਜੈਂਸੀ ਦਾ ਮੁਕਾਬਲਾ ਕਰਨ ਦੇ ਪਲ ਦੀ ਤਿਆਰੀ ਵੀ ਹੁੰਦੀ ਸੀ ਤੇ ਕਦੇ ਕਦੇ ਇਹ ਰਾਜੇ ਦੀ ਨੀਤੀ ਦਾ ਹਿੱਸਾ ਵੀ ਹੁੰਦੀ।

ਅੱਜ ਜੇ ਪੰਜਾਬੀ ਪਰਵਾਸੀ ਦੀ ਕਹਾਣੀ ਦੀ ਗੱਲ ਕਰੀਏ ਤਾਂ ਇਸਦੇ ਦੋ ਪੱਖ ਹਨ। ਇੱਕ ਭੂਗੋਲਿਕ ਤੌਰ ਤੇ ਰਹਿ ਰਹੇ ਪਰ ਆਪਣੇ ਅਸਲ ਨਾਲ ਜੁੜੇ ਲੇਖਕ ਦੀ ਕਹਾਣੀ ਤੇ ਦੂਜਾ ਉਹ ਲੇਖਕ ਜੋ ਡਾਇਸਪੋਰਿਕ ਨਜ਼ਰੀਏ ਤੋਂ ਕਹਾਣੀ ਨੂੰ ਸਿਰਜਦਾ ਹੈ।

ਪਹਿਲੇ ਪੱਖ ਵਿਚ ਲੇਖਕ ਜ਼ਹਿਨੀ ਤੌਰ ਤੇ ਆਪਣੇ ਸਭਿਆਚਾਰ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ ਤੇ ਉਹ ਹਰ ਬਿਰਤਾਂਤ ਨੂੰ, ਸਭਿਆਚਾਰਕ ਦ੍ਰਿਸ਼ਟੀ ਤੋਂ ਘੋਖਦਾ ਹੈ।

ਉਸਦੇ ਅਚੇਤ ਵਿਚ ਰਵਾਇਤਾਂ ਵਸੀਆਂ ਹੋਈਆ ਹਨ ਜਾਂ ਕਹਿ ਸਕਦੇ ਹਾਂ ਕਿ ਉਹ ਜਜ਼ਬਾਤੀ ਤੌਂਰ ਤੇ ਆਪਣੀ ਕਰਮ-ਭੂਮੀ ਨਾਲ ਪਰਨਾਇਆ ਹੋਇਆ ਹੈ। ਉਹ ਦੋ ਸਭਿਆਚਾਰਾਂ ਨੂੰ ਆਪਸ ਵਿਚ ਘੋਲਣ ਤੋਂ ਪ੍ਰਹੇਜ਼ ਕਰਦਾ ਹੈ। ਸੌਖੇ ਸ਼ਬਦਾਂ ਵਿਚ ਕਹਿੰਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਉਸਨੇ ਅੱਖਾਂ ਤੇ ਰਵਾਇਤੀ ਪੱਟੀ ਬੰਨ੍ਹੀ ਹੋਈ ਹੈ। ਉਹ ਬਦਲਾਵ ਦੇ ਰਾਹ ਤੇ ਤੁਰਨ ਤੋਂ ਸੰਕੋਚੀ ਹੈ। ਜਿਹੜੀ ਵੀ ਨਵੀ ਪਰਸਥਿਤੀ, ਉਸਦੀ ਰਵਾਇਤੀ ਸੋਚ ਦੇ ਵਿਰੋਧ ਵਿਚ ਖੜਦੀ ਹੈ, ਉਹ ਉਸ ਨਾਲ ਯੁੱਧ ਕਰਨ ਵਲ ਰੁਚਿਤ ਹੋ ਜਾਂਦਾ ਹੈ ਬਿਨ੍ਹਾ ਇਹ ਜਾਣਿਆ ਕਿ ਇਹ ਸੰਭਵ ਹੀ ਨਹੀ ਹੈ। ਉਹ ਆਪਣੀਆਂ ਰਵਾਇਤਾਂ ਦੇ ਮੂਲ ਵਲ ਵੀ ਝਾਤੀ ਨਹੀ ਮਾਰਨਾ ਚਾਹੁੰਦਾ। ਉਹ ਇਹ ਜਾਨਣਾ ਹੀ ਨਹੀ ਚਾਹੁੰਦਾ ਕਿ ਉਸਰੀ ਹੋਈ ਰਵਾਇਤ ਦੀ ਮਾਨਸਿਕਤਾ ਕੀ ਹੈ? ਆਪਣੇ ਬੱਚੇ ਨੂੰ ਸਵਿਮਿੰਗ ਪੂਲ ਵਿਚੋਂ ਸੁਕੇ ਕਪੜਿਆਂ ਨਾਲ ਬਾਹਰ ਆਉਂਦਾ ਕਲਪਿਤ ਕਰ ਲੈਂਦਾ ਹੈ।

ਕੈਨੇਡਾ ਦਾ ਬਚਪਨ ਅਜ਼ਾਦ ਫਿਜ਼ਾ ਵਿਚ ਪ੍ਰਵਾਨ ਚੜ੍ਹਦਾ ਹੈ ਉਹ ਬਹੁਤਾ ਸਮਾਂ ਮਲਟੀ ਕਲਚਰ ਵਿਚ ਰਹਿੰਦਾ ਹੈ ਤੇ ਉਸਦਾ ਪ੍ਰਭਾਵ ਵੀ ਕਬੂਲਦਾ ਹੈ। ਕੁਝ ਸੁਆਲ ਉਸਦੇ ਦਿਮਾਗ ਵਿਚ ਉਘੜ ਕੇ ਘਣਾ ਰੁੱਖ ਬਣ ਜਾਂਦੇ ਹਨ ਪਰ ਉਸ ਰੁਖ ਦੀ ਛਾਂ, ਸਾਡੀਆਂ ਰੂੜੀਵਾਦੀ ਰਵਾਇਤਾਂ ਦੇ ਹਾਣ ਦੀਆਂ ਨਹੀ ਹੁੰਦੀਆਂ। ਕਹਾਣੀ ਰੁਦਨ ਪੈਦਾ ਕਰਦੀ ਹੈ ਤੇ ਉਸ ਵਿਚੋਂ ਬੱਚੇ ਦੀ ਮਾਨਸਿਕਤਾ, ਉਸਨਾਲ ਰਚਾਇਆ ਸੰਵਾਦ, ਗੈਰ ਹਾਜ਼ਰ ਹੁੰਦਾ ਹੈ। ਇਹ ਗੈਰ ਹਾਜ਼ਰੀ ਨਵੇਂ ਤਨਾਵਾਂ ਨੂੰ ਜਨਮ ਦੇਣ ਵਿਚ ਸਹਾਈ ਹੁੰਦੀ ਹੈ। ਕਥਿਤ ਪਰਵਾਸੀ ਕਹਾਣੀਆਂ ਦੀਆਂ ਬਹੁਤ ਉਦਾਹਰਣਾਂ ਹਨ ਪਰ ਉਨ੍ਹਾਂ ਦਾ ਜ਼ਿਕਰ ਕਰਨਾ, ਇਸ ਲੇਖ ਦਾ ਮਕਸਦ ਨਹੀ ਹੈ।

ਦੂਜੇ ਪਾਸੇ ਕਹਾਣੀ ਲੇਖਕਾਂ ਦਾ ਉਹ ਸਕੂਲ ਹੈ ਜੋ ਡਾਇਸਪੋਰਿਕ ਦ੍ਰਿਸ਼ਟੀ ਤੋਂ ਕਹਾਣੀ ਨੂੰ ਲਿਖਦੇ ਹਨ। ਉਹ ਪੈਦਾ ਹੋਏ ਤਨਾਵਾਂ ਨੂੰ ਨਵੀ ਦ੍ਰਿਸ਼ਟੀ ਨਾਲ ਵੇਖਦੇ ਹਨ। ਆਪਣੇ ਲੋਕਾਂ ਲਈ ਨਵੀ ਖਿੜਕ ਖੋਲਦੇ ਹਨ। ਇਸ ਕਾਰਜ ਲਈ ਉਨ੍ਹਾ ਨੂੰ ਕਈ ਵਾਰੀ ਵਿਰੋਧ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਯਕੀਨ ਵਾਲੀ ਗੱਲ ਤੇ ਇਹ ਹੈ ਕਿ ਅਸੀਂ ਸਿਰਫ ਆਪਣੇ ਵਾਸਤੇ ਹੀ ਲਿਖਦੇ ਹਾਂ। ਸਾਡੇ ਜ਼ਹਿਨ ਵਿਚ ਨਵੀਂ ਪੀੜ੍ਹੀ ਹੁੰਦੀ ਹੀ ਨਹੀ ਹੈ। ਇਹੋ ਜਿਹਾ ਰੁਝਾਨ ਵੀ ਵੇਖਣ ਨੂੰ ਨਹੀ ਮਿਲਿਆ ਕਿ ਨਵੀਂ ਪੀੜ੍ਹੀ ਸਾਡੇ ਰਚੇ ਜਾ ਰਹੇ ਸਾਹਿਤ ਨਾਲ ਜੁੜੀ ਹੋਈ ਹੈ ਪਰ ਇਹ ਕੋਈ ਫਿਕਰ ਵਾਲੀ ਗੱਲ ਨਹੀ ਹੈ, ਅਕਸਰ ਆਪਣੇ ਸਮਕਾਲੀ ਲੋਕਾਈ ਨੂੰ ਨਵੇ ਦਿੱਸਹਿਦੇ ਵੀ ਉਤਨੇ ਹੀ ਜ਼ਰੂਰੀ ਹਨ। ਇਸਦਾ ਵਡਾ ਫਾਇਦਾ ਹੈ ਕਿ ਜੇ ਉਹ ਆਪਣੀ ਜੀਵਨ - ਜਾਚ ਵਿਚ ਬਣਦੀ ਸਰਦੀ ਤਬਦੀਲੀ ਕਰ ਲੈਣ ਤਾਂ ਸਾਹਿਤ ਲਈ ਇੱਕ ਸ਼ੁਭ ਸ਼ਗਨ ਹੈ। ਸਾਡੀ ਜੀਵਨ- ਜਾਚ ਹੀ ਨਵੀ ਪੀੜ੍ਹੀ ਨੂੰ ਸਾਡੇ ਨਾਲ ਜੋੜਨ ਵਿਚ ਸਹਾਈ ਹੋ ਸਕਦੀ ਹੈ। ਉਨ੍ਹਾਂ ਨਾਲ ਸੰਵਾਦ ਰਚਾਇਆ ਜਾ ਸਕਦਾ ਹੈ ਜੇ ਅਸੀਂ ਆਪਣੇ ਆਲੇ ਦੁਆਲੇ ਨਾਲ ਜਗਿਆਸਾ

ਪੈਦਾ ਕਰ ਲਵਾਂਗੇ। ਐਸਾ ਨਾ ਕਰਨ ਦੀ ਸੂਰਤ ਵਿਚ ਅਸੀਂ ਸਿਰਫ ਇਹ ਹੀ ਸੁਨੇਹਾ ਦੇ ਰਹੇ ਹੋਵਾਂਗੇ ਕਿ ਕਿਹੋ ਜਿਹੇ ਤਨਾਵ ਹਨ ਜੋ ਆਣ ਵਾਲੇ ਇੰਮੀਗਰੈਂਟ ਨੂੰ ਝਲਣੇ ਪੈ ਸਕਦੇ ਹਨ, ਉਹ ਪਹਿਲਾਂ ਹੀ ਸੋਚ ਕੇ ਇਧਰ ਨੂੰ ਮੂੰਹ ਕਰਨ।

ਜਿੱਥੋਂ ਤੱਕ ਵਿਅਕਤੀਗਤ ਕਹਾਣੀ ਨੂੰ ਸਿਰਜਣ ਦਾ ਕਾਰਜ ਹੈ ਤੇ ਉਸ ਵਿਚ ਰੌਚਿਕਤਾ ਲਿਆਉਣੀ ਹੈ ਤਾਂ ਇਹ ਇਕ ਦਿਲਚਸਪ ਵਰਤਾਰਾ, ਸਭ ਪ੍ਰਵਾਸੀ ਲੇਖਕਾਂ ਦਾ ਆਪੋ ਆਪਣਾ ਰੁਝਾਨ ਹੈ। ਇੱਕ ਗੱਲ ਤੇ ਸਰਬ ਸਾਂਝੀ ਹੋਣੀ ਚਾਹੀਦੀ ਹੈ ਕਿ ਪਾਠਕ ਨੂੰ ਸੇਧਿਤ ਹੋਵੇ। ਕਹਾਣੀ ਦੀ ਰੂਪ ਰੇਖਾ ਤਿਆਰ ਕਰਦਿਆਂ, ਕੁਝ ਜ਼ਰੂਰੀ ਗੱਲਾਂ ਦਾ ਧਿਆਨ ਤਾਂ ਰਖਣਾ ਹੀ ਪੈਣਾ ਹੈ ਤੇ ਉਸ ਵਿਚ ਸਭਤੋਂ ਜ਼ਰੂਰੀ ਹੈ ਕਿ ਕੀ ਅਸੀਂ ਵਾਕਿਆ ਹੀ ਪ੍ਰਵਾਸੀ ਕਹਾਣੀ ਲਿਖ ਰਹੇ ਹਾਂ ਜਾਂ ਆਪਣੇ ਬੀਤੇ ਨੂੰ ਯਾਦ ਕਰਕੇ ਰੁਦਨ ਕਰ ਰਹੇ ਹਾਂ। ਕਿਸੇ ਵੀ ਕਹਾਣੀ ਨਾਲ ਵਰਤਾਅ ਕਰਦਿਆਂ, ਲੇਖਕ ਨੂੰ ਚਾਹੀਦਾ ਹੈ ਕਿ ਉਹ ਵਰਤਮਾਨ ਭੂਗੋਲਿਕ ਸਮਾਜ ਦੀਆ ਪਰਸਥਿਤੀਆ ਨੂੰ ਸਮਝਕੇ ਆਪਣੀ ਦ੍ਰਿਸ਼ਟੀ ਦਾ ਰੌਚਿਕਤਾ ਨਾਲ ਮੂਲ ਅੰਕਣ ਕਰੇ। ਇਸਦੀ ਅਣਹੋਂਦ ਨਾਲ ਕਹਾਣੀ ਪ੍ਰਵਾਸੀ ਕਹਾਣੀ ਨਹੀ ਬਣ ਸਕਦੀ ਹਾਂ ਕਹਾਣੀ ਰੌਚਿਕ, ਬਹੁ-ਪਸਾਰੀ ਤੇ ਪ੍ਰਵਾਨਿਤ ਹੋਣ ਦੀਆਂ ਤੇ ਲੀਹਾਂ ਤੇ ਆ ਸਕਦੀ ਹੈ ਪਰ ਪ੍ਰਵਾਸੀ ਕਹਾਣੀ ਲਈ ਸਿਰਫ ਉਸ ਖਿੱਤੇ ਵਿਚ ਰਹਿਕੇ ਲਿਖਣਾ ਹੀ ਕਾਫੀ ਨਹੀ ਹੈ। ਮਾਇਕਲ ਲਿਖਣ ਨਾਲ ਕਿਸੇ ਪੰਜਾਬੀ ਪਾਤਰ ਨੇ ਗੋਰਾ ਨਹੀ ਬਣ ਜਾਣਾ।

ਜਦੋਂ ਕਹਾਣੀ ਸਿਰਜੀ ਜਾਂਦੀ ਹੈ ਤੇ ਘਟਨਾਵਾਂ ਦੀ ਰੋਚਿਕਤਾ ਦਾ ਦ੍ਰਿਸ਼ਟੀ ਨਾਲ ਸਮਰਥਨ ਕੀਤਾ ਜਾਂਦਾ ਹੈ ਤਾਂ ਨਿਸਚਿਤ ਰੂਪ ਵਿਚ ਲੇਖਕ ਆਪਣੀ ਸੋਚੀ ਹੋਈ ਗੱਲ ਦੀ ਪ੍ਰੋੜਤਾ ਕਰਦਾ ਹੈ।

ਕਲਪਨਾ ਉਡਾਰੀ ਬੇਬਾਕ ਹੀ ਨਹੀ ਹੁੰਦੀ ਸਗੋਂ ਇੱਕ ਸੰਦ ਵੀ ਹੈ ਦੋ ਬਿੰਬਾਂ ਨੂੰ ਉਸਾਰਕੇ ਉਨ੍ਹਾਂ ਨੂੰ ਸਮੀਪਤਾ ਵਿਚ ਲਿਆ ਕੇ ਵਿਰੋਧ ਪੈਦਾ ਕਰਨਾ ਜਾਂ ਪੈਦਾ ਹੋਏ ਵਿਰੋਧ ਨੂੰ ਸਮਰੂਪਤਾ ਦੇਣਾ ਹੈ। ਇੱਕ ਵਾਰ ਹੀ ਆਏ ਵਿਚਾਰਾਂ ਦਾ ਪ੍ਰਵਾਹ ਸ਼ਬਦਾਂ ਰਾਹੀ ਜੜ੍ਹੇ ਜਾਂਦੇ ਹਨ ਤੇ ਇਹ ਉਸ ਸਮਾਜ ਦੀ ਪ੍ਰਤਿਨਿਧਤਾ ਕਰਦੇ ਹਨ ਜਿਸ ਸਮਾਜ ਵਿਚ ਲੇਖਕ ਰਹਿ ਰਿਹਾ ਹੁੰਦਾ ਹੈ। ਆਪਣੀਆ ਕੀਮਤਾਂ ਜੋ ਉਸਦੇ ਹਿਰਦੇ ਵਿਚ ਵਸੀਆਂ ਹੁੰਦੀਆਂ ਹਨ, ਉਨ੍ਹਾਂ ਦਾ ਸਵਰੂਪ ਵੀ ਉਸਦੀ ਸੋਚ ਤੇ ਨਿਰਭਰ ਕਰਦਾ ਹੈ। ਉਸਦੇ ਸਾਹਮਣੇ ਦੋ ਵਿਕਲਪ ਹੁੰਦੇ ਹਨ ਕੀ ਉਸਨੇ ਆਪਣੀਆਂ ਕੀਮਤਾਂ ਨਾਲ ਆਸੇ ਪਾਸੇ ਦੇ ਪ੍ਰਸੰਗ ਨੂੰ ਮਾਪਣਾ ਹੈ ਜਾਂ ਆਸੇ ਪਾਸੇ ਦੇ ਪ੍ਰਸੰਗ ਨੂੰ ਆਪਣੀਆ ਕੀਮਤਾਂ ਵਿਚ ਜਗ੍ਹਾ ਦੇਣੀ ਹੈ। ਆਪੋ ਆਪਣੀ ਜਗ੍ਹਾ ਦੋਵਾਂ ਦੀ ਆਪਣੀ ਹੀ ਸੋਚ ਹੈ। ਸਭਿਆਚਾਰਕ ਰਵਾਇਤਾਂ, ਜੋ ਕਿਰ ਰਹੀਆਂ ਹਨ ਤੇ ਲੇਖਕ ਉਸ ਲਈ ਚਿੰਤਤ ਹੈ ਤਾਂ ਨਿਸਚੈ ਹੀ ਆਪਣੀ ਰਚਨਾ ਰਾਹੀਂ, ਨਾਂਹ ਪੱਖੀ ਤਬਦੀਲੀ ਦੀ ਗੱਤੀ ਨੂੰ ਧੀਮੀ ਕਰ ਸਕਦਾ ਹੈ। ਪਰ ਮਸਲਾ ਇਹ ਨਹੀ ਕਿ ਰਫਤਾਰ ਧੀਮੀ ਕਰਨ ਨਾਲ ਕੋਈ ਹੱਲ ਨਿਕਲ

ਆਵੇਗਾ। ਕੁਝ ਸਮੇਂ ਲਈ ਉਸਨੂੰ ਅੱਗੇ ਤੇ ਪਾਇਆ ਜਾ ਸਕਦਾ ਹੈ ਪਰ ਨਿਕਾਰਿਆ ਨਹੀ ਜਾ ਸਕਦਾ।

ਇੱਕ ਦੂਜੇ ਵਿਚ ਰਲਗਡ ਹੋਣ ਨਾਲ ਤਨਾਵ ਤੇ ਪੈਦਾ ਹੋਵੇਗਾ ਹੀ ਪਰ ਸੰਵੇਦਨਾ ਦਾ ਨੁਕਸਾਨ ਜ਼ਰੂਰ ਹੋ ਜਾਵੇਗਾ। ਇਸਤਰ੍ਹਾਂ ਕੀਤਿਆਂ ਆਪ ਮੁਹਾਰੇ ਹੀ ਅਸੀਂ ਉਨ੍ਹਾਂ ਹੀ ਰਵਾਇਤਾਂ ਦਾ ਨੁਕਸਾਨ ਕਰ ਰਹੇ ਹੋਵਾਂਗੇ ਜਿਨ੍ਹਾਂ ਵਿਚ ਸਾਡੀ ਸ਼ਰਧਾ ਹੈ। ਇੱਥੇ ਇਹ ਗੱਲ ਕਰਨੀ ਵੀ ਮੁਨਾਸਿਬ ਹੈ ਕਿ ਰਵਾਇਤਾਂ ਨੂੰ ਤੋੜਣਾ ਕੋਈ ਹਲ ਨਹੀ ਸਗੋਂ ਸਭਿਆਚਾਰਕ ਨੁਕਸਾਨ ਹੈ ਪਰ ਲੋੜ ਰਵਾਇਤਾਂ ਨੂੰ ਨਵਿਉਅਣ ਦੀ ਹੈ। ਧੀਮੀ ਗਤੀ ਵਿਚ ਹੋ ਰਹੀ ਘੁਸਰ ਮੁਸਰ ਨੂੰ ਜਿਹੜਾ ਸਮਾਜ ਵੀ ਨਿਕਾਰੇਗਾ, ਉਹ ਆਪਣਾ ਹੀ ਨੁਕਸਾਨ ਕਰ ਰਿਹਾ ਹੋਵੇਗਾ ਤੇ ਸਾਹਿਤ ਦੀਆਂ ਵਿਧਾਵਾਂ ਦਾ ਹਾਂ ਪੱਖੀ ਰੋਲ, ਐਸੇ ਨੁਕਸਾਨ ਨੂੰ ਰੋਕਣਾ ਜਾਂ ਘੱਟ ਕਰਨਾ ਹੋਣਾ ਚਾਹੀਦਾ ਹੈ। ਸੂਚਨਾਵਾਂ, ਸੁਝਾਅ, ਭਰਮ, ਦੂਰ ਦ੍ਰਿਸ਼ਟੀ ਤੇ ਕਲਪਨਾ ਕਿਸੇ ਵੀ ਕਹਾਣੀ ਦਾ ਮੂਲ ਸਰੋਤ ਹੋਣਾ ਚਾਹੀਦਾ ਹੈ। ਇੱਥੇ ਇਹ ਵੀ ਵਿਚਾਰਿਆ ਜਾ ਸਕਦਾ ਹੈ ਕਿ ਸਾਹਿਤ ਦੀ ਅਸਲ ਵਿਚ ਪ੍ਰਿਭਾਸ਼ਾ ਹੀ ਕੀ ਹੈ?

ਸਾਹਿਤ ਨੂੰ ਕਿਵੇਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ, ਸਤਹੀ ਤੌਰ ਤੇ ਲਗਦਾ ਹੈ ਕਿ ਇਹ ਇੱਕ ਵਖਰਾ ਵਿਸ਼ਾ ਹੈ ਪਰ ਅਸਲ ਵਿਚ ਪ੍ਰਵਾਸੀ ਕਹਾਣੀ ਦੀ ਗੱਲ ਕਰਨ ਲਈ ਇਸਦਾ ਉਪਰਾ ਜਿਹਾ ਜ਼ਿਕਰ ਕਰਨਾ ਬਣਦਾ ਹੈ ਤਾਂ ਕਿ ਮਸਲੇ ਦੀ ਜੜ੍ਹ ਨੂੰ ਸਮਝਿਆ ਜਾ ਸਕੇ।

ਅਸੀਂ ਸਾਹਿਤ ਕਿਉਂ ਪੜ੍ਹਦੇ ਹਾਂ?-ਸਾਹਿਤ ਬੋਲੇ ਤੇ ਪੜੇ ਜਾਣ ਵਾਲੀ ਉਹ ਸਮਗਰੀ ਹੈ ਜੋ ਰਚਨਾਤਮਿਕ ਲਿਖਤ ਕਹਾਉਂਦੀ ਹੈ ਜੋ ਸਮਾਜ ਵਿਚ ਵਰਤੇ ਜਾ ਰਹੇ ਸੁਭਾਅ ਤੋਂ ਵਧ ਕੁਝ ਐਸਾ ਹੁੰਦਾ ਹੈ ਜੋ ਹਾਂ ਪੱਖੀ ਤੇ ਨਰੋਇਆ ਸੁਝਾਉਂਦਾ ਹੋਵੇ, ਜਿਸ ਵਿਚ ਚੰਗੀ ਸੋਚ ਦੀ ਕਲਪਨਾ ਹੋਵੇ ਤੇ ਇਹ ਕਲਪਨਾ ਜ਼ਰੂਰੀ ਨਹੀ ਕਿਸੇ ਵਿਧਾ ਵਿਚ ਹੀ ਸਮਾਈ ਹੋਵੇ ਜਿਵੇਂ ਕਹਾਣੀ, ਕਵਿਤਾ, ਡਰਾਮਾ, ਕਲਪਿਤ ਜਾਂ ਹਕੀਕੀ, ਪਰ ਇਨ੍ਹਾ ਚੰਗੀਆ ਗਲਾਂ ਦਾ ਪਰਵਾਹ ਵਿਧਾਵਾਂ ਵਿਚ ਹੀ ਚਲਦਾ ਹੈ। ਇਸ ਲਈ ਵਿਧਾਵਾਂ ਨੂੰ ਸਾਹਿਤ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਅਣਲਿਖਿਆ ਵੀ ਸਾਹਿਤ ਹੋ ਸਕਦਾ ਹੈ ਪਰ ਵਿਧਾਵਾਂ ਹੀ ਪ੍ਰਵਾਨਿਤ ਹਨ।

ਸਾਹਿਤ ਜ਼ਬਾਨ ਦੀ ਪ੍ਰਤੀਨਿਧਤਾ ਕਰਦਾ ਹੈ, ਸਥਾਨਕ ਲੋਕਾਂ ਦੇ ਸਭਿਆਚਾਰ ਤੇ ਰਵਾਇਤਾਂ ਦੀ ਗੱਲ ਕਰਦਾ ਹੈ। ਪਰ ਨਾਲ ਇਹ ਵੀ ਹੈ ਕਿ ਸਾਹਿਤ, ਇਤਿਹਾਸ ਤੇ ਸਭਿਆਚਾਰਕ ਇਤਿਹਾਸਕ ਕਲਾ-ਕਿਰਤ ਨਾਲੋਂ ਜ਼ਿਆਦਾ ਮਹਤਵ ਵਾਲਾ ਹੈ। ਸਾਹਿਤ ਹੀ ਸਾਨੂੰ, ਦੁਨੀਆ ਦੇ ਨਵੇਂ ਨਵੇਂ ਤਜ਼ਰਬਿਆਂ ਬਾਰੇ ਦਸਦਾ ਹੈ। ਅਸੀਂ ਨਵੀਆਂ ਕਿਤਾਬਾਂ ਦੇ ਸਨਮੁੱਖ ਹੋਕੇ, ਸੇਧ ਲੈਂਦੇ ਹੋਏ ਆਪਣੀਆ ਰਵਾਇਤਾਂ ਤੇ ਜੀਵਨ- ਜਾਚ ਨੂੰ ਸਮੇ ਦੇ ਹਾਣ ਦਾ ਬਣਾਉਂਦੇ ਹਾਂ। ਇਹ ਵਿਕਾਸ ਹੀ ਸਾਡੀਆਂ ਰਵਾਇਤਾਂ ਤੇ ਜੀਵਨ- ਜਾਚ ਨੂੰ ਬਚਾਉਣ ਵਿਚ

ਸਹਾਈ ਹੁੰਦਾ ਹੈ। ਇਸਤੋਂ ਬਿਨ੍ਹਾਂ ਤਾਂ ਵੇਲਾ ਵਿਹਾ ਚੁੱਕੀਆਂ ਰਵਾਇਤਾਂ ਅਸਲੋਂ ਹੀ ਟੁਟ ਜਾਣਗੀਆਂ। ਉਨ੍ਹਾਂ ਨੂੰ ਬਚਾਉਣ ਲਈ ਸਭਤੋਂ ਉਤਮ ਸਾਹਿਤ ਹੀ ਹੈ।

ਸੌਖੇ ਸ਼ਬਦਾਂ ਵਿਚ ਸਰਲ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਸਾਹਿਤ- ਜੋ ਹੋ ਰਿਹਾ ਹੈ ਤੇ ਜੋ ਹੋਣਾ ਚਾਹੀਦਾ ਹੈ ਦੇ ਵਿਚਾਲੇ ਪੁਲ ਦਾ ਕੰਮ ਕਰਦਾ ਹੈ।

ਇਸੇ ਅਧਾਰ ਤੇ ਹੀ, ਅਸੀਂ ਇਹ ਵੇਖ ਸਕਦੇ ਹਾਂ ਕਿ ਕਿਸੇ ਵਿਧਾ ਦਾ ਰਚਨ-ਘਾੜਾ ਕਹਿ ਕੀ ਰਿਹਾ ਹੈ? ਕੀ ਉਹ ਆਪਣਾ ਸੁਨੇਹਾ ਲੋਕਾਂ ਤੱਕ ਪਹੁੰਚਾ ਰਿਹਾ ਹੈ? ਉਸ ਸੁਨੇਹੇ ਦੀ ਸਮਾਜ ਨਾਲ ਕਿਤਨੀ ਕੁ ਅਨੁਕੂਲਤਾ ਹੈ ਤੇ ਉਸਦਾ ਅਧਾਰ ਕੀ ਹੈ? ਕੀ ਆਉਣ ਵਾਲੇ ਸਮੇ ਵਿਚ ਉਹ ਰਚਨਾ, ਕਿਸੇ ਤਬਦੀਲੀ ਵਿਚ ਆਪਣੀ ਬੂੰਦ ਘੋਲ ਸਕੇਗੀ?

ਸਾਹਿਤਕ ਹਲਕਿਆਂ ਵਿਚ ਕਿਸੇ ਵੀ ਐਸੇ ਲਿਖਤ ਦਾ ਉਤਸ਼ਾਹ ਤਾਂ ਹੀ ਬਣੇਗਾ ਜੇ ਫੌਰੀ ਲੋੜ ਦੇ ਅਨੁਸਾਰ ਹੋਵੇ ਤੇ ਬੁਧੀਜੀਵੀ ਇਨ੍ਹਾ ਦੇ ਅਧਾਰਾਂ ਨੂੰ ਸਿਧਾਤਾਂ ਵਿਚ ਬਦਲ ਸਕਦੇ ਹਨ। ਇਹ ਸਿਧਾਂਤ ਮਿਥਿਹਾਸਕ ਅਧਿਅਨ, ਸਮਾਜ ਸ਼ਾਸਤਰ, ਮਨੋਵਿਗਿਆਨ, ਇਤਿਹਾਸਕ ਤੇ ਕੁਝ ਹੋਰਾਂ ਲਈ ਲਾਹੇਵੰਦ ਹੋ ਸਕਦੇ ਹਨ।

ਜਿਹੜੀਆਂ ਆਲੋਚਨਾਤਮਿਕ ਮਿਸਾਲਾਂ ਦਾ ਜ਼ਿਕਰ ਕੀਤਾ ਜਾਂਦਾ ਹੈ, ਅਸੀਂ ਉਨ੍ਹਾ ਤੇ ਸੰਵਾਦ ਕਰਨ ਲਈ ਤੇ ਮਸਲੇ ਦਾ ਵਿਸ਼ਲੇਸ਼ਣ ਕਰਨ ਲਈ ਉਤਮ ਰਚੇ ਜਾ ਰਹੇ ਸਾਹਿਤ ਨੂੰ ਬੁਨਿਆਦ ਬਣਾ ਸਕਦੇ ਹਾਂ। ਸਾਹਿਤ ਸਾਡੇ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਨਾਲ ਗੱਲਾਂ ਕਰਦਾ ਹੈ, ਇਹ ਸਰਬ ਵਿਆਪਕ ਹੈ ਤੇ ਇਸਦਾ ਸਾਡੇ ਤੇ ਗੂੜਾ ਪ੍ਰਭਾਵ ਪੈਂਦਾ ਹੈ। ਅਸਲ ਵਿਚ ਸਾਹਿਤ ਸੁੰਦਰਮ ਹੈ।

ਮੰਗੋਲੀਆ ਦੀ ਇੱਕ ਕਾਵਿ ਟੁਕੜੀ ਹੈ ਜਿਸਦਾ ਭਾਵ ਕੁਝ ਇਸਤਰਾਂ ਹੈ-

ਕੋਈ ਵੀ ਇਨਸਾਨ ਹਜ਼ਾਰ ਸਾਲ ਦਾ ਨਹੀ ਹੋ ਸਕਦਾ
ਪਰ ਸ਼ਬਦ ਹਜ਼ਾਰ ਸਾਲ ਦਾ ਹੋ ਸਕਦਾ ਹੈ।

ਸਾਹਿਤ ਦੀ ਵਿਆਖਿਆ ਲਈ ਕੁਝ ਹਵਾਲੇ, ਹੈਦਰ ਫੋਰਸਟ, ਪੀ ਐਚ, ਡੀ ਦੀ ਸਾਈਟ ਤੋਂ ਲਏ ਗਏ ਹਨ। ਵਿਜ਼ਟ ਕਰਨ ਲਈ ਸਾਈਟ ਹੈ
( heather@storyarts.org, heatherforest.com)

## 31

# ਬਲੈਕ ਫਰਾਈਡੇ

ਬਲੈਕ ਫਰਾਇਡੇ ਅਮਰੀਕਾ ਵਿਚ ਥੈਂਕਸ ਗਿਵਿੰਗ ਦੇ ਅਗਲੇ ਦਿਨ ਹੁੰਦਾ ਹੈ, ਇਹ ਆਮ ਤੌਰ ਤੇ ਕਰਿਸਮਿਸ ਦੀ ਖਰੀਦਦਾਰੀ ਦੀ ਵਿਧੀ-ਬੰਦ ਸ਼ੁਰੂਆਤ ਹੁੰਦੀ ਹੈ। ਇਹ ਵੇਖੋ

ਵੇਖੀ ਕੈਨੇਡਾ ਸਮੇਤ ਹੋਰ ਦੇਸ਼ਾਂ ਵਿਚ ਵੀ ਪ੍ਰਚਲਤ ਹੋ ਰਿਹਾ ਹੈ। ਇਸ ਦਿਨ ਕਈ ਦੁਕਾਨਦਾਰ ਆਪਣੀਆਂ ਹੱਟੀਆਂ ਬਹੁਤ ਜਲਦੀ ਖੋਲ੍ਹ ਲੈਂਦੇ ਹਨ, ਸਵੇਰੇ ਚਾਰ ਵਜੇ ਹੀ ਕਈ ਜਗ੍ਹਾ ਇਸਦਾ ਬਿਗਲ ਵੱਜ ਜਾਂਦਾ ਹੈ ਤੇ ਲੋਕ ਰਾਤ ਤੋਂ ਹੀ ਲਾਇਨਾਂ ਬਣਾਕੇ ਖਲੋ ਜਾਂਦੇ ਹਨ।

ਅਸਲ ਵਿਚ ਇਹ ਕੋਈ ਛੁਟੀ ਦਾ ਦਿਨ ਨਹੀ ਹੁੰਦਾ ਫਿਰ ਵੀ ਬਹੁਤ ਸਾਰੇ ਮਾਲਕ ਆਪਣਿਆਂ ਕਾਮਿਆਂ ਨੂੰ ਛੁਟੀ ਦੇ ਦਿੰਦੇ ਹਨ। ਜਿਸ ਨਾਲ ਖਰੀਦਦਾਰੀ ਦੀ ਸੰਖਿਆ ਹੋਰ ਵੀ ਵਧ ਜਾਂਦੀ ਹੈ। **2005** ਤੋਂ ਬਾਦ ਇਹ ਨਿਰੰਤਰ ਸਾਲ ਦਾ ਸਭਤੋਂ ਵਿਅਸਤ ਦਿਨ ਰਿਹਾ ਹੈ ਪਰ ਇਹ ਤੱਤ ਠੀਕ ਨਹੀ ਹੈ ਇਸਤੋਂ ਪਹਿਲਾਂ ਵੀ ਇਹ ਦਿਨ ਖਰੀਦਾਰੀ ਲਈ ਸਾਲ ਦਾ ਸਭਤੋਂ ਰੁਝਾ ਹੋਇਆ ਦਿਨ ਰਿਹਾ ਹੈ।

ਬਲੈਕ ਫਰਾਇਡੇ ਦਾ ਨਾਮਕਰਣ ਫਿਲੋਡੈਲਫੀਆ ਤੋਂ ਹੋਇਆ ਸੀ ਜਿੱਥੇ ਮੂਲ ਰੂਪ ਵਿਚ ਥੈਂਕਸ ਗਿਵਿੰਗ ਦੇ ਅਗਲੇ ਦਿਨ, ਪੈਦਲ ਚਲਣ ਵਾਲੇ ਤੇ ਵਾਹਨਾਂ ਦੇ ਭਾਰੀ ਟਰੈਫਿਕ ਦਾ ਵਰਣਨ ਕਰਨ ਲਈ ਇਸਨੂੰ ਬਲੈਕ ਫਰਾਇਡੇ ਦਾ ਦਿਨ ਕਿਹਾ ਜਾਣ ਲੱਗ ਪਿਆ। ਇਸ ਦੀ ਸ਼ੁਰੂਆਤ **1966** ਵਿਚ ਹੋਈ ਤੇ ਫੈਲਾਡਾਲਫੀਆ ਤੋਂ ਬਾਹਰ ਇਸਦਾ ਵਿਆਪਕ ਪ੍ਰਯੋਗ **1975** ਦੇ ਆਸ ਪਾਸ ਸੁਰੂ ਹੋ ਗਿਆ ਸੀ।

ਇਸਦੇ ਸੰਦਰਭ ਵੇਖਣੇ ਹੋਣ ਤਾਂ ਮੀਡੀਆ ਨੇ ਇਸਦਾ ਜੋਰਦਾਰ ਢੰਗ ਨਾਲ ਪ੍ਰਚਾਰ ਕੀਤਾ ਹੈ ਤੇ ਲੋਕ ਦਿਲਾਂ ਵਿਚ ਇਹ ਬੈਠਾ ਦਿੱਤਾ ਹੈ ਕਿ ਇਸ ਦਿਨ ਸ਼ਾਪਿੰਗ 'ਲੁਟ ਦੇ ਮਾਲ' ਵਾਂਗ ਹੈ।

ਇਸਦੀ ਪ੍ਰਸਿਧੀ ਦੇ ਕਈ ਕਾਰਣ ਹਨ। ਕਰਿਸਮਿਸ ਤੋਂ ਪਹਿਲਾਂ ਆਖਰੀ ਛੁਟੀ ਥੈਂਕਸ ਗਿਵਿੰਗ ਦੀ ਹੈ ਤੇ ਨਾਲ ਹੀ ਬਲੈਕ ਫਰਾਇਡੇ ਜੋੜ ਦਿੱਤਾ ਗਿਆ। ਇਹ ਧਨਾਢ ਵਿਉਪਾਰੀ ਦੇ ਦਿਮਾਗ ਦੀ ਉਪਜ਼ ਵੀ ਸਮਝਿਆ ਜਾ ਸਕਦਾ ਹੈ। ਉਸ ਦਿਨ ਸਟੋਰਾਂ ਦੇ ਖੁਲਣ ਦੇ ਘੰਟੇ ਵਧ ਜਾਂਦੇ ਹਨ ਤੇ ਅਕਸਰ ਸਵੇਰੇ ਚਾਰ ਵਜੇ ਤੋਂ ਹੀ ਖੁਲ੍ਹ ਜਾਂਦੇ ਹਨ।

ਕੈਨੇਡਾ ਤੋਂ ਬਹੁਤ ਸਾਰੇ ਖਰੀਦਾਰ ਉਸ ਦਿਨ ਬਾਰਡਰ ਪਾਰ ਜਾਂਦੇ ਹਨ, ਇਸ ਰੁਝਾਨ ਨੂੰ ਹੋਰ ਵਧਾਉਣ ਲਈ ਇੱਕ ਪ੍ਰਚਾਰ ਫਰੇਮ ਚਲਾਇਆ ਜਾਂਦਾ ਹੈ।

## ਇਸ ਸ਼ਬਦ ਦਾ ਨਾਮ ਕਰਣ

ਇਸ ਨੂੰ ਪ੍ਰਮੁਖਤਾ ਨਾਲ ਅਮਰੀਕਾ ਦੇ **1869** ਦੇ ਮੰਦਵਾੜੇ ਨਾਲ ਜੋੜ ਕੇ ਵੇਖਿਆ ਜਾਂਦਾ ਹੈ।

ਜਨਵਰੀ **1966**-ਬਲੈਕ ਫਰਾਈਡੇ ਉਹ ਨਾਮ ਹੈ ਜਿਸਨੂੰ ਫਿਲਾਡੈਲਫੀਆ ਦੇ ਪੁਲੀਸ ਮਹਿਕਮੇ ਨੇ ਥੈਂਕਸ ਗਿਵਿੰਗ ਡੇ ਦੇ ਬਾਦ ਆਉਣ ਵਾਲੇ ਸ਼ੁਕਰਵਾਰ ਨੂੰ ਦਿੱਤਾ ਸੀ। ਇਹ ਉਨ੍ਹਾਂ ਦਾ ਕੋਈ ਪ੍ਰੇਮ ਪਿਆਰ ਨਾਲ ਦਿੱਤਾ ਹੋਇਆ ਸ਼ਬਦ ਨਹੀ ਹੈ। 'ਬਲੈਕ ਫਰਾਇਡੇ' ਸ਼ਹਿਰ ਦੇ ਕੇਂਦਰ ਵਿਚ ਕਰਿਸਮਿਸ ਦੀ ਖਰੀਦਾਰੀ ਦੇ ਮੌਕੇ ਅਧਿਕਾਰਕ ਤੌਰ ਤੇ ਸ਼ੁਰੂਆਤ

ਕਰਦਾ ਹੈ ਤੇ ਇਸ ਨਾਲ ਆਮ ਤੌਰ ਤੇ ਭਾਰੀ ਟਰੈਫਿਕ ਜਾਮ, ਫੁਟਪਾਥਾਂ ਤੇ ਬਹੁਤ ਸਾਰੀ ਭੀੜ ਲੈ ਕੇ ਆਉਂਦਾ ਹੈ, ਜਦੋਂ ਸ਼ਹਿਰ ਦੇ ਵਪਾਰਿਕ ਕੇਂਦਰ ਸਵੇਰ ਤੋਂ ਰਾਤ ਤੱਕ ਖਚਾ ਖਚ ਭਰੇ ਰਹਿੰਦੇ ਹਨ।

ਇਸ ਸ਼ਬਦ ਦਾ ਵਿਆਪਕ ਵਿਸਥਾਰ 1975 ਦੇ ਆਸ ਪਾਸ ਹੋਣਾ ਸ਼ੁਰੂ ਹੋ ਗਿਆ ਸੀ।

29 ਨਵੰਬਰ 1975 ਨੂੰ ਦੋ ਅਖਬਾਰਾਂ ਵਿਚ ਛਪੇ ਆਰਟੀਕਲ ਛਪੇ ਸਨ, ਦੋਵਾਂ ਤੇ ਸ਼ਹਿਰ ਫੈਲਾਡੈਲਫੀਆ ਤੇ ਤਰੀਕ ਮੌਜੂਦ ਹੈ। ਟਿਟਸਵਿਲੇ ਹੈਰਾਲਡ ਵਿਚ ਵੀ ਸਪਸ਼ਟ ਕੁਝ ਇਸਤਰ੍ਹਾਂ ਛਪਿਆ ਸੀ ;--

ਦੁਕਾਨਾਂ ਦੇ ਰਸਤੇ ਜਾਮ ਸਨ। ਐਸਕੀਲੇਟਰਾਂ ਤੇ ਲੋਕ ਵਧੇ ਹੀ ਜਾ ਰਹੇ ਸਨ। ਇਹ ਕਰਿਸਮਿਸ ਦੀ ਖਰੀਦਾਰੀ ਦੇ ਮੌਕੇ ਦਾ ਪਹਿਲਾ ਮੌਕਾ ਸੀ ਤੇ ਆਰਥਿਕ ਮੰਦੇ ਦੇ ਬਾਵਜੂਦ, ਲੋਕ ਆਪਣੀ ਖਰੀਦਾਰੀ ਦਾ ਆਨੰਦ ਲੈ ਰਹੇ ਸਨ। ਗਿੰਮਬੇਲਜ਼ ਵਿਚ ਇੱਕ ਮਹਿਲਾ ਸੇਲਜ਼ ਮੈਨੇਜਰ ਨੇ ਇੱਕ ਟਰੈਫਿਕ ਪੁਲੀਸ ਨੂੰ ਲਾਪਰਵਾਹੀ ਨਾਲ ਰਸਤਾ ਪਾਰ ਕਰਨ ਵਾਲੀ ਭੀੜ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹੋਏ ਦੇਖਕੇ ਕਿਹਾ ਸੀ, "ਇਹੋ ਕਾਰਣ ਹੈ ਕਿ ਬਸ ਚਾਲਕ ਤੇ ਟੈਕਸੀ ਚਾਲਕ ਅੱਜ ਦੇ ਦਿਨ ਨੂੰ ਬਲੈਕ ਫਰਾਇਡੇ ਕਹਿੰਦੇ ਹਨ। ਉਹ ਸਮਝਦੇ ਹਨ ਕਿ ਇਹ ਉਨ੍ਹਾਂ ਵਾਸਤੇ ਸਿਰਦਰਦੀ ਦਾ ਕਾਰਣ ਹੈ, ਇਸਲਈ ਇਹ ਬਲੈਕ ( ਨਾਹ ਪੱਖੀ) ਹੈ।

ਕਈ ਵਿਉਪਾਰੀਆਂ ਨੇ ਸਾਲ ਦੇ ਸਭਤੋਂ ਮਹਤਵ ਪੂਰਨ ਖਰੀਦਾਰੀ ਕਰਨ ਵਾਲੇ ਦਿਨ ਨੂੰ ਬਲੈਕ ਨਾਲ ਜੋੜਨ ਤੇ ਇਤਰਾਜ਼ ਵੀ ਕੀਤਾ ਸੀ, ਕਿਉਂਕਿ ਇਹ ਸ਼ਬਦ ਨੈਗੇਟਿਵ ਹੈ।

1980 ਦੇ ਦਹਾਕੇ ਦੇ ਸ਼ੁਰੂ ਵਿਚ ਇੱਕ ਹੋਰ ਸਿਧਾਂਤ ਦਾ ਪ੍ਰਚਾਰ ਸਾਹਮਣੇ ਆਇਆ, ਉਹ ਕੁਝ ਇਸਤਰਾਂ ਹੈ ਕਿ ਵਿਕਰੇਤਾ, ਪਰੰਮਪਰਾਗਤ ਰੂਪ ਵਿਚ ਸਾਲ ਦੇ ਬਹੁਤੇ ਹਿੱਸੇ ਵਿਚ ਆਪਣੇ ਕਾਰੋਬਾਰ ਨੂੰ ਆਰਥਿਕ ਨੁਕਸਾਨ ਵਿਚ ਸੰਚਾਲਿਤ ਕਰਦੇ ਹਨ ਤੇ ਇਹ ਘਾਟਾ ਉਨ੍ਹਾਂ ਦੀ ਪਰੋਜੈਕਸ਼ਨ ਯੋਜਨਾ ਵਜੋਂ ਹੁੰਦਾ ਹੈ ਤੇ ਛੁਟੀਆ ਦੇ ਮੌਸਮ ਵਿਚ ਆਪਣਾ, ਜਦੋਂ ਕਿ ਉਹ ਪਰੋਜੈਕਸ਼ਨ ਦੇ ਨੇੜੇ ਤੇੜੇ ਪਹੁੰਚ ਜਾਂਦੇ ਹਨ, ਆਮ ਤੌਰ ਤੇ ਇਹ ਸ਼ੁਰੂਆਤ ਥੈਂਕਸ ਗਿਵਿੰਗ ਦੇ ਅਗਲੇ ਦਿਨ ਤੋਂ ਹੁੰਦੀ ਹੈ। ਆਪਣੇ ਵਹੀ ਖਾਤਿਆਂ ਵਿਚ ਘਾਟੇ ਨੂੰ ਦਿਖਾਉਣ ਲਈ ਲਾਲ ਸਿਆਹੀ ਵਰਤਦੇ ਹਨ ਤੇ ਲਾਭ ਵਿਖਾਉਂਣ ਲਈ ਕਾਲੀ ਸ਼ਿਆਹੀ ਨੂੰ ਵਰਤਦੇ ਹਨ। ਇਸ ਸਿਧਾਂਤ ਅਨੁਸਾਰ ਬਲੈਕ ਫਰਾਇਡੇ ਉਸ ਪੀਰਡ ਦਾ ਸਮਾਂ ਹੈ ਜਦੋਂ ਆਪਣੀ ਪਰੋਜੈਕਟ ਰਿਪੋਰਟ ਮੁਤਾਬਕ ਉਹ ਮੁਨਾਫੇ ਕਮਾਉਣ ਲੱਗ ਪੈਂਦੇ ਹਨ ਤੇ ਇਸਦਾ ਇੰਦਰਾਜ਼ ਕਾਲੀ ਸ਼ਿਆਹੀ ਨਾਲ ਕਰਦੇ ਹਨ।

ਸਭ ਤੋਂ ਪਹਿਲਾਂ 1966 ਦੀ ਉਦਾਹਰਣ ਸਾਹਮਣੇ ਆਉਂਦੀ ਹੈ। ਜਿਸਦਾ ਪਤਾ

ਅਮਰੀਕਨ ਡਾਇਲੈਕਟ ਸੁਸਾਇਟੀ ਦੇ ਟੇਲਰ-ਬਲੇਕ ਨੇ ਲਗਾਇਆ ਸੀ। ਉਹ ਫਿਲਾਡੈਲਫੀਆ ਦਾ ਹੀ ਰਹਿੰਣ ਵਾਲਾ ਹੈ ਤੇ ਇਹ **1981** ਦੇ ਨੇੜੇ ਤੇੜੇ ਦੀ ਤਰੀਕ ਹੈ ਤੇ ਇਸ 'ਕਾਲੀ ਸ਼ਿਆਹੀ' ਦੇ ਸਿਧਾਂਤ ਨੂੰ ਕਈ ਹੋਰ ਕਾਰਣਾ ਵਿਚੋਂ ਇੱਕ ਮੰਨਿਆ ਜਾਂਦਾ ਹੈ।

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇ ਵਿਕਰੇਤਾਵਾਂ ਲਈ ਇਹ ਸਭਤੋਂ ਵਡਾ ਦਿਨ ਹੈ ਤਾਂ ਇਸਨੂੰ ਬਲੈਕ ਫਰਾਇਡੇ ਕਿਉਂ ਕਿਹਾ ਜਾਂਦਾ ਹੈ? ਇਸਦਾ ਜੁਆਬ ਚੇਰੀ ਹਿਲ ਮਾਲ ਦੇ ਗਰੇਸ ਮੈਕਫੀਲੀ ਕੁਝ ਇਸਤਰ੍ਹਾਂ ਦਿੰਦੇ ਹਨ, ਕਿਉਂਕ ਇਹ ਇੱਕ ਇਹੋ ਜਿਹਾ ਦਿਨ ਹੈ ਜਿਸ ਦਿਨ ਵਿਕਰੇਤਾ ਮੁਨਾਫਾ ਕਾਲੀ ਸ਼ਿਆਹੀ ਵਿਚ ਲਿਖਣ ਦੇ ਯੋਗ ਹੋ ਜਾਂਦੇ ਹਨ ਸੇਲ ਵਾਲਿਊਮ ਦੇ ਵਧਣ ਨਾਲ ਓਵਰ ਹੈੱਡ ਖਰਚਿਆਂ ਦਾ ਅਨੁਪਾਤ ਵਿਚ ਆ ਜਾਣਾ, ਆਉਣ ਵਾਲੇ ਲਾਭ ਲਈ ਇੱਕ ਸ਼ੁਭ ਸ਼ਗਨ ਹੈ।

ਇੱਕ ਹੋਰ ਬਿਜ਼ਨਿਸ ਟਾਇਕੂਨ ਸਟਰਾਗਰਿਜ ਐਂਡ ਕਲੋਦਿਅਰ ਦੇ ਵਿਲੀਅਮ ਟਿਮਜ਼ ਦਾ ਮੰਨਣਾ ਹੈ ਕਿ ਇਹ ਸ਼ਬਦ ਮੀਡੀਆ ਦੀ ਦੇਣ ਹੈ।

ਮੂਰਸਟਾਉਨ ਮਾਲ ਦੇ ਬੇਲੇ ਸਟੀਫਨ ਨੇ ਕਿਹਾ ਹੈ ਕਿ ਅਸੀਂ ਸਾਰੇ ਕਰਮਚਾਰੀ ਹਾਂ, ਅਸੀਂ ਹੀ ਇਸਨੂੰ ਬਲੈਕ ਫਰਾਇਡੇ ਦਾ ਨਾਮ ਦਿੱਤਾ ਹੈ, ਇਸ ਦਿਨ ਅਸੀਂ ਕਰੜੀ ਮੇਹਨਤ ਕਰਦੇ ਹਾਂ ਤੇ ਇਹ ਕਰਮਚਾਰੀਆਂ ਲਈ ਇੱਕ ਥਕਾ ਦੇਣ ਵਾਲਾ ਦਿਨ ਹੈ।

ਅਮਰੀਕਨ ਵਿਕਰੇਤਾਵਾਂ ਲਈ ਕਰਿਸਮਿਸ ਦੀ ਖਰੀਦਾਰੀ ਦਾ ਮੌਕਾ ਬਹੁਤ ਵਡਾ ਮਹਤਵ ਵਾਲਾ ਹੈ, ਭਾਵੇਂ ਕਿ ਬਹੁਤੇ ਵਿਕਰੇਤਾ ਜ਼ਿਆਦਾਤਰ ਸਾਲ ਦੀ ਹਰ ਤਿਮਾਹੀ ਦੌਰਾਨ ਮੁਨਾਫਾ ਕਮਾਉਣਾ ਚਾਹੁੰਦੇ ਹਨ ਤੇ ਅਸਲ ਵਿਚ ਕਮਾਉਦੇ ਵੀ ਹਨ ਲੇਕਿਨ ਕੁਝ ਵਿਕਰੇਤਾ ਕਰਿਸਮਿਸ ਦੀ ਖਰੀਦਾਰੀ ਦੇ ਮੌਕੇ ਤੇ ਇਤਨਾ ਨਿਰਭਰ ਕਰਦੇ ਹਨ ਕਿ ਕਰਿਸਮਿਸ ਵਾਲੀ ਤਿਮਾਹੀ ਵਿਚ ਉਨ੍ਹਾਂ ਨੂੰ ਸਾਲ ਭਰ ਦਾ ਮੁਨਾਫਾ ਮਿਲ ਜਾਂਦਾ ਹੈ ਅਤੇ ਦੂਸਰੀਆਂ ਤਿੰਨ ਤਿਮਾਹੀਆ ਵਿਚ ਹੋਏ ਨੁਕਸਾਨ ਦੀ ਵੀ ਪੂਰਤੀ ਹੋ ਜਾਂਦੀ ਹੈ।

ਇਸ ਸ਼ਾਪਿੰਗ ਦੌਰਾਨ ਬਹੁਤ ਸਾਰੀ ਹਿੰਸਾ, ਭਗਦੜ ਵੀ ਹੁੰਦੀ ਹੈ, ਮੌਤਾਂ ਵੀ ਹੁੰਦੀਆ ਹਨ ਗੋਲੀ ਵੀ ਚਲਦੀ ਹੈ।

**1966** ਵਿਚ ਇੱਕ ਫਿਲਮ ਆਈ ਸੀ ਜਿੰਗਲ ਔਲ ਦੀ ਵੇ, --ਇਸ ਵਿਚ ਛੁਟੀਆਂ ਦੇ ਦਿਨਾਂ ਵਿਚ ਆਪਣੀ ਖਰੀਦਾਰੀ ਦੇ ਮਕਸਦ ਨੂੰ ਹਾਸਲ ਕਰਨ ਲਈ, ਲੋਕਾਂ ਦੁਆਰਾ ਅਨੁਭਵ ਕਰਨ ਵਾਲੀਆ ਮੁਸੀਬਤਾਂ ਦਾ ਜਿਕਰ ਸੀ। ਇਸ ਸੰਦਰਭ ਨੂੰ ਲੈਕੇ ਇੱਕ ਨਾਟਕੀ ਹਾਸਰਸ ਮੂਵੀ ਲੋਕਾਂ ਨੂੰ ਵੇਖਣ ਨੂੰ ਮਿਲੀ।

**2006** ਵਿਚ ਰੋਨੋਕੇ, ਵੀਏ ਦੇ ਬੈਸਟ ਬਾਏ ਸਟੋਰ ਵਿਚ ਖਰੀਦਾਰੀ ਕਰਦੇ ਹੋਏ ਇੱਕ ਵਿਅਕਤੀ ਨੂੰ ਦੂਸਰੇ ਨਾਲ ਕੁਟਮਾਰ ਕਰਦੇ ਹੋਏ ਇੱਕ ਵਿਡਿਉ ਰਿਕਾਰਡ ਕੀਤੀ ਗਈ।

ਵਾਲ ਮਾਰਟ ਸਟੋਰ ਦੇ ਗਾਹਕ ਸਟੋਰ ਦੇ ਦਰਵਾਜੇ ਖੁਲਣ ਦੀ ਬੇਸਬਰੀ ਨਾਲ ਉਡੀਕ

ਕਰ ਰਹੇ ਸਨ ਤੇ ਕਰਮਚਾਰੀਆਂ ਨੂੰ ਨਿਸ਼ਾਨਾ ਬਨਾਉਣ ਲੱਗੇ।

ਕੈਲੇਫੋਰਨੀਆਂ ਦੇ ਇੱਕ ਮਾਲ ਵਿਚ ਜਦੋਂ ਛੱਤ ਤੋਂ ਗਿਫਟ ਸਰਟੀਫਿਕੇਟ ਵੰਡੇ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਭੀੜ ਉਲਰ ਪਈ, ਉਸ ਵਿਚ ਨੌਂ ਗਾਹਕ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਵਿਚ ਇੱਕ ਬਜ਼ੁਰਗ ਮਹਿਲਾ ਵੀ ਸ਼ਾਮਲ ਸੀ ਜਿਸਨੂੰ ਹਸਪਤਾਲ ਭਰਤੀ ਕਰਵਾਉਣਾ ਪਿਆ।

**2008** ਵਿਚ ਨਿਉਯਾਰਕ ਦੇ ਵੈਲੀ ਸਟਰੀਮ ਵਿਚ ਲਗਭਗ **2000** ਗਾਹਕਾਂ ਦੀ ਇੱਕ ਭੀੜ ਨੇ ਸਵੇਰੇ ਪੰਜ ਵਜੇ, ਵਾਲ ਮਾਰਟ ਦੇ ਖੁਲਣ ਦਾ ਇੰਤਜਾਰ ਕੀਤਾ। ਖੁਲਣ ਦਾ ਸਮਾਂ ਹੋਣ ਤੱਕ, ਭੀੜ ਕਾਫੀ ਬੇਚੈਨ ਹੋ ਗਈ ਤੇ ਜਦੋਂ ਦਰਵਾਜੇ ਖੁਲੇ ਤਾਂ ਭੀੜ ਦਰਵਾਜੇ ਨੂੰ ਤੋੜਦੀ ਹੋਈ ਅੱਗੇ ਵਧੀ ਤੇ ਇੱਕ **34** ਸਾਲਾ ਕਰਮਚਾਰੀ ਨੂੰ ਕੁਚਲਦੀ ਹੋਈ ਅੱਗੇ ਵਧ ਗਈ, ਜਿਸ ਨਾਲ ਉਸ ਕਰਮਚਾਰੀ ਦੀ ਮੌਤ ਹੋ ਗਈ। ਭੀੜ ਨੂੰ ਕੋਈ ਫਿਕਰ ਨਹੀ ਲਗਦਾ ਸੀ, ਸਾਥੀ ਕਰਮਚਾਰੀਆਂ ਨੇ ਮਦਦ ਕਰਨ ਦੀ ਸਿਰ ਤੋੜ ਕੋਸ਼ਿਸ਼ ਕੀਤੀ। ਭੀੜ ਦਾ ਮੱਤ ਸੀ ਕਿ ਉਹ ਸਾਰੀ ਰਾਤ ਸਰਦੀ ਵਿਚ ਇੰਤਜਾਰ ਕਰਦੇ ਹੋਏ ਅੱਕੇ ਪਏ ਸਨ। ਉਹ ਰਾਤ ਨੌਂ ਵਜੇ ਤੋਂ ਹੀ ਇੰਤਜਾਰ ਕਰ ਰਹੇ ਸਨ। ਇਸ ਘਟਨਾ ਵਿਚ ਜਦੋਂ ਪੁਲੀਸ ਆਈ ਤਾਂ ਭੀੜ ਨੇ ਪੁਲੀਸ ਅਧਿਕਾਰੀ ਨੂੰ ਵੀ ਧੱਕੇ ਮਾਰੇ ਤੇ ਪ੍ਰਵਾਹ ਨਾ ਕਰਦੇ ਹੋਏ ਸ਼ਾਪਿੰਗ ਕਰਨ ਵਿਚ ਜੁਟ ਗਏ। ਭੀੜ ਵਿਚਲੇ ਕਈ ਲੋਕਾਂ ਨੂੰ ਵੀ ਚੋਟਾਂ ਆਈਆ, ਉਨ੍ਹਾਂ ਵਿਚ ਇਕ ਗਰਭਵਤੀ ਔਰਤ ਸੀ ਜਿਸਨੂੰ ਹਸਪਤਾਲ ਖੜਨਾ ਪਿਆ। ਇਹ ਘਟਨਾ ਬਲੈਕ ਫਰਾਇਡੇ ਦੀ ਵਿਕਰੀ ਦੌਰਾਨ ਹੋਈ ਗੈਰ ਕੁਦਰਤੀ ਮੌਤ ਦੀ ਪਹਿਲੀ ਘਟਨਾ ਸੀ।

**2010** ਦੇ ਬਲੈਕ ਫਰਾਇਡੇ ਦੇ ਦੌਰਾਨ ਵਿਸਕਾਨਸਿੰਨ ਦੇ ਮੈਡੀਸਨ ਦੀ ਇੱਕ ਔਰਤ ਨੂੰ ਇੱਕ 'ਟਵਾਇਜ਼ ਆਰ ਅਸ' ਸਟੋਰ ਤੋਂ ਬਹਾਰ ਗਰਿਫਤਾਰ ਕੀਤਾ ਗਿਆ ਜਦੋਂ ਉਹ ਧੱਕਾ ਮੁੱਕੀ ਕਰਕੇ ਅੱਗੇ ਵਧਣਾ ਚਾਹੁੰਦੀ ਸੀ ਤੇ ਵਿਰੋਧ ਕਰਨ ਵਾਲਿਆਂ ਨੂੰ ਗੋਲੀ ਮਾਰਨ ਦੀ ਧਮਕੀ ਦੇ ਰਹੀ ਸੀ। ਜਾਰਜੀਆ ਵਿਚ 'ਟਵਾਇਜ਼ ਫਾਰ ਅਸ' ਦੇ ਇੱਕ ਮਾਲਕ ਨੂੰ ਇੱਕ ਉੱਚਕੇ ਨੇ ਛੁਰਾ ਮਾਰਕੇ ਜ਼ਖ਼ਮੀ ਕਰ ਦਿੱਤਾ ਸੀ।

ਇੰਡੀਆਨਪੋਲਿਸ ਦੀ ਇੱਕ ਔਰਤ ਨੂੰ ਵਾਲ ਮਾਰਟ ਦੇ ਦੂਜੇ ਗਾਹਕਾਂ ਨਾਲ ਉਲਝੀ ਹੋਈ ਨੂੰ ਗਰਿਫਤਾਰ ਕੀਤਾ ਗਿਆ। ਉਸਨੂੰ ਸਟੋਰ ਤੋਂ ਬਾਹਰ ਜਾਣ ਲਈ ਕਿਹਾ ਗਿਆ ਪਰ ਉਸਨੇ ਇਨਕਾਰ ਕਰ ਦਿੱਤਾ ਸੀ।

ਫਲੋਰੀਡਾ ਦੇ ਵਾਲਮਾਰਟ ਵਿਚ ਇੱਕ ਵਿਅਕਤੀ ਨੂੰ ਉਸ ਸਮੇ ਗਰਿਫਤਾਰ ਕੀਤਾ ਗਿਆ ਜਦੋਂ ਲਾਇਨ ਵਿਚ ਖੜੇ ਹੋਕੇ ਇੰਤਜਾਰ ਕਰ ਰਹੇ ਦੂਜੇ ਗਾਹਕਾਂ ਨੇ ਵੇਖਿਆ ਕਿ ਉਸਦੇ ਕੋਲ ਇੱਕ ਹੈਂਡਗੰਨ ਸੀ। ਬਾਦ ਵਿਚ ਪੁਲੀਸ ਨੇ ਉਹਦੇ ਕਬਜੇ ਵਿਚੋਂ ਦੋ ਚਾਕੂ ਤੇ ਇੱਕ ਕਾਲੀ ਮਿਰਚ ਸਪਰੇ ਕਰਨ ਵਾਲਾ ਹੱਥਗੋਲਾ ਵੀ ਬਰਾਮਦ ਹੋਇਆ।

ਨਿਉਯਾਰਕ ਦੇ ਬਫਲੋ ਸ਼ਹਿਰ ਵਿਚ 2008 ਨੂ ਵਾਲਮਾਰਟ ਦੀ ਖਤਰਨਾਕ ਭਗਦੜ ਵਿਚ ਇੱਕ ਵਿਅਕਤੀ ਦੀ ਮੌਤ ਹੋ ਗਈ।

**ਇਤਿਹਾਸ ਦੇ ਕੁਝ ਹੋਰ ਪਹਿਲੂ;--**

ਇਹ ਧਾਰਣਾ ਹੈ ਕਿ ਥੈਂਕਸ ਗਿਵਿੰਗ ਦੇ ਅਗਲੇ ਦਿਨ ਛੁਟੀਆਂ ਦੀ ਖਰੀਦਾਰੀ ਦੇ ਮੌਕੇ ਦੀ ਅਧਿਕਾਰਕ ਸ਼ੁਰੂਆਤ ਹੁੰਦੀ ਹੈ, ਇਹ ਵੀ ਸੰਭਾਵਨਾ ਜੱਗ ਜਾਹਰ ਹੈ ਕਿ ਇਹ ਸਾਂਤਾ ਕਲਾਜ਼ ਪਰੇਡ ਦੇ ਵਿਚਾਰ ਨਾਲ ਜੁੜੀ ਹੋਈ ਹੈ। ਥੈਕਸ ਗਿਵਿੰਗ ਸਮਾਰੋਹ ਨੂ ਮਨਾਉਣ ਦੀ ਪਰੇਡ ਵਿਚ ਅਕਸਰ ਪਰੇਡ ਦੀ ਸਮਾਪਤੀ ਤੇ ਹੀ ਇਹ ਧਾਰਣਾ ਸ਼ੁਰੂ ਹੋ ਜਾਂਦੀ ਹੈ ਕਿ ਸਾਂਤਾ ਕਲਾਜ਼ ਆ ਗਿਆ ਹੈ ਜਾਂ ਸਾਂਤਾ ਕਲਾਜ਼ ਸਾਡੇ ਆਸੇ ਪਾਸੇ ਹੀ ਹੈ।

ਕਾਰਪੋਰੇਸ਼ਨ ਜਗਤ ਇਹੋ ਜਿਹੇ ਪਖੰਡਾਂ ਨੂੰ ਸਦਾ ਹੀ ਮੂਹਰੇ ਰਖਣ ਵਿਚ ਵਿਸ਼ਵਾਸ਼ ਰਖਦਾ ਹੈ। ਉਨੀਵੀਂ ਸਦੀ ਦਾ ਅਖੀਰ ਤੇ ਵੀਹਵੀਂ ਸਦੀ ਦੇ ਆਗਮਨ ਸਮੇਂ ਸਾਂਤਾ ਪਰੇਡਾਂ ਜਾਂ ਥੈਂਕਸ ਗਿਵਿੰਗ ਪਰੇਡਾਂ ਨੂੰ ਡਿਪਾਰਟਮੈਂਟਲ ਸਟੋਰਾਂ ਦੁਆਰਾ ਉਭਾਰਿਆ ਗਿਆ। ਇਸ ਲਈ ਮੀਡੀਆ ਦਾ ਪੂਰੇ ਜੋਰ ਸ਼ੋਰ ਨਾਲ ਇਸਤਮਾਲ ਕੀਤਾ ਜਾਂਦਾ ਹੈ। ਇਹ ਨਿਯਮ ਜਾਂ ਪ੍ਰਥਾ ਵੀ ਬਣ ਗਈ ਕਿ ਪਰੇਡ ਖਤਮ ਹੋਣ ਤੋਂ ਪਹਿਲਾਂ ਕੋਈ ਵੀ ਸਟੋਰ ਕਰਿਸਮਿਸ ਦੀ ਇਸ਼ਤਿਹਾਰ ਬਾਜ਼ੀ ਨਹੀ ਕਰਦਾ ਤੇ ਇਸਤਰਾਂ ਇਹ ਕਰਿਸਮਿਸ ਖਰੀਦਾਰੀ ਦੀ ਨਾਰੀਅਲ ਭੰਨਣ ਵਰਗੀ ਕਾਰਵਾਈ ਹੀ ਹੈ।

ਇਸ ਵਿਚ ਸਮੇ ਸਮੇ ਸਰਕਾਰੀ ਦਖਲ ਵੀ ਵੇਖਣ ਨੂੰ ਮਿਲਦਾ ਹੈ। ਇਹ ਤਤ ਵੀ ਸਾਹਮਣੇ ਆਇਆ ਕਿ ਕੁਝ ਵਿਕਰੇਤਾ ਇਹ ਮੰਨਣ ਤੋਂ ਇਨਕਾਰੀ ਹੋ ਗਏ ਕਿ ਇਹ ਦਿਨ ਛੁਟੀਆ ਦੀ ਖਰੀਦਾਰੀ ਦੀ ਸ਼ੁਰੂਆਤ ਹੈ ਤੇ ਇਸਤੋਂ ਪਹਿਲਾਂ ਇਸ਼ਤਿਹਾਰ ਬਾਜ਼ੀ ਨਹੀ ਕਰਨੀ। ਸਗੋਂ ਇਹ ਤੇ ਲੰਬੀਆ ਛੁਟੀਆਂ ਦੀ ਸ਼ੁਰੂਆਤ ਹੈ। ਅਮਰੀਕਾ ਦੇ ਪਰੈਜ਼ੀਡੈਂਟ ਫਰੈਂਕਲਿਨ, ਡੀ. ਰੂਜ਼ਵੈਲਟ ( ਜਿਸਦੀ ਜੇ ਤੁਲਨਾ ਕਰਨੀ ਹੋਵੇ ਤਾਂ ਮੁੰਹਮਦ ਤੁਗਲਕ ਨਾਲ ਕਰ ਸਕਦੇ ਹਾਂ) ਨੇ ਥੈਕਸ ਗਿਵਿੰਗ ਦਾ ਦਿਨ ਇੱਕ ਹਫਤਾ ਪਹਿਲਾਂ ਕਰ ਦਿੱਤਾ। ਇਸ ਨਾਲ ਲੋਕਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ। ਉਨ੍ਹਾ ਦਾ ਸਾਰਾ ਫਾਰਮੇਟ ਤਬਦੀਲ ਹੋਣ ਜਾ ਰਿਹਾ ਸੀ। ਲੋਕਾਂ ਨੇ ਇਸ ਬਦਲਾਵ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਅਮਰੀਕੀ ਨਾਗਰਿਕਾਂ ਵਿਚ ਦੋ ਵਖੋ ਵਖਰੇ ਥੈਂਕਸ ਗਿਵਿੰਗ ਸਮਾਰੋਹ ਮਨਾਏ ਜਾਣ ਲੱਗ ਪਏ। ਵਿਅੰਗ ਨਾਲ ਕੁਝ ਲੋਕ ਇਸ ਬਦਲਾਵ ਨੂੰ ਫਰੈਂਕਸਗਿਵਿੰਗ ਡੇ ਵੀ ਕਹਿੰਣ ਲੱਗ ਪਏ।

**ਇਤਿਹਾਸ---**

ਇਹ ਇੱਕ ਐਸੀ ਦਾਸਤਾਨ ਨਾਲ ਸਬੰਧਿਤ ਹੈ ਜਿਸਤੇ ਫਿਲਮਾਂ ਵੀ ਬਣ ਚੁੱਕੀਆ ਹਨ ਤੇ ਇਹ ਅੱਜ ਅਮਰੀਕਾ ਵਿਚ ਇੱਕ ਨਾਮ ਨਾਲ ਹੀ ਮਸ਼ਹੂਰ ਹੋ ਗਿਆ ਹੈ ਜਿਸਨੂੰ

ਬਲੈਕ ਫਰਾਇਡੇ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਇਸ ਦਿਨ ਵਡੇ ਵਡੇ ਸਟੋਰ ਵਸਤਾਂ ਦੀ ਕੀਮਤ ਹੈਰਾਨ ਕਰਨ ਵਾਲੀ ਹੱਦ ਤੱਕ ਸਸਤੀਆਂ ਕਰ ਦਿੰਦੇ ਹਨ, ਪਰ ਇਸਤਰ੍ਹਾਂ ਕਰਕੇ ਉਹ ਕੋਈ ਦਿਨ ਨਹੀ ਮਨਾ ਰਹੀਆਂ ਹੁੰਦੀਆਂ ਬਲਕਿ ਆਪਣੀ ਇੰਨਵੈਂਟਰੀ ਨੂੰ ਕਲੀਅਰ ਕਰਨ ਦਾ ਜੁਗਾੜ ਹੀ ਬਣਾਉਂਦੀਆਂ ਹਨ। ਇਨ੍ਹਾਂ ਵਡੇ ਸਟੋਰਜ਼, ਮਾਲਾਂ ਤੇ ਰੀਅਲ ਸਟੇਟ ਦੀ ਕੀਮਤ ਆਪਣਾ ਵਖਰਾ ਵਜੂਦ ਰਖਦੀ ਹੈ ਹਰ ਇੰਚ ਨੂੰ ਮਲਣ ਦਾ ਆਪਣਾ ਹੀ ਮੁੱਲ ਹੈ ਤੇ ਉਹ ਇਹ ਬਰਦਾਸ਼ਤ ਨਹੀ ਕਰਦੇ ਕਿ ਕੋਈ ਚੀਜ਼ ਕਿਸੇ ਖਾਸ ਫਾਰਮੇਟ ਤੇ ਟਾਇਮ ਫਰੇਮ ਤੋਂ ਜ਼ਿਆਦਾ ਉਨ੍ਹਾਂ ਕੋਲ ਪਈ ਰਹੇ, ਇਸੇ ਹੀ ਮਕਸਦ ਲਈ ਉਨ੍ਹਾਂ ਕੁਝ ਦਿਨ ਨਿਸਚਿਤ ਕਰ ਦਿੱਤੇ ਜਿਵੇਂ ਕਰਿਸਮਿਸ ਤੋਂ ਅਗਲੇ ਦਿਨ ਬੌਕਸਿੰਗ ਡੇ ਤੇ ਨਵੰਬਰ ਵਿਚ ਬਲੈਕ ਫਰਾਇਡੇ। ਸਾਲ ਭਰ ਦੇ ਓਵਰ ਹੈੱਡ ਖਰਚੇ ਵੀ ਇੱਕ ਕਾਰਣ ਹੈ। ਸੇਲ ਵੋਲੀਉਮ ਉਸ ਅਨੁਪਾਤ ਨੂੰ ਠੀਕ ਕਰਨ ਵਿਚ ਸਹਾਈ ਹੁੰਦਾ ਹੈ।

**ਬਲੈਕ ਫਰਾਇਡੇ ਦਾ ਬਲੈਕ ਇਤਿਹਾਸ---**

ਇਹ ਕੁਝ ਇਸਤਰ੍ਹਾਂ ਹੈ ਕਿ ਅਮਰੀਕਾ ਦੀ ਘਰੇਲੂ ਖਾਨਾ ਜੰਗੀ ਤੋਂ ਬਾਦ ਅਮਰੀਕਾ ਮੁੜ ਉਸਾਰੀ ਦੇ ਰਾਹ ਤੇ ਸੀ। ਅਮਰੀਕਾ ਨੇ ਫਾਈਨੈਂਸ ਨੂੰ ਮੁੜ ਲੀਹ ਤੇ ਲਿਆਉਣ ਲਈ ਬਹੁਤ ਸਾਰਾ ਪਬਲਿਕ ਪੈਸਾ ਜੋ ਉਸ ਕੋਲ ਅਮਾਨਤ ਦੇ ਤੌਰ ਤੇ ਸੀ, ਜਾਰੀ ਕਰ ਦਿੱਤਾ ਤਾਂ ਕਿ ਦੇਸ਼ ਦੀ ਆਰਥਿਕਤਾ ਦੀ ਮੁੜ ਉਸਾਰੀ ਹੋ ਸਕੇ। ਅੱਜ ਦੇ ਯੁੱਗ ਵਾਂਗ ਹੀ ਇਹ ਵਿਸ਼ਵਾਸ਼ ਕੀਤਾ ਜਾ ਰਿਹਾ ਸੀ ਕਿ ਅਮਰੀਕਾ ਗਰੀਨਬੈਕ ਪਰਨੋਟ ਨੂੰ ਸੋਨੇ ਨਾਲ ਖਰੀਦਕੇ ਸਾਵਾਂ ਕਰ ਲਵੇਗਾ, --

**ਕੀ ਹੈ ਇਹ ਗਰੀਨਬੈਕਸ-**

ਇਹ ਇੱਕ ਟੈਂਡਰ ਟਾਇਪ ਲੀਗਲ ਪੇਪਰ ਹੈ, **ਇਸਦੀ ਫੋਟੋ ਨਾਲ ਪੋਸਟ ਕਰ ਰਹੇ ਹਾਂ,** ਇਹ ਸਮਝ ਲਵੋ ਕਿ ਪਰਨੋਟ ਵਰਗਾ ਕੁਝ, ਜੋ ਸ਼ਾਹੂਕਾਰ, ਕਰਜਾ ਦੇਣ ਲਗਿਆਂ ਬਣਾਉਂਦੇ ਸਨ ਤਾਂ ਕਿ ਸੰਨਦ ਰਹੇ ਤੇ ਪੈਸਾ ਡੁਬਣ ਦੀ ਸੂਰਤ ਵਿਚ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਇਹ ਗਰੀਨਬੈਕ, ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ ਹਰੇ ਰੰਗ ਦਾ ਹੁੰਦਾ ਸੀ ਤੇ ਅਮਰੀਕਾ ਸਰਕਾਰ ਵਲੋਂ ਜਾਰੀ ਕੀਤਾ ਗਿਆ ਸੀ। ਇਹ ਸਿਵਲ ਵਾਰ ਦੌਰਾਨ ਜਾਰੀ ਕੀਤਾ ਗਿਆ ਸੀ ਤੇ ਇਸਦੀ ਪਿੱਠ ਪੂਰਣ ਲਈ, ਸੋਨਾ, ਚਾਂਦੀ ਤੇ ਅਮਰੀਕਾ ਦਾ ਵਕਾਰ ਸੀ। ਸਿਵਲ ਵਾਰ ਦੌਰਾਨ ਇਸਨੇ ਹੀ ਵਾਰ ਦੇ ਆਰਥਿਕ ਮਸਲੇ ਸੁਲਝਾਏ। ਇਸਦੀ ਮਸ਼ਹੂਰੀ ਨਾਲ ਹੀ ਇੰਡੀਸਟਰੀ ਵਿਚ ਬੜੌਤਰੀ ਹੋਣੀ ਸੀ।

## ਮੁੜਦੇ ਹਾਂ ਬਲੈਕ ਫਰਾਇਡੇ ਦੇ ਇਤਿਹਾਸ ਵਲ--

ਇਸੇ ਦੌਰਾਨ ਹੀ **1869** ਵਿਚ ਕੁਝ ਅਫਰਾ ਤਫਰੀ ਫੈਲਾਉਣ ਵਾਲੇ ਆਰਥਿਕ ਗੁੰਡੇ ਜਿਨ੍ਹਾਂ ਦਾ ਸਰਦਾਰ ਜੇਮਸ ਫਿਸਕ ਤੇ ਜੇ ਗੋਲਡ ਸਨ, ਇਨ੍ਹਾਂ ਨੇ ਸੋਚਿਆ ਕਿ ਕਿਉਂ ਨਾ ਅਮਰੀਕਾ ਦੀ ਨਾਜ਼ਕ ਸਥਿਤੀ ਦਾ ਫਾਇਦਾ ਲਿਆ ਜਾਵੇ। ਬਿਜ਼ਨਿਸ ਸਕੀਮਾਂ ਬਣ ਗਈਆਂ, ਜਿਨ੍ਹਾਂ ਵਿਚ ਸੋਨੇ ਦੀ ਮਾਰਕੀਟ ਨੂੰ ਗੁਠੇ ਲਾਉਣਾ ਸੀ। ਗੋਲਡ ਤੇ ਫਿਸਕ ਨੇ ਸਭਤੋਂ ਪਹਿਲਾਂ ਪਰੈਜ਼ੀਡੈਂਟ ਗਰਾਂਟ

(Ulysses S. Grant (born Hiram Ulysses Grant; April 27, 1822 – July 23, 1885) was the 18th president of the United States (1869-1877) following his success as military comma)

ਦੇ ਜੀਜੇ ਐਬਲ ਕੌਰਬਿਨ ਨੂੰ, ਜੋ ਕਿ ਇੱਕ ਵਡਾ ਫਾਇਨੈਂਸਰ ਸੀ ਨੂੰ ਆਪਣੇ ਨਾਲ ਰਲਾ ਲਿਆ। ਉਨ੍ਹਾਂ ਨੇ ਐਬਲ ਕੌਰਬਿਨ ਨੂੰ ਇਸਤਮਾਲ ਕਰਕੇ ਗਰਾਂਟ ਦੀਆਂ ਸਮਾਜਿਕ ਗਤੀਵਿਧੀਆਂ ਵਿਚ ਘੁਸਪੈਠ ਕੀਤੀ ਤੇ ਉਨਾਂ ਸਮਾਜਿਕ ਫੰਕਸ਼ਨਾਂ ਦੌਰਾਨ ਸਰਕਾਰ ਦੀ ਸੋਨਾ ਵੇਚਣ ਵਾਲੀ ਪਾਲਿਸੀ ਦੀ ਨਿਖੇਧੀ ਕਰਨੀ ਸ਼ੁਰੂ ਕਰ ਦਿੱਤੀ। ਇਸ ਵਿਚ ਕੌਰਬਿਨ ਉਨ੍ਹਾਂ ਦੀਆਂ ਦਲੀਲਾਂ ਦੀ ਪੁਸ਼ਟੀ ਵੀ ਕਰਦਾ ਸੀ ਤੇ ਉਨ੍ਹਾਂ ਦੀ ਮਦਦ ਵੀ।

ਇਸਦੇ ਨਾਲ ਹੀ ਕੌਰਬਨ ਨੇ ਆਪਣੇ ਸਾਲੇ ਗਰਾਂਟ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਉਹ ਜਨਰਲ ਡੇਨੀਅਲ ਬਟਰਫੀਲਡ ਨੂੰ ਅਮਰੀਕਾ ਦੀ ਟਰੀਜ਼ਰੀ (ਖਜ਼ਾਨੇ ਦਾ) ਦਾ ਸਹਾਇਕ ਬਨਾਉਣ ਲਈ ਲੌਬੀ ਕਰੇ ਤੇ ਕੰਮ ਹਰ ਹਾਲਤ ਵਿਚ ਕਰੇ। ਇਸਤਰ੍ਹਾਂ ਬਟਰਫੀਲਡ ਆਪਣੇ ਆਦਮੀਆਂ ਨੂੰ ਇਹ ਦਸ ਦੇਵੇਗਾ ਕਿ ਕਦੋਂ ਸਰਕਾਰ ਦੀ ਸੋਨੇ ਪ੍ਰਤੀ ਕੀ ਪਾਲਿਸੀ ਹੈ?

**1869** ਦੀਆਂ ਗਰਮੀਆਂ ਦੌਰਾਨ ਗੋਲਡ ਨੇ ਬਹੁਤ ਸਾਰਾ ਸੋਨਾ ਖਰੀਦ ਲਿਆ। ਉਸ ਨੇ ਇਹ ਸੋਨਾ ਅੱਗੇ ਵੇਚਣ ਲਈ ਨਹੀ ਖਰੀਦਿਆ ਸੀ। ਇਸ ਨਾਲ ਮਾਰਕੀਟ ਵਿਚ ਵਸਤਾਂ ਦੀ ਕੀਮਤ ਵਧ ਗਈ। ਉਸ ਵਕਤ ਜਦੋਂ ਕੀਮਤਾਂ ਅਸਮਾਨ ਛੋਹ ਰਹੀਆਂ ਸਨ ਤਾਂ ਪਰੈਜ਼ੀਡੈਂਟ ਗਰਾਂਟ ਨੇ ਮਹਿਸੂਸ ਕੀਤਾ ਕਿ ਕੀ ਹੋ ਰਿਹਾ ਹੈ। ਸਥਿਤੀ ਨੂੰ ਕਾਬੂ ਕਰਨ ਲਈ, ਫੈਡਰਲ ਸਰਕਾਰ ਨੇ ਚਾਰ ਮਿਲੀਅਨ ਦਾ ਸੋਨਾ ਵੇਚ ਦਿੱਤਾ। ਸਤੰਬਰ **20, 1869** ਨੂੰ ਗੋਲਡ ਤੇ ਫਿਸਕ ਦੀ ਜਮ੍ਹਾਖੋਰੀ ਸਕਤੇ ਵਿਚ ਆ ਗਈ। ਸਤੰਬਰ **24, 1869,** ਸੋਨੇ ਦਾ ਭਾਅ ਦੂਣਾ ਹੋ ਗਿਆ ਇਹ ਵਾਧਾ **30%** ਤੱਕ ਹੋ ਗਿਆ ਪਰ ਜਦੋਂ ਸਰਕਾਰ ਦੇ ਵੇਚੇ ਸੋਨੇ ਨੇ ਮਾਰਕੀਟ ਨੂੰ ਹਿਟ ਕੀਤਾ ਤਾਂ ਸੋਨੇ ਦਾ ਭਾਅ ਡਿਗ ਪਿਆ। ਇੰਨਵੈਸਟਰਾਂ ਵਿਚ ਆਪਣੀ ਸੋਨੇ ਦੀ ਜਮ੍ਹਾਖੋਰੀ ਨੂੰ ਬਾਹਰ ਕਢਣ ਦੀ ਦੌੜ ਲੱਗ ਗਈ। ਉਨ੍ਹਾਂ ਵਿਚੋਂ ਸਮੇਤ ਕੌਰਬਿਨ ਦੇ ਕਈ ਬਰਬਾਦ ਹੋ ਗਏ।

ਫਿਸਕ ਤੇ ਗੋਲਡ ਨੇ ਆਪਣਾ ਬਹੁਤਾ ਨੁਕਸਾਨ ਹੋਣ ਤੋਂ ਬਚਾ ਕਰ ਲਿਆ। ਇੱਕ ਦਿਨ ਵਿਚ ਹੀ ਸੋਨੇ ਦੀ ਖਰੀਦ ਵੇਚ ਕਈ ਵਾਰ ਬਦਲੀ, ਆਪਣੇ ਪੂਰੇ ਜੋਬਨ ਵਿਚ ਸੋਨੇ ਦੀ ਕੀਮਤ **162** ਡਾਲਰ ਪ੍ਰਤੀ ਔਂਸ ਸੀ। ਮਾਰਟਿਨ ਆਰਮਸਟੌਂਗ ਅਨੁਸਾਰ ਇਹ ਕੀਮਤ ਅਗਲੇ ਸੌ ਸਾਲਾਂ ਤੱਕ ਵੀ ਨਹੀ ਹੋਵੇਗੀ।

ਇਸਤੋਂ ਬਾਦ ਜੇਮਜ਼.ਏ. ਗਾਰਫੀਲਡ ਦੀ ਅਗਵਾਈ ਵਿਚ ਇਸਦੀ ਘੋਖ ਕੀਤੀ ਗਈ।

ਇਹ ਇੰਨਵੈਸਟੀਗੇਸ਼ਨ, ਇੱਕ ਪਾਸੇ ਤਾਂ ਸੀਮਤ ਰਹੀ ਕਿਉਂਕਿ ਵਿਰਜਿਨੀਆਂ ਕੋਰਬਿਨ ਤੇ ਫਸਟ ਲੇਡੀ ਜੁਲੀਆ ਗਰਾਂਟ ਨੂੰ ਗਵਾਹੀ ਦੇਣ ਦੀ ਇਜਾਜ਼ਤ ਹੀ ਨਹੀ ਮਿਲੀ ਗਾਰਫੀਲਡ ਦੀ ਆਤਮ ਕਥਾ ਲਿਖਣ ਵਾਲਾ, ਐਲਨ ਪੈਸਕਿਨ ਅਨੁਸਾਰ ਇੰਨਵੈਸਟੀਗੇਸ਼ਨ ਫਿਰ ਵੀ ਠੀਕ ਢੰਗ ਨਾਲ ਚਲੀ। ਇਸ ਦੇ ਨਤੀਜਿਆਂ ਵਜੋਂ ਬਟਰਫੀਲਡ ਨੇ ਅਮਰੀਕਾ ਦੇ ਖਜ਼ਾਨਾ ਮਹਿਕਮੇ ਤੋਂ ਅਸਤੀਫਾ ਦੇ ਦਿੱਤਾ। ਹੈਨਰੀ ਐਡਮ ਦਾ ਵਿਸ਼ਵਾਸ ਸੀ ਕਿ ਪਰੈਜੀਡੈਂਟ ਉਲੀਸੈਸ.ਐਸ. ਗਰਾਂਟ ਨੇ ਇਹ ਸਭ ਕੁਝ ਬਰਦਾਸ਼ਤ ਕੀਤਾ, ਇਸਨੂੰ ਬੜਾਵਾ ਦਿੱਤਾ ਤੇ ਹੋ ਸਕਦਾ ਹੈ ਕਿ ਉਹ ਵੀ ਇਸ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਵੇ। ਇਸਨੂੰ **1870** ਵਿਚ ਨਿਉਯਾਰਕ ਗੋਲਡ ਕਾਨਸਪੀਰੇਸੀ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ।

ਗਰਾਂਟ ਦੀ ਸ਼ਕੀ ਸ਼ਮੂਲੀਅਤ ਕਾਰਣ, ਉਸਦੇ ਰਾਜਕਾਲ ਨੂੰ ਗੁਡ ਸਟੀਲਿੰਗ ਦਾ ਯੁਗ ਕਿਹਾ ਜਾਂਦਾ ਹੈ।

ਭਾਵੇਂ ਕਿ ਪਰੈਜ਼ੀਡੈਂਟ ਸਿਧੇ ਰੂਪ ਵਿਚ ਇਸ ਵਿਚ ਸ਼ਾਮਲ ਨਹੀ ਸੀ ਪਰ ਉਸਦੀ ਗੋਲਡ ਤੇ ਫਿਸਕ ਨਾਲ ਜਾਤੀ ਯਾਰੀ ਨੇ ਇਹ ਇਸ਼ਾਰਾ ਜ਼ਰੂਰ ਕੀਤਾ ਕਿ ਉਨ੍ਹਾਂ ਨੇ ਰਲਕੇ ਸੋਨੇ ਦੀ ਮਾਰਕੀਟ ਦਾ ਬਬਲ ਬਣਾਇਆ।

ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਪਰੈਜ਼ੀਡੈਂਟ ਗੋਲਡ ਨੇ ਉਸ ਵਕਤ ਰਲੀਜ਼ ਕੀਤਾ ਜਦੋਂ ਸੋਨੇ ਦਾ ਭਾਅ ਮਾਰਕੀਟ ਵਿਚ ਅਸਮਾਨੀ ਚੜ੍ਹਣ ਵੱਲ ਰੁਚਿਤ ਸੀ। ਗਰਾਂਟ ਦਾ ਇਹ ਕਹਿੰਣਾ ਕਿ ਉਸਨੇ ਗੋਲਡ ਤੇ ਫਿਸਕ ਦੇ ਇਸ ਮਨਸੂਬੇ ਨੂੰ ਇਨਕਾਰ ਕਰ ਦਿੱਤਾ ਸੀ ਕਿ ਗੋਲਡ ਮਾਰਕੀਟ ਨੂੰ ਨੁੱਕਰੇ ਲਾਇਆ ਜਾਵੇ, ਤੇ ਇਹ ਉਦੋਂ ਹੋਇਆ ਜਦੋਂ ਸਰਕਾਰ ਦੀ ਸੋਨਾ ਵੇਚਣ ਦੀ ਕੋਈ ਮਨਸ਼ਾ ਨਹੀ ਸੀ। ਇਹ ਵੀ ਕਿਹਾ ਗਿਆ ਕਿ ਅਮਰੀਕਾ ਦੀ ਸੋਨਾ ਵੇਚਣ ਪਿੱਛੇ ਕਿਸਾਨ ਸਮਾਜ ਦੀ ਮਦਦ ਕਰਨਾ ਸੀ ਤਾਂਕਿ **1869** ਵਿਚ ਉਨ੍ਹਾਂ ਦੀ ਕਣਕ ਯੋਰਪ ਨੂੰ ਵੇਚੀ ਜਾ ਸਕੇ।

ਫਿਸਕ ਦੀ ਜ਼ਿੰਦਗੀ ਬਾਰੇ **1937** ਵਿਚ ਇੱਕ ਫਿਲਮ ' ਟੋਸਟ ਔਫ ਨਿਉ ਯਾਰਕ' ਵੀ ਬਣੀ।

ਇਸ ਘਟਨਾ ਬਾਰੇ ਰੌਕ ਬੈਂਡ ਸਟੀਲੀ ਡੈਨ ਦਾ ਇੱਕ ਗਾਣਾ 'ਬਲੈਕ ਫਰਾਇਡੇ' ਇਸ ਸਾਰੇ ਘਟਨਾ ਕਰਮ ਵੱਲ ਹੀ ਇਸ਼ਾਰਾ ਕਰਦਾ ਹੈ।

32

# ਬੁਕਮ ਸਿੰਘ ਦਾ ਯਾਦਗਾਰੀ ਸਮਾਰਕ

ਪਹਿਲੀ ਸੰਸਾਰ ਜੰਗ ਵੇਲੇ ਕੈਨੇਡੀਅਨ ਫੌਜ ਵਲੋਂ ਜੰਗ ਵਿਚ ਇੱਕੋ ਇੱਕ ਸਿਖ ਜਿਸਨੇ ਭਾਗ ਲਿਆ, ਉਸਦਾ ਨਾਮ ਬੁਕਮ ਸੀ, ਜਾਂ ਕਹਿ ਸਕਦੇ ਹਾਂ ਕਿ ਉਸਦਾ ਨਾਮ ਬੁਕਮ ਸਿੰਘ ਹੈ। ਬੁਕਮ ਸਿੰਘ ਦੇ ਨਾਮ ਨਾਲ ਪਰਾਈਵੇਟ ਲਾਉਣਾ, ਯਕੀਨਨ ਵੇਲੇ ਦੀ ਸਰਕਾਰ ਦੀ ਕੋਈ ਪਾਲਿਸੀ ਹੋਵੇਗੀ।

## ਬੁਕਮ ਸਿੰਘ ਦਾ ਯਾਦਗਾਰੀ ਸਮਾਰਕ

ਮਿਲਟਰੀ ਇਤਿਹਾਸ ਵਿਚ ਸਿੱਖ ਫੌਜੀਆਂ ਦਾ ਇਤਿਹਾਸ ਮਾਣ ਮਤਾ ਹੈ। ਇਹ ਸਾਡੇ ਸਭਿਆਚਾਰ ਦਾ ਜ਼ਰੂਰੀ ਅੰਗ ਹੈ। ਆਪਣੇ ਦੇਸ਼ ਦੀ ਖਾਤਰ ਜਾਨ ਵਾਰਨ ਵਾਲੇ ਅਣਗਿਣਤ ਸਿੱਖ ਫੌਜੀਆਂ ਦੀ ਇੱਕ ਨਾ ਮੁਕਣ ਵਾਲੀ ਲਾਇਨ ਹੈ। ਪਹਿਲੀ ਸੰਸਾਰ ਵਿਚ ਹਿੱਸਾ ਲੈਣ ਵਾਲੇ ਸਿੱਖ ਫੌਜੀਆਂ ਦੀ ਗਿਣਤੀ **65000** ਸੀ ਤੇ ਦੂਜੀ ਸੰਸਾਰ ਵਿਚ ਇਨ੍ਹਾਂ ਦੀ ਗਿਣਤੀ ਤਿੰਨ ਲੱਖ ਤੋਂ ਉਪਰ ਸੀ। ਇਸ ਸੰਦਰਭ ਵਿਚ ਆਏ ਦਿਨ-ਸੁਧ ਅਸੀਂ ਬੜੀ ਸ਼ਰਧਾ ਨਾਲ ਮਨਾਉਂਦੇ ਹੋਏ ਉਨ੍ਹਾਂ ਨੂੰ ਸ਼ਰਧਾਜਲੀ ਭੇਂਟ ਕਰਦੇ ਹਾਂ। ਇਸ ਗਿਣਤੀ ਵਿਚ ਵਖਰਾ ਦਿਸਣ ਵਾਲਾ ਇੱਕ ਨਾਮ ਬੁਕਮ ਸਿੰਘ ਹੈ, ਜਿਸਨੇ ਕੈਨੇਡਾ ਵਲੋਂ ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲਿਆ।

ਬੁਕਮ ਸਿੰਘ ਦਾ ਸਮਾਰਕ ਚਿਨ੍ਹ, ਕਿਚਨਰ ਓਨਟੈਰੀਓ ਦੀ ਮਾਊਂਟ ਹੋਪ ਸਮੇਟਰੀ ਵਿਚ ਸਥਾਪਿਤ ਹੈ। ਕੈਨੇਡਾ ਵਿਚ ਸੰਸਾਰ ਜੰਗਾਂ ਦਾ ਇਹ ਇੱਕੋ ਇੱਕ ਸਿੱਖ ਫੌਜੀ ਦਾ ਸਮਾਰਕ ਹੈ। ਪਹਿਲੀ ਸੰਸਾਰ ਜੰਗ ਵਿਚ, ਫਰਾਂਸ ਦੇ ਮੈਦਾਨੇ-ਜੰਗ ਵਿਚ ਇਹ ਦੋ ਵਾਰੀ ਫੱਟੜ ਹੋਏ। ਪਹਿਲੀ ਸੰਸਾਰ ਜੰਗ ਵਿਚ ਕੈਨੇਡਾ ਵਲੋਂ ਲੜੀ ਫੌਜ਼ ਵਿਚ ਸ਼ਾਮਲ ਨੌਂ ਸਿੱਖ ਫੌਜੀਆਂ ਵਿਚੋਂ ਇੱਕ ਸੀ। ਜੰਗ ਦੇ ਮੈਡਲਾਂ ਤੇ ਮਿਲਟਰੀ ਸਮਾਰਕਾਂ ਦੀ ਖੋਜ਼ ਨਾਲ, ਸਿੱਖ ਕਮਿਨੀਓਟੀ ਨੇ ਇਸ ਭੁਲਾਏ ਗਏ ਸਪੁੱਤਰ ਨੂੰ ਮੁੜ ਯਾਦ ਕਰਕੇ ਸਾਹਮਣੇ ਲਿਆਂਦਾ ਹੈ ਤੇ ਕੈਨੇਡਾ ਨੇ ਵੀ ਇਸ ਲਾਸਾਨੀ ਕੁਰਬਾਨੀ ਦੀ ਕਹਾਣੀ ਨੂੰ, ਜੋ ਭੁਲੀ ਹੋਈ ਸੀ ਮੁੜ ਯਾਦ ਕੀਤਾ ਹੈ ਤੇ ਤੱਤ ਇੱਕਠੇ ਕੀਤੇ ਹਨ।

## ਸ਼ੁਰੂਆਤੀ ਜ਼ਿੰਦਗੀ

ਬੁੱਕਮ ਸਿੰਘ ਦਾ ਜਨਮ ਦਸੰਬਰ **5, 1893** ਦਾ ਹੈ। ਇਹ ਪੰਜਾਬ ਦੇ ਜਿਲ੍ਹੇ ਹੁਸ਼ਿਆਰਪੁਰ ਸਥਿਤ ਮਹਿਲਪੁਰ ਦੇ ਸਨ। ਪਿਤਾ ਦਾ ਨਾਮ ਬਦਨ ਸਿੰਘ ਬੈਂਸ ਤੇ ਮਾਤਾ ਦਾ ਨਾਮ ਸੈਂਦੀ ਕੌਰ ਸੀ। **1903**, ਜਦੋਂ ਇਨ੍ਹਾਂ ਦੀ ਉਮਰ ਦਸ ਸਾਲ ਸੀ, ਬੁਕਮ ਸਿੰਘ ਦਾ ਵਿਆਹ ਪ੍ਰੀਤਮ ਕੌਰ ਨਾਲ ਹੋ ਗਿਆ ਜੋ ਪੰਜਾਬ ਦੇ ਜਿਲ੍ਹੇ ਜਲੰਧਰ, ਜਮਸ਼ੇਰ ਨਾਲ ਸਬੰਧਿਤ

ਸਨ। ਉਨ੍ਹਾਂ ਦਿਨਾਂ ਵਿਚ ਇਹ ਰੀਤ ਸੀ ਕਿ ਵਿਆਹ ਪਰਿਵਾਰਾਂ ਦੀ ਸਹਿਮਤੀ ਨਾਲ ਛੋਟੀ ਉਮਰ ਵਿਚ ਹੀ ਹੋ ਜਾਂਦਾ ਸੀ। ਭਾਵੇਂ ਇਹ ਵਿਆਹ ਹੋ ਜਾਂਦਾ ਸੀ ਪਰ ਦੋਵੇਂ ਇੱਕ ਦੂਜੇ ਨੂੰ, ਮਿਲ ਵੇਖ ਨਹੀ ਸਕਦੇ ਸਨ। ਮੁਕਲਾਵੇ ਦੀ ਰਸਮ ਤੋਂ ਬਾਦ ਹੀ ਉਹ ਇੱਕਠੇ ਪਤੀ ਪਤਨੀ ਵਾਂਗ ਰਹਿ ਸਕਦੇ ਸਨ।

## ਆਉ ਵੇਖਦੇ ਹਾਂ ਕਿ ਬੁੱਕਮ ਸਿੰਘ ਕੈਨੇਡਾ ਕਿਸਤਰ੍ਹਾਂ ਆਏ?

## ਸਿੱਖ ਡਾਇਮੰਡ ਜੁਬਲੀ-ਅਟੈਡੈਂਟ ਲੰਡਨ 1897

**1897** ਵਿਚ ਕੁਵੀਨ ਵਿਕਟੋਰੀਆ ਵਲੋਂ ਡਾਇਮੰਡ ਜੁਬਲੀ **1897** ਨੂੰ ਲੰਡਨ ਵਿਖੇ ਮਨਾਈ ਗਈ। ਇਸ ਵਿਚ ਸੱਦੇ ਗਏ ਸਿੱਖ ਫੌਜੀਆਂ ਨੂੰ ਸਭਤੋਂ ਪਹਿਲਾਂ ਕੈਨੇਡਾ ਜਾਣ ਦਾ ਮੌਕਾ ਮਿਲਿਆ। ਇਹ ਰੇਲ ਗੱਡੀ ਰਾਹੀਂ ਕੈਨੇਡਾ ਆਏ ਤੇ ਇੱਥੋਂ ਦੀ ਹਰਿਆਵਲ, ਕੁਦਰਤੀ ਨਜ਼ਾਰਿਆਂ ਨਾਲ ਮੋਹੇ ਗਏ। ਖੇਤੀ, ਸਬਜੀਆਂ ਤੇ ਉਪਜਾਉ ਜ਼ਮੀਨ ਨੇ ਉਨ੍ਹਾਂ ਨੂੰ ਪੰਜਾਬ ਦੀ ਯਾਦ ਚੇਤੇ ਕਰਵਾ ਦਿੱਤੀ। ਇਹ ਜਦੋਂ ਵਾਪਸ ਗਏ ਤੇ ਇਹ ਖ਼ਬਰ ਚਾਰੇ ਪਾਸੇ ਫੈਲ ਗਈ ਤੇ ਕੈਨੇਡਾ ਬਾਰੇ ਸੁਪਨਈ ਖਿਆਲਾਂ ਨੇ ਜਨਮ ਲਿਆ। ਸਿੱਖਾਂ ਦਾ ਇੱਕ ਜੱਥਾ ਸਭਤੋਂ ਪਹਿਲਾਂ ਕੈਨੇਡਾ ਜਾਣ ਲਈ ਤਿਆਰ ਹੋ ਗਿਆ ਤੇ ਇਸ ਪਹਿਲੇ ਜੱਥੇ ਵਿਚ ਹੀ ਬਿਕਮ ਸਿੰਘ, ਜਿਨ੍ਹਾਂ ਦੀ ਉਮਰ ਉਸ ਵੇਲੇ **14** ਸਾਲ ਸੀ, ਸ਼ਾਮਲ ਹੋਕੇ **1907** ਵਿਚ ਕੈਨੇਡਾ ਪਹੁੰਚ ਗਏ।

ਇਹ ਉਹ ਮੌਕਾ ਸੀ ਜਦੋਂ ਉਹ ਆਪਣੇ ਨਾਲ ਪਰਿਵਾਰ ਨਹੀ ਲਿਆ ਸਕਦੇ ਸਨ। ਪਤਨੀ ਤੇ ਬੱਚਿਆਂ ਨੂੰ ਲਿਆਉਣ ਤੋਂ ਇਨਕਾਰ ਨੇ, ਉਨ੍ਹਾਂ ਨੇ ਆਸ ਕੀਤੀ ਸੀ ਕਿ ਜਲਦ ਹੀ ਉਹ ਵਾਪਸ ਮੁੜ ਜਾਣਗੇ। **1904– 1920** ਦੌਰਾਨ ਸਿਰਫ ਨੌਂ ਔਰਤਾਂ ਨੂੰ ਹੀ ਕੈਨੇਡਾ ਵਿਚ ਇੰਮੀਗਰੇਸ਼ਨ ਮਿਲ ਸਕੀ। ਬੁਕਮ ਸਿੰਘ ਦਾ ਇਹ ਸੁਪਨਾ ਕਿ ਇੱਕ ਦਿਨ ਉਹ ਆਪਣੀ ਪਤਨੀ ਪ੍ਰੀਤਮ ਕੌਰ ਨੂੰ ਵੀ ਕੈਨੇਡਾ ਲੈ ਆਵੇਗਾ, ਢਹਿ ਢੇਰੀ ਹੋ ਗਿਆ।

ਇੰਮੀਗਰੇਸ਼ਨ ਤੇ ਯੂਨੀਅਨਾਂ ਦੇ ਕਾਨੂੰਨ ਅਨੁਸਾਰ ਜਿਹੜੇ ਸਿੱਖ ਇੰਮੀਗਰੈਂਟ ਬਣ ਚੁੱਕੇ ਸਨ, ਉਹ ਸਿਰਫ ਸੈਮੀ ਸਕਿਲ ਵਲੇ ਕੰਮ ਹੀ ਕਰ ਸਕਦੇ ਸਨ, ਜਿਵੇਂ ਖੇਤੀ ਦਾ ਕੰਮ, ਰੇਲਵੇ, ਆਰਾ ਮਿੱਲਾਂ ਜਾਂ ਖਾਨਾਂ ਵਿਚ ਹੀ ਕੰਮ ਕਰ ਸਕਦੇ ਸਨ। ਇਸ ਨਾਲ ਕੋਈ ਫਰਕ ਨਹੀ ਪੈਂਦਾ ਸੀ ਕਿ ਉਨ੍ਹਾਂ ਦੀ ਪੜ੍ਹਾਈ ਲਿਖਾਈ ਕੀ ਹੈ, ਭਾਵੇਂ ਉਹ ਡਾਕਟਰ, ਇੰਨਜਿਨੀਅਰ, ਖਰਾਦੀਏ ਵੀ ਹੋਣ। ਇਸ ਸਮੇਂ ਦੌਰਾਨ ਬੁਕਮ ਸਿੰਘ ਬ੍ਰਿਟਿਸ਼ ਕੋਲੰਬੀਆ ਦੀ ਖਾਨ ਇੰਡਸਟਰੀ ਵਿਚ ਕੰਮ ਕਰਦਾ ਸੀ।

ਭਾਵੇਂ ਸਿੱਖ ਆਪੋ ਆਪਣੇ ਕੰਮਾਂ ਵਿਚ ਨਿਪੁੰਨ ਵੀ ਹੋ ਗਏ, ਫਿਰ ਵੀ ਉਨ੍ਹਾਂ ਨੂੰ ਹੋਰ ਐਡਵਾਂਸ ਸਕਿਲਾਂ ਵਿਚ ਜਾਣ ਦੀ ਮਨਾਹੀ ਸੀ। ਸਰਕਾਰੀ ਕਾਨੂੰਨ ਉਨ੍ਹਾਂ ਨੂੰ ਵੋਟ ਪਾਉਣ ਜਾਂ ਕਿਸੇ ਪਬਲਿਕ ਆਫਿਸ ਦੀ ਇਜਾਜ਼ਤ ਨਹੀ ਦਿੰਦਾ ਸੀ। ਸਰਕਾਰੀ ਨੌਕਰੀ ਤੇ ਦੂਰ ਦੀ ਗੱਲ

ਸੀ। ਕੰਮ ਦੇ ਠੇਕੇ ਲੈਣੇ, ਕਾਨੂੰਨ ਵਿਚ ਸ਼ਾਮਲ ਹੋਣਾ ਜਾਂ ਕਿਸੇ ਫਾਰਮੇਸੀ ਨੂੰ ਖਰੀਦਣਾ ਆਦਿ ਕੰਮਾਂ ਲਈ ਰੋਕ ਸੀ। ਸ਼ਾਇਦ ਇਹੋ ਹੀ ਕਾਰਣ ਸੀ ਕਿ ਇਤਨੀਆਂ ਰੁਕਾਵਟਾਂ ਕਰਕੇ ਵੀਹ ਸਾਲ ਦੀ ਉਮਰ ਵਿਚ ਬੁਕਮ ਸਿੰਘ ਨੇ **1912/1913** ਵਿਚ ਬ੍ਰਿਟਿਸ਼ ਕੋਲੰਬੀਆ ਨੂੰ ਛਡ ਦਿੱਤਾ ਤੇ ਉਹ ਨਵੇਂ ਮੌਕਿਆਂ ਦੀ ਤਲਾਸ਼ ਵਿਚ ਉਨਟੈਰੀਓ ਆ ਗਏ।

ਦਸਤਾਵੇਜਾਂ ਮੁਤਾਬਕ, ਉਨਟੈਰੀਓ ਵਿਚ ਰਹਿੰਣ ਵਾਲੇ ਪਹਿਲੇ ਸਿੱਖਾਂ ਵਿਚੋਂ ਇੱਕ ਸੀ ਬੁਕਮ ਸਿੰਘ। ਦਸਤਾਵੇਜਾਂ ਮੁਤਾਬਕ ਸਭਤੋਂ ਪਹਿਲਾਂ ਡਾ.ਸੁੰਦਰ ਸਿੰਘ ਉਨਟੈਰੀਓ ਵਿਚ ਆਏ, ਜਿਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸਿੱਖ ਕਮਿਉਨਟੀ ਨੇ ਆਪਣੇ ਹੱਕ ਵਿਚ ਲੌਬੀ ਕਰਨ ਲਈ ਮਕਸਦ ਤਹਿਤ ਭੇਜਿਆ ਸੀ।

ਦਸੰਬਰ **1911** ਤੋਂ ਜਨਵਰੀ **1917** ਤੱਕ ਡਾ.ਸੁੰਦਰ ਸਿੰਘ ਨੇ ਟਰਾਂਟੋ ਵਿਖੇ ਕਈ ਪਬਲਿਕ ਤਕਰੀਰਾਂ ਕੀਤੀਆਂ। ਵਾਪਸ ਮੁੜਦੇ ਹਾਂ ਬੁਕਮ ਸਿੰਘ ਵੱਲ, ਟਰਾਂਟੋ ਵਿਚ ਦੋ ਸਾਲ ਬਿਤਾਉਣ ਤੋਂ ਬਾਦ, ਉਨ੍ਹਾਂ ਖੇਤੀ ਦਾ ਕੰਮ ਕੀਤਾ, ਇਹ ਫਾਰਮ ਸਨ,

W.H.Moore at Rosebank Ontario

ਜਿੱਥੇ ਉਨ੍ਹਾਂ ਹੱਡ ਭੰਨਵੀ ਮੇਹਨਤ ਕੀਤੀ। ਉਨ੍ਹਾਂ ਨੇ ਇੱਥੇ ਛੇ ਮਹੀਨੇ ਕੰਮ ਕੀਤਾ ਤੇ ਫਿਰ ਫੌਜ਼ ਵਿਚ ਨੌਕਰੀ ਕਰ ਲਈ ਤਾਂ ਕਿ ਜ਼ਿੰਦਗੀ ਦਾ ਅਗਲਾ ਪੜ੍ਹਾ ਸ਼ੁਰੂ ਹੋ ਸਕੇ।

ਅਗਸਤ **4, 1914** ਨੂੰ ਜਦੋਂ ਗਰੇਟ ਬਰਟੇਨ ਨੇ ਜਰਮਨੀ ਦੇ ਖਿਲਾਫ ਜੰਗ ਦਾ ਬਿਗਲ ਵਜਾਇਆ ਤਾਂ ਕੈਨੇਡਾ ਆਪਣੇ ਆਪ ਹੀ ਇਸ ਵਿਚ ਸ਼ਾਮਲ ਹੋ ਗਿਆ, ਕਿਉਕਿ ਕੈਨੇਡਾ ਬ੍ਰਿਟਿਸ਼ ਇੰਮਪਾਇਰ ਦਾ ਮੈਂਬਰ ਸੀ। ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਕੈਨੇਡੀਅਨ ਫੌਜਾਂ ਕੈਨੇਡੀਅਨ ਵਿਚ ਜਨਮੇ ਕਮਾਂਡਰ ਦੀ ਕਮਾਂਡ ਹੇਠ ਇੱਕ ਸੁਤੰਤਰ ਯੁਨਿਟ ਰਾਹੀਂ ਲੜ ਰਹੀਆਂ ਸਨ।

ਸ਼ੁਰੂ ਵਿਚ ਘਟ ਗਿਣਤੀਆਂ ਇਸ ਵਿਚ ਸ਼ਾਮਲ ਨਹੀ ਕੀਤੀਆਂ ਗਈਆਂ ਸਨ। ਜਦੋਂ ਸਿਡਨੀ, ਨੋਵਾ ਸਕੋਸ਼ੀਆ ਦੇ **50** ਕਾਲਿਆਂ ਨੇ ਆਪਣੀ ਮਰਜੀ ਨਾਲ ਸੇਵਾਵਾਂ ਪੇਸ਼ ਕੀਤੀਆਂ ਤਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਜੰਗ ਤੁਹਾਡੇ ਲਈ ਨਹੀ ਹੈ, ਇਹ ਗੋਰਿਆਂ ਦੀ ਲੜਾਈ ਹੈ। **1915** ਤੱਕ ਕਾਨੂੰਨ ਕੁਝ ਨਰਮ ਹੋਏ ਤਾਂ ਕਾਲੇ, ਆਦਿਵਾਸੀ ਤੇ ਜਪਾਨੀ ਮੂਲ ਵਾਲੇ ਕੈਨੇਡੀਅਨਾਂ ਨੂੰ ਫੌਜ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ ਪਰ ਆਮ ਤੌਰ ਤੇ ਇਨ੍ਹਾਂ ਨੂੰ ਵਖਰੇ ਯੁਨਿਟਾਂ ਵਿਚ ਰਖਿਆ ਜਾਂਦਾ ਤੇ ਉਨ੍ਹਾਂ ਦੀ ਯਾਤਰਾ ਤੇ ਕੈਂਪ ਵੀ ਵਖਰੇ ਹੁੰਦੇ।

ਇਹ ਵੀ ਦਿਲਚਸਪ ਹੈ ਕਿ ਬੁਕਮ ਸਿੰਘ ਤੇ ਅੱਠ ਹੋਰ ਸਿੱਖ ਕੈਨੇਡੀਅਨ ਫੌਜੀਆਂ ਨੂੰ ਇਸ ਵਡੀ ਜੰਗ ਵਿਚ ਕੈਨੇਡਾ ਦੀ ਮੁੱਖ-ਧਾਰਾ ਵਿਚ ਹੀ ਸ਼ਾਮਲ ਕੀਤਾ ਗਿਆ ਤੇ ਕੈਨੇਡੀਅਨ ਫੌਜਾਂ ਦੀ ਮੁੱਖ-ਧਾਰਾ ਦਾ ਹੀ ਰੁਤਬਾ ਮਿਲਿਆ।

## ਫੌਜੀ ਧਰਮ ਪ੍ਰਤੀ ਸੁਹਿਰਦਤਾ

ਅਪ੍ਰੈਲ 1915, ਰੋਜ਼ਬੈਂਕ ਉਨਟੈਰੀਓ ਦਾ ਫਾਰਮ ਛਡ ਕੇ, ਬੁਕਮ ਸਿੰਘ ਸਮਿਥ ਫਾਲਜ਼ ਦੇ ਕਸਬੇ ਵਿਚ ਆ ਗਿਆ ਉਦੋਂ ਉਨ੍ਹਾਂ ਦੀ ਉਮਰ 22 ਸਾਲ ਸੀ। ਕੈਨੇਡੀਅਨ ਫੌਜ ਦੀ 59 ਬਟਾਲੀਅਨ ਜੋ ਇੱਕ ਮੁਹਿੰਮ ਫੋਰਸ ਸੀ, ਉਸ ਵਿਚ ਬੁਕਮ ਸਿੰਘ ਨੂੰ ਸ਼ਾਮਲ ਕਰ ਲਿਆ ਗਿਆ। ਅਪ੍ਰੈਲ 23, 1915 ਨੂੰ ਬੁਕਮ ਸਿੰਘ ਨੇ ਆਪਣੇ ਫੌਜੀ ਪੇਪਰਾਂ ਤੇ ਦਸਖ਼ਤ ਕੀਤੇ ਤੇ ਹਿਜ਼ ਮੈਜਿਸਟੀ ਕਿੰਗ ਜੌਰਜ ਫਿਫਥ ਦੇ ਵਫਾਦਾਰ ਰਹਿੰਣ ਦੀ ਕਸਮ ਖਾਧੀ। ਇਸਤਰ੍ਹਾਂ ਉਸਨੇ ਆਪਣਾ ਰੈਜਮੈਂਟ ਨੰਬਰ 454819 ਪ੍ਰਾਪਤ ਕੀਤਾ।

ਉਪਰੰਤ ਬੁਕਮ ਸਿੰਘ ਨੂੰ ਕਿੰਨਗਸਟਨ ਦੇ ਕੋਲ ਪੈਂਦੇ ਬੇਰੀਫੀਲਡ ਦੇ ਕੈਂਪ ਵਿਚ ਮੈਡੀਕਲ ਚੈੱਕ ਅੱਪ ਤੇ ਟਰੇਨਿੰਗ ਲਈ ਭੇਜ਼ ਦਿੱਤਾ ਗਿਆ। 59 ਬਟਾਲੀਅਨ ਉਸ ਵਕਤ ਲੈਫਟੀਨੈਂਟ ਕਰਨਲ ਐਚ.ਜੇ. ਡਾਅਸਨ ਦੀ ਕਮਾਡ ਵਿਚ ਸੀ।

ਬੁਕਮ ਸਿੰਘ ਦਾ ਦਸਤਾਵੇਜਾਂ ਤੇ ਨਾਮ 'Buk Am Singh 'ਦਰਜ਼ ਹੈ ਜਦੋਂ ਕਿ ਉਹ ਦਸਖਤ ਬੁਕਮ ਸਿੰਘ ਵਾਂਗ ਕਰਦਾ ਸੀ। ਰਿਕਾਰਡ ਮੁਤਾਬਕ ਉਸਦੀ ਲੰਬਾਈ ਪੰਜ ਫੁਟ ਸੱਤ ਇੰਚ ਸੀ ਤੇ ਰੰਗ ਸਾਂਵਲਾ ਸੀ।

ਇਹ ਵੀ ਜਾਨਣਾ ਦਿਲਚਸਪ ਰਹੇਗਾ ਕਿ ਭਰਤੀ ਵੇਲੇ ਫਾਰਮ ਵੇਲੇ ਜੋ ਧਰਮ ਦਾ ਖਾਨਾ ਸੀ ਉਸ ਵਿਚ ਚੋਣ ਵਾਲੇ ਨਾਮ ਇਸਤਰਾਂ ਸੀ;-

– Church of England, Presbyter}n, Methodist, Baptist, Other Protestants, Roman Catholic or Jewish

ਸਿੱਖ ਧਰਮ ਜਾਂ ਹੋਰ ਕਿਸੇ ਧਰਮ ਬਾਰੇ ਕੋਈ ਖਾਨਾ ਨਹੀ ਸੀ। ਇਸ ਲਈ ਡਿਫਾਲਟ ਦੇ ਤੌਰ ਤੇ ਦਫ਼ਤਰ ਦੇ ਕਲਰਕਾਂ ਨੇ ਚਰਚ ਔਫ ਇੰਗਲੈਂਡ, ਧਰਮ ਵਾਲੇ ਖਾਨੇ ਵਿਚ ਭਰ ਦਿੱਤਾ।

ਜਰਮਨ ਵਾਲਿਆਂ ਨੇ ਜ਼ਹਿਰੀਲੀ ਗੈਸ ਦੀ ਵਰਤੋਂ ਕੀਤੀ ਜਦੋਂ ਕੈਨੇਡੀਅਨ ਨਿਊਵੇ ਚੈਪਲ ਤੇ ਵਇਪਰਿਸ

(Neuve Chapelle and the Second Battle of Ypres)

ਵਿਚ ਲੜ ਰਹੇ ਸਨ। ਕੈਨੇਡਾ ਵਿਚ ਟਰੁਪਾਂ ਨੂੰ ਐਡਵਾਂਸ ਟਰੇਨਿੰਗ ਨਹੀ ਦਿੱਤੀ ਗਈ ਸੀ, ਇਸਲਈ ਇਹ ਜ਼ਰੂਰੀ ਹੋ ਗਿਆ ਕਿ ਉਨ੍ਹਾਂ ਨੂੰ ਉੱਥੋਂ ਕਢਕੇ ਯੋਰਪ ਲਿਆਂਦਾ ਜਾਵੇ। ਅਪ੍ਰੈਲ 24, 1915 ਨੂੰ, 48 ਘੰਟਿਆਂ ਦਾ ਇੱਕ ਇਹੋ ਜਿਹਾ ਸਮਾਂ ਵੀ ਆਇਆ ਜਦੋਂ ਕੈਨੇਡੀਅਨ ਫੌਜਾਂ ਦੀ 6000 ਗਿਣਤੀ ਮਾਰੀ ਗਈ, ਇਹ ਅਨੁਪਾਤ ਹਰ ਤਿੰਨਾਂ ਵਿਚੋਂ ਇੱਕ ਦਾ ਸੀ।

1915 ਦੇ ਸ਼ੁਰੂ ਵਿਚ, ਬਾਕੀ ਹੋਰ ਪੈਦਲ ਬਟਾਲੀਅਨਾਂ ਵਾਂਗ 59ਵੀਂ ਬਟਾਲੀਅਨ ਨੇ

ਵੀ 250 ਫੌਜੀਆਂ ਦੇ ਦੋ ਗਰੁਪ, ਉਸ ਸਾਲ ਦੀ ਗਰਮੀ ਤੇ ਪਤਝੜ ਵਿਚ ਭੇਜੇ ਪਰ ਬਾਕੀ ਬਟਾਲੀਅਨ ਨੇ 1916 ਦੀ ਬਹਾਰ ਮੌਸਮ ਨੂੰ ਹੀ ਸਮੁੰਦਰੀ ਯਾਤਰਾ ਆਰੰਭ ਕੀਤੀ। ਸਾਡਾ ਬੁਕਮ ਸਿੰਘ ਪਹਿਲਾਂ ਭੇਜੀ 250 ਫੌਜੀਆਂ ਦੀ ਟੁਕੜੀ ਵਿਚ ਸ਼ਾਮਲ ਸੀ। ਇਹ ਮੌਨਟਰੀਅਲ ਤੋਂ ਸਵਾਰ ਹੋਏ ਤੇ ਐਸ. ਐਸ. ਸਕਿਡੇਨੇਵੀਅਨ -2 ਸ਼ਿਪ ਰਾਹੀਂ ਅਗਸਤ 27, 1915 ਨੂੰ ਚਲੇ। ਬਿਕਮ ਸਿੰਘ ਤੇ ਉਸਦੇ ਸਾਥੀ ਸਤੰਬਰ 5, 1915 ਨੂੰ ਇੰਗਲੈਂਡ ਪਹੁੰਚ ਗਏ।

ਪਹੁੰਚਣ ਤੋਂ ਬਾਦ ਇਨ੍ਹਾਂ ਨਵੀਆਂ ਬਟਾਲੀਅਨਾਂ ਨੂੰ ਰਿਜ਼ਰਵ ਬਟਾਲੀਅਨ ਵਿਚ ਸਮੋ ਲਿਆ ਜਾਂਦਾ ਸੀ। ਇੱਥੋਂ ਹੀ ਲੋੜ ਅਨੁਸਾਰ ਉਨ੍ਹਾਂ ਨੂੰ ਵਖੋ ਵਖਰੇ ਟਰੁਪਾਂ ਵਿਚ ਭੇਜਿਆ ਜਾਂਦਾ ਸੀ, ਜਿੱਥੇ ਲੋੜ ਪੈਦਾ ਹੋ ਜਾਂਦੀ ਸੀ। ਇਸਤਰ੍ਹਾਂ ਬੁਕਮ ਸਿੰਘ ਨੂੰ 39ਵੀਂ ਰਿਜ਼ਰਵ ਬਟਾਲੀਅਨ ਵਿਚ ਸ਼ਾਮਲ ਕਰਕੇ ਇੰਤਜਾਰ ਕਰ ਰਹੀ ਨਿਯੁਕਤੀ ਵਿਚ ਤੈਨਾਤ ਕਰ ਦਿੱਤਾ ਗਿਆ।

### ਫਲੈਂਡਰਜ਼ ਮੁਹਾਜ਼

ਫਲੈਂਡਰਜ਼ ਬੈਲਜੀਅਮ ਦਾ ਹਿੱਸਾ ਹੈ, ਇਸਦਾ ਕੁਝ ਹਿੱਸਾ ਨੌਰਦਰਨ ਫਰਾਂਸ ਹੈ। ਇਸ ਕਰਕੇ ਪਹਿਲੀ ਸੰਸਾਰ ਦੇ ਫੌਜੀ ਆਪਣੀ ਨੌਕਰੀ ਦੀ ਜਗ੍ਹਾ ਦਸਣ ਲਈ 'ਵੈਸਟਰਨ ਫਰੰਟ 'ਫਰਾਂਸ'' ਹੀ ਵਰਤਦੇ ਹਨ ਭਾਵੇਂ ਇਹ ਫਰਾਂਸ ਹੋਵੇ ਜਾਂ ਬੈਲਜੀਅਮ।

ਵਾਈ ਪਰੈਸ (Ypres)ਇਸ ਇਲਾਕੇ ਦਾ ਇੱਕ ਐਸਾ ਕਸਬਾ ਹੈ ਜਿੱਥੇ ਜੰਮਕੇ ਜੰਗ ਹੋਈ। ਇਸ ਇਲਾਕੇ ਦੀ ਜੰਗ ਅਕਤੂਬਰ 1914 ਤੋਂ ਲੈਕੇ ਜੰਗ ਦੇ ਖਾਤਮੇ ਤੱਕ ਨਵੰਬਰ 1918 ਤੱਕ ਚਲੀ।

ਸਿੱਖ ਫੌਜੀ- ਬੁਕਮ ਸਿੰਘ ਦੇ 21 ਜਨਵਰੀ, 1916 ਨੂੰ ਫਰਾਂਸ ਪੁਜਣ ਤੇ, ਉਸਦੀ ਬਦਲੀ 39ਵੀਂ ਬਟਾਲੀਅਨ ਤੋਂ 20ਵੀਂ ਬਟਾਲੀਅਨ ਵਿਚ ਕਰ ਦਿੱਤੀ ਗਈ ਤੇ ਬੁਕਮ ਸਿੰਘ ਸਾਰੀ ਜੰਗ ਵਿਚ 20ਵੀਂ ਬਟਾਲੀਅਨ ਨਾਲ ਹੀ ਰਿਹਾ।

ਜਦੋਂ ਬੁਕਮ ਸਿੰਘ ਨੂੰ 20ਵੀਂ ਬਟਾਲੀਅਨ ਨਾਲ ਜੋੜ ਦਿੱਤਾ ਗਿਆ ਤਾਂ ਉਸਦੀ ਤੈਨਾਤੀ 4ਵੀਂ ਬਰਿਗੇਡ ਦੀ ਦੂਜੀ ਡਵੀਜ਼ਨ ਨਾਲ ਹੋਈ। ਇਹ ਫਰੰਟ ਦਾ ਮੁਹਾਜ਼ ਸੀ। ਇਸ ਵਿਚ ਨੋ-ਮੈਂਨ ਲੈਂਡ ਵਿਚ ਰਾਤ ਦੀ ਗਸ਼ਤ ਸ਼ਾਮਲ ਸੀ। ਬੇਅੰਤ ਤਾਰਾਂ ਤੇ ਬੰਕਰਾਂ ਦੀ ਮੁਰਮੰਤ ਕਰਨੀ ਪੈਂਦੀ ਸੀ। ਇਸੇ ਦੌਰਾਨ ਦੁਸ਼ਮਣ ਦੀ ਗੋਲਾਬਾਰੀ ਵੀ ਹੁੰਦੀ। ਲਗਾਤਾਰ ਅਠਾਰਾਂ ਦਿਨ ਫਰੰਟ ਤੇ ਰੁਟੀਨ ਦੇ ਤੇ ਛੇ ਦਿਨ ਡਿਫੈਂਸ ਤੇ ਡਿਊਟੀ ਦਿੰਦਿਆਂ, ਬਿਮਾਰੀਆਂ ਵੀ ਘੇਰ ਲੈਂਦੀਆਂ। ਮਾਰਚ, 1916 ਨੂੰ ਸਾਰੇ ਰੈਕਾਂ ਨੂੰ ਸਟੀਲ ਦੇ ਹੈਲਮਟ ਦਿੱਤੇ ਗਏ।

1916 ਦੀ ਬਸੰਤ ਰੁੱਤੇ, ਬ੍ਰਿਟਿਸ਼ ਸੈਕਿੰਡ ਆਰਮੀ ਕਮਾਂਡਰ ਨੇ ਫੈਸਲਾ ਕੀਤਾ ਕਿ ਸੇਂਟ ਇਲੁਈ ਤੋਂ ਫੌਜ਼ ਨੂੰ ਹਟਾ ਲਿਆ ਜਾਵੇ। ਹਮਲਾ ਤੇ ਜੁਆਬੀ ਹਮਲੇ ਨੇ 4ਵੀਂ ਬਟਾਲੀਅਨ ਨੇ 6ਵੀਂ ਬਟਾਲੀਅਨ ਵਲੋਂ ਗੁਆਈ ਚੌਂਕੀ ਨੂੰ ਮੁੜ ਆਪਣੇ ਕਬਜੇ ਵਿਚ ਕਰਨ ਦੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਨੇ ਇੱਕ ਚੌਂਕੀ ਤੇ ਮੁੜ ਕਬਜਾ ਕਰ ਲਿਆ, ਇਸ ਦੌਰਾਨ ਭਾਰੀ ਗੋਲਾਬਾਰੀ

ਹੋਈ। ਇੱਕ ਮਹੀਨੇ ਵਿਚ ਹੀ 4ਵੀਂ ਬਟਾਲੀਅਨ ਦੇ 1373 ਫੌਜੀ ਮਾਰੇ ਗਏ।

ਪਹਿਲੀ ਸੰਸਾਰ ਜੰਗ ਵਿਚ ਸਿੱਖ, ਸਿਰਫ ਕੈਨੇਡੀਅਨ ਫੌਜੀ ਹੀ ਨਹੀ ਸਨ ਬਲਕਿ ਸਿੱਖ ਯੋਰਪ ਵਿਚ ਵੀ ਲੜੇ, ਇਸਦੇ ਇਲਾਵਾ ਸੰਸਾਰ ਦੇ ਹੋਰ ਹਿੱਸਿਆਂ ਵਿਚ ਜਿਵੇਂ ਅਫਰੀਕਾ ਵਿਚ ਵੀ ਲੜੇ। ਜੰਗ ਦੇ ਸ਼ੁਰੂ ਵਿਚ ਪੰਜਾਬੀਆਂ ਦੀ ਬ੍ਰਿਟਿਸ਼ ਫੌਜ ਵਿਚ ਗਿਣਤੀ 124000 ਸੀ ਜੋ ਵਖੋ ਵਖਰੇ ਰੈਂਕਾਂ ਤੇ ਨੌਕਰੀ ਕਰ ਰਹੇ ਸਨ। ਤਿੰਨ ਸਾਲ ਬਾਦ ਇਹ ਗਿਣਤੀ ਢਾਈ ਲੱਖ ਹੋ ਗਈ। ਇਸ ਵਿਚ ਸਿੱਖ ਫੌਜੀਆਂ ਦੀ ਗਿਣਤੀ 65000 ਸੀ ਜੋ ਪੰਜਾਬੀਆਂ ਦੀ ਸਮੁੱਚੀ ਗਿਣਤੀ ਦਾ 26% ਬਣਦੀ ਸੀ। ਬਾਦ ਵਿਚ ਅਵਾਰਡਾਂ ਦੀ ਗਿਣਤੀ 1500 ਸੀ ਜਿਨ੍ਹਾਂ ਵਿਚੋਂ 700 ਸਿਖ ਫੌਜੀਆਂ ਦੇ ਨਾਮ ਸਨ।

**ਜੰਗ ਵਿਚ ਹੋਇਆ ਜਾਨੀ ਨੁਕਸਾਨ--**

ਕੈਨੇਡਅਨ ਫੌਜੀਆਂ ਦੀ ਜੰਗ ਵਿਚ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ 8000 ਤੱਕ ਪਹੁੰਚ ਗਈ ਸੀ। ਸੈਂਚੁਰੀ ਵੁੱਡ ਜੋ ਵਾਇਪਰਿਸ ਦਾ ਪੱਛਮੀ ਕਿਨਾਰਾ ਸੀ, ਉਸ ਦੇ ਘਮਸਾਨ ਵਿਚ ਕੈਨੇਡੀਅਨ ਕੌਰਪਸ ਦੀ 20ਵੀਂ ਡਵੀਜ਼ਨ ਸੀ ਜੋ ਇੰਗਲੈਂਡ ਦੀ ਫੌਜ਼ ਦਾ ਹਿੱਸਾ ਸੀ ਤੇ ਦੂਜੇ ਪਾਸੇ ਜਰਮਨ ਦੀ ਰੋਇਲ ਵਰਟਮਬਰਗ ਦੀ ਤੇਰਵੀਂ ਡਵੀਜ਼ਨ ਸੀ। ਇਹ ਘਮਸਾਨ ਜੂਨ 2 ਤੋਂ ਲੈਕੇ 14 ਜੂਨ ਤੱਕ ਚਲਿਆ, ਪਹਿਲਾਂ ਜਰਮਨ ਨੇ ਮੋਂਟ ਸੋਰਿਲ ਦਾ ਹਿੱਸਾ ਆਪਣੇ ਕਬਜੇ ਵਿਚ ਕਰ ਲਿਆ ਸੀ ਜਿਸਨੂੰ ਹਿੱਲ 62 ਵੀ ਕਿਹਾ ਜਾਂਦਾ ਹੈ ਪਰ ਬਾਦ ਵਿਚ ਕੈਨੇਡੀਅਨ ਫੌਜ਼ ਨੇ ਇਸ ਤੇ ਦੁਬਾਰਾ ਕਬਜਾ ਕਰ ਲਿਆ ਪਰ ਇਸਦੀ ਭਾਰੀ ਕੀਮਤ 8000 ਜਵਾਨਾਂ ਦੀ ਜਾਨ ਨਾਲ ਚੁਕਾਉਣੀ ਪਈ।

**ਬੁਕਮ ਸਿੰਘ ਦਾ ਵਿਚਾਲੇ ਦਾ ਸਫ਼ਰ--**

ਰੈਜ਼ਮੈਟਲ ਡਾਇਰੀ ਮੁਤਾਬਕ, ਦੁਸ਼ਮਣ ਦੇ ਹਮਲਿਆਂ ਦੌਰਾਨ ਜਿਹੜੀਆਂ ਜਾਨਾਂ ਗਈਆਂ, ਉਨ੍ਹਾਂ ਵਿਚ ਹੀ ਬੁਕਮ ਸਿੰਘ ਦਾ ਨਾਮ ਹੈ।

2 ਜੂਨ, 1916 ਨੂੰ ਉਨ੍ਹਾਂ ਦੇ ਸਿਰ ਵਿਚ ਗੋਲੀ ਲੱਗੀ। ਉਸਨੂੰ ਜਲਦੀ ਨਾਲ ਵਿਮਰੌਕਸ ਦੇ ਸਟੇਸ਼ਨਰੀ ਹਸਪਤਾਲ ਵਿਚ ਲਿਜਾਇਆ ਗਿਆ। ਅਗਲੇ ਦਿਨ ਸ਼ੁਰੂ ਦੀ ਮਲ੍ਹਮ ਪਟੀ ਤੋਂ ਬਾਦ ਬੋਲੋਂਗਨੀ ਦੇ 5 ਨੰਬਰ ਦੇ ਕੌਨਵੈਲਸੈਂਟ ਡੀਪੋ ਭੇਜਿਆ ਗਿਆ। ਮਹੀਨੇ ਦੇ ਅੰਤ ਤੱਕ ਇਹ ਪੱਕ ਕਰ ਲਿਆ ਗਿਆ ਕਿ ਬੁਕਮ ਸਿੰਘ ਕਾਫੀ ਹੱਦ ਤੱਕ ਠੀਕ ਹੈ ਤੇ 29 ਜੂਨ, 1916 ਨੂੰ ਫੇਰ ਮੈਦਾਨੇ-ਜੰਗ ਵਿਚ ਭੇਜ਼ ਦਿੱਤਾ ਗਿਆ।

ਡਿਊਟੀ ਤੋਂ ਮੁੜੇ ਨੂੰ ਅਜੇ ਤਿੰਨ ਹਫਤੇ ਵੀ ਨਹੀ ਸਨ ਬੀਤੇ ਕਿ ਇੱਕ ਮੁਠਭੇੜ ਵਿਚ, ਬੁਕਮ ਸਿੰਘ ਦੁਬਾਰਾ ਜਖ਼ਮੀ ਹੋ ਗਿਆ। ਜੁਲਾਈ 20, 1916 ਨੂੰ ਸੇਂਟ ਇਲੋਈ ਵਿਖੇ, ਉਹ ਫੇਰ ਇੱਕ ਗੋਲੀ ਨਾਲ ਜਖ਼ਮੀ ਹੋ ਗਿਆ। ਇਸ ਵਾਰ ਗੋਲੀ ਖੱਬੇ ਗੋਡੇ ਤੇ ਵੱਜੀ ਸੀ

ਜਿਸਨੇ ਗੋਡੇ ਤੋਂ ਥੱਲੇ ਲੱਤ ਨੂੰ ਛਲਣੀ ਕਰ ਦਿੱਤਾ। ਇੱਕਦਮ ਤਿੰਨ ਨੰਬਰ ਦੇ ਕੈਨੇਡੀਅਨ ਦੇ ਜਨਰਲ ਹਸਪਤਾਲ ਵਿਚ ਜਿਹੜਾ ਬੋਲੋਨ ਵਿਚ ਹੀ ਸਥਿਤ ਸੀ, ਭੇਜ਼ ਦਿੱਤਾ ਗਿਆ, ਜਿੱਥੇ ਮਲ੍ਹਮ ਪਟੀ ਕੀਤੀ ਗਈ। ਤਿੰਨ ਨੰਬਰ ਹਸਪਤਾਲ ਕੋਈ ਮਾਮੂਲੀ ਹਸਪਤਾਲ ਨਹੀ ਸੀ, ਇਸਦਾ ਇੰਚਾਰਜ ਫੌਜੀ ਡਾਕਟਰ ਕਰਨਲ ਜੌਨ ਮੈਕਰੇ ਸੀ।

ਜੌਨ ਮੈਕਰੇ ਇੱਕਲਾ ਡਾਕਟਰ ਹੀ ਨਹੀ, ਇਹ ਕਵੀ ਵੀ ਸੀ ਜੋ ਆਪਣੀਆਂ ਰਚਨਾਵਾਂ ਕਰਕੇ ਪ੍ਰਸਿਧੀ ਖਟ ਚੁੱਕਾ ਸੀ। ਇਹ ਹੀ ਉਹ ਕਵੀ ਹੈ ਜਿਸਨੇ

'In Flanders Fields'

ਕਵਿਤਾ ਦੀ ਰਚਨਾ ਕੀਤੀ ਜੋ ਬਾਦ ਵਿਚ ਇੱਕ ਯਾਦਗਾਰੀ ਕਵਿਤਾ ਬਣੀ ਤੇ ਸਰਕਾਰੀ ਸਨਮਾਨਾਂ ਨਾਲ ਸ਼ਿੰਗਾਰੀ ਗਈ।

ਜੁਲਾਈ **23**, **1916** ਜੌਨ ਮੈਕਰੇ ਦੇ ਹਸਪਤਾਲ ਤੋਂ ਜੌਨ ਦੇ ਕਹਿੰਣ ਤੇ ਇੰਗਲੈਂਡ ਦੇ ਹਸਪਤਾਲ ਵਿਚ ਭੇਜ਼ ਦਿੱਤਾ ਗਿਆ ਤਾਂ ਕਿ ਢੰਗ ਨਾਲ ਜਖਮਾਂ ਦਾ ਇਲਾਜ਼ ਹੋ ਸਕੇ। ਬੁਕਮ ਸਿੰਘ ਦਾ ਇਹ ਸਫ਼ਰ ਬੈਲਜੀਅਮ ਦੇ ਹਸਪਤਾਲੀ ਸ਼ਿਪ, ਜਿਸਦਾ ਨਾਮ ਜਨ ਬਰੇਡਲ ਸੀ ਦੁਆਰਾ, ਇੰਗਲਿਸ਼ ਚੈਨਲ ਰਾਹੀਂ ਹੋਇਆ।

**ਇੰਗਲੈਂਡ ਵਿਚ ਇਲਾਜ਼ ਹੋਣਾ--**

ਬੁਕਮ ਸਿੰਘ ਦਾ ਇਲਾਜ਼ ਇੰਗਲੈਂਡ ਦੇ ਵਖ ਵਖ ਹਸਪਤਾਲਾਂ ਵਿਚ ਹੋਇਆ, ਚੰਗੇ ਇਲਾਜ਼ ਦੀ ਬਦੌਲਤ, ਬੁਕਮ ਸਿੰਘ ਮੁੜ ਠੀਕ ਹੋ ਗਿਆ। ਬ੍ਰਿਟਿਸ਼ ਸਰਕਾਰ ਨੇ ਕੈਨੇਡੀਅਨ ਟਰੁਪਾਂ ਲਈ ਹਸਪਤਾਲਾਂ ਦੀ ਹਰ ਸਹੂਲਤ ਪਰਦਾਨ ਕੀਤੀ ਜਦ ਕਿ ਹੋਰ ਦੇਸ਼ਾਂ ਦੇ ਟਰੁਪ ਆਪੋ ਆਪਣੇ ਦੇਸ਼ਾਂ ਦੇ ਹਸਪਤਾਲਾਂ ਵਿਚ ਹੀ ਇਲਾਜ਼ ਕਰਵਾਉਂਦੇ ਸਨ। ਇੰਗਲੈਂਡ ਦੇ ਇਹ ਹਸਪਤਾਲ ਕੈਨੇਡੀਅਨ ਫੌਜੀਆਂ ਲਈ ਹਰ ਵੇਲੇ ਉਪਲਬਦ ਸਨ।

.ਬ੍ਰਿਟਿਸ਼ ਇੰਡੀਅਨ ਆਰਮੀ ਦੇ ਸਿੱਖਾਂ ਦਾ ਇਲਾਜ਼ ਰੋਇਲ ਪੈਵੇਲੀਅਨ ਵਿਚ ਹੁੰਦਾ ਸੀ ਜਿਸਨੂੰ ਕਿੰਗ ਨੇ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਸੀ ਤੇ ਜਿਸਦਾ ਬਾਹਰੀ ਨਜ਼ਾਰਾ ਪੰਜਾਬ ਵਰਗਾ ਸੀ।

**ਨਿਉਜ਼ ਫਰਾਂਮ ਦੀ ਫਰੰਟ-ਪਰਾਈਵੇਟ ਬੁਕਮ ਸਿੰਘ--**

**24** ਜੁਲਾਈ, **1916** ਨੂੰ ਬੁਕਮ ਸਿੰਘ ਮੈਨਚੈਸਟਰ ਦੇ ਦੂਜੇ ਵੈਸਟਰਨ ਜਨਰਲ ਹਸਪਤਾਲ, ਵਿਚ ਭਰਤੀ ਹੋਇਆ। ਆਪਣੇ ਲੱਤ ਦੇ ਇਲਾਜ਼ ਲਈ ਉਹ ਇੱਥੇ ਦੋ ਮਹੀਨੇ ਰਿਹਾ। ਇਸ ਸਮੇਂ ਦੌਰਾਨ ਟਰਾਂਟੋ ਡੇਲੀ ਸਟਾਰ ਦੇ ਸਟਾਫ ਰਿਪੋਰਟਰ ਨੇ ਬੁਕਮ ਸਿੰਘ ਨੂੰ ਇੰਟਰਵਿਉ ਕੀਤਾ। ਇਸ ਅਨੁਸਾਰ ਅਗਸਤ **9**, **1916** ਨੂੰ, ਜੋ ਖਬਰ ਟਰਾਂਟੋ ਪ੍ਰਕਾਸ਼ਿਤ ਹੋਈ ਬੁਕਮ ਸਿੰਘ ਬਹੁਤ ਸਿਰੀਅਸ ਬਿਮਾਰ ਸੀ।

ਦੋ ਮਹੀਨੇ ਬਾਦ **26** ਸਤੰਬਰ, **1916** ਬੁਕਮ ਸਿੰਘ ਨੂੰ ਹੈਮਪਟਨ ਹਿਲਜ਼ ਦੇ ਬੁਸ਼ੀ

ਪਾਰਕ ਵਿਖੇ ਸਥਿਤ, ਕਿੰਗ ਦੇ ਕੈਨੇਡੀਅਨ ਰੈਡ ਕਰਾਸ ਕੌਨਵੇਸੈਂਟ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਇੱਥੇ ਹਾਲਤ ਦਾ ਫਿਰ ਜਾਇਜ਼ਾ ਲਿਆ ਗਿਆ, ਤੇ ਡਾਕਟਰ ਨੇ ਚਾਰ ਹਫਤੇ ਦੀ ਮੈਸਾਜ਼ ਥਰੈਪੀ ਲਈ ਰੈਫਰ ਕੀਤਾ। ਇੱਕ ਵਾਰ ਇਹ ਵੀ ਫੈਸਲਾ ਕੀਤਾ ਗਿਆ ਕਿ ਬੁਕਮ ਸਿੰਘ ਹੁਣ ਠੀਕ ਹੈ ਤੇ ਇਸਨੂੰ ਰਕਵਰੀ ਹਸਪਤਾਲ ਵਿਚ ਭੇਜ਼ ਦੇਣਾ ਚਾਹੀਦਾ ਹੈ। ਇਸਤਰ੍ਹਾਂ ਬੁਕਮ ਸਿੰਘ ਨੂੰ ਫੇਰ ਕੈਨੇਡੀਅਨ ਮਿਲਟਰੀ ਹਸਪਤਾਲ ਵਿਚ ਸ਼ਿਫਟ ਕਰ ਦਿੱਤਾ ਗਿਆ। ਇਹ ਤਬਦੀਲੀ ਨਵੰਬਰ **4, 1916** ਨੂੰ ਹੋਈ ਤੇ ਇੱਕ ਮਹੀਨੇ ਦੇ ਵਕਫੇ ਨਾਲ ਦਸੰਬਰ **22,** ਨੂੰ ਉਸਨੂੰ ਤੰਦਰੁਸਤ ਘੋਸ਼ਿਤ ਕਰ ਦਿੱਤਾ ਗਿਆ।

ਹਸਪਤਾਲ ਤੋਂ ਛੁਟੀ ਮਿਲਣ ਉਪਰੰਤ ਬੁਕਮ ਸਿੰਘ ਨੂੰ ਵੈਸਟ ਸੈਂਡਲਿੰਗ ਕੈਂਪ ਜਿਹੜਾ ਮੇਡਸਟੋਨ ਕੈਂਟ, ਦੇ ਨੌਰਥ ਵਿਚ ਹੈ, ਹਾਜ਼ਰ ਕਰ ਲਿਆ ਗਿਆ। ਸੈਂਟਰਲ ਓਨਟੈਰੀਓ ਦੇ ਰੈਜੀਮੈਂਟਲ ਡਿਪੂ ਵਿਚ ਉਹ ਇੰਤਜਾਰ ਕਰ ਰਿਹਾ ਸੀ ਕਿ ਕਦੋਂ ਉਸਨੂੰ ਦੁਬਾਰਾ ਫਰਾਂਸ ਦੇ ਫਰੰਟ ਤੇ ਭੇਜਿਆ ਜਾਂਦਾ ਹੈ।

### ਆਖਰੀ ਲੜਾਈ

ਜਦੋਂ ਬੁਕਮ ਸਿੰਘ ਫਰਾਂਸ ਦੇ ਮੁਹਾਜ਼ ਤੇ **20**ਵੀਂ ਬਟਾਲੀਅਨ ਵਿਚ ਦੁਬਾਰਾ ਸ਼ਾਮਲ ਹੋਣ ਲਈ ਤਿਆਰ ਸੀ, ਉਸਦਾ ਸਾਹਮਣਾ ਆਪਣੀ ਜ਼ਿੰਦਗੀ ਦੀ ਸਭਤੋਂ ਅਚਾਨਕ ਬਿਪਤਾ ਨਾਲ ਹੋ ਗਿਆ।

**1916** ਦੀ ਕਰਿਸਮਿਸ ਦੇ ਕੋਲ ਬੁਕਮ ਸਿੰਘ ਨੂੰ ਖੰਘ ਛਿੜ ਪਈ ਜੋ ਵਧਦੀ ਹੀ ਗਈ। ਖੰਘ ਗੰਭੀਰ ਸਥਿਤੀ ਇਖਤਿਆਰ ਕਰ ਗਈ ਤੇ ਮਾਰਚ**19, 1917** ਨੂੰ ਹੇਸਟਿੰਗਜ਼ ਦੇ ਮਿਲਟਰੀ ਜਨਰਲ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ ਗਿਆ, ਟੀਬੀ ਦਾ ਸ਼ਕ ਸੀ। ਦੋ ਹਫਤਿਆਂ ਬਾਦ **28** ਮਾਰਚ ਨੂੰ ਬੁਕਮ ਸਿੰਘ ਦੀ ਹਾਲਤ ਇਹ ਹੋ ਗਈ ਕਿ ਉਸਦਾ ਉਪਰੇਸ਼ਨ ਕਰਨਾ ਪਿਆ ਤੇ ਉਸਦੇ ਸੱਜੇ ਫੇਫੜੇ ਵਿਚੋਂ ਬਲਗਮ ਕਢਣੀ ਪਈ। ਮਾਰਚ **28** ਤੋਂ ਅਗਲੇ ਹਫਤੇ ਹੀ ਬੁਕਮ ਸਿੰਘ ਨੂੰ ਬੁਰੀ ਖਬਰ ਮਿਲੀ ਕਿ ਉਸਨੂੰ ਟੀਬੀ ਹੋ ਗਈ ਹੈ।

ਉਨੀਵੀਂ ਤੇ ਵੀਹਵੀਂ ਸਦੀ ਦੇ ਸ਼ੁਰੂ ਤੱਕ ਇਹ ਬਹੁਤ ਹੀ ਘਾਤਕ ਬਿਮਾਰੀ ਸੀ। **1918** ਨੂੰ ਫਰਾਂਸ ਵਿਚ ਹਰ ਛੇਵਾਂ ਮਰਨ ਵਾਲਾ ਵਿਅਕਤੀ ਟੀਬੀ ਦਾ ਮਰੀਜ਼ ਸੀ। ਵੀਹਵੀਂ ਸਦੀ ਵਿਚ ਇਸ ਬਿਮਾਰੀ ਨਾਲ ਲਗਭਗ ਸੌ ਮਿਲਿਅਨ ਲੋਕ ਮਾਰੇ ਗਏ ਸਨ। ਬੰਦ ਤੇ ਸਾਹ ਘੋਟੂ ਮਾਹੌਲ ਵਿਚ ਬੁਕਮ ਸਿੰਘ ਨੇ ਉਹ ਸਮਾਂ ਬਿਤਾਇਆ, ਜਿੱਥੇ ਟੀਬੀ ਦੇ ਵਧਣ ਦੇ ਮੌਕੇ ਵਧੇਰੇ ਸਨ। ਬਦਕਿਸਮਤੀ ਨਾਲ ਬੁਕਮ ਸਿੰਘ ਨੂੰ ਇਹ ਬਿਮਾਰੀ ਉਦੋਂ ਹੋਈ ਜਦੋਂ ਅਜੇ ਟੀਬੀ ਦਾ ਵੈਸੀਨ ਟੀਕਾ ਇਜ਼ਾਦ ਨਹੀ ਹੋਇਆ ਸੀ। ਇਹ ਇਲਾਜ਼ **1921** ਵਿਚ ਸ਼ੁਰੂ ਹੋਇਆ ਸੀ ਪਰ ਬੁਕਮ ਸਿੰਘ ਦੇ ਨਸੀਬ ਵਿਚ ਨਹੀ ਸੀ। ਬੁਕਮ ਸਿੰਘ ਦੇ ਸਮੇਂ ਵਿਚ ਸਿਰਫ ਇਹ ਹੀ ਹੁੰਦਾ ਸੀ ਕਿ ਮਰੀਜ਼ ਨੂੰ ਇਸਤਰ੍ਹਾਂ ਰਖਿਆ ਜਾਵੇ ਤਾਂ ਕਿ ਇਹ ਰੋਗ ਦੂਸਰਿਆਂ ਤੱਕ ਨਾ

ਪਹੁੰਚੇ।

ਬੁਕਮ ਸਿੰਘ ਦੇ ਫੌਜੀ ਜੀਵਨ ਦੇ ਦਿਨ ਹੁਣ ਖਤਮ ਸਨ ਤੇ ਉਸਦੀ ਲੜਾਈ ਆਪਣੇ ਆਪ ਨਾਲ ਹਸਪਤਾਲ ਦੇ ਬੈੱਡ ਤੇ ਸੀ ਤੇ ਇੱਕਲੇਪਨ ਨਾਲ ਸੀ। ਮਈ 5 ਨੂੰ ਉਸਨੂੰ ਹੇਸਟਿੰਗਜ਼ ਹਸਪਤਾਲ ਤੋਂ ਡਿਸਚਾਰਜ ਕਰ ਦਿੱਤਾ ਗਿਆ ਤੇ ਉਸਦਾ ਵਾਪਸ ਘਰ ਭੇਜਣ ਦਾ ਇੰਤਜ਼ਾਮ ਕੀਤਾ ਗਿਆ। ਉਹ ਹੋਰ ਟੀਬੀ ਮਰੀਜ਼ਾਂ ਨਾਲ ਜਿਨ੍ਹਾਂ ਨੂੰ ਵੀ ਦੂਜਿਆਂ ਤੋਂ ਵਖਰਾ ਰਖਿਆ ਜਾਂਦਾ ਸੀ, ਸ਼ਿਪ ਰਾਹੀਂ ਘਰ ਨੂੰ ਤੋਰ ਦਿੱਤੇ ਗਏ। ਉਹ ਨੋਵਾ ਸਕੋਸ਼ੀਆ ਦੇ ਹੈਲੀਫੈਕਸ ਸ਼ਹਿਰ ਪਹੁੰਚ ਗਏ।

ਬਹੁਤ ਬੁਰੀ ਹਾਲਤ ਵਿਚ ਬੁਕਮ ਸਿੰਘ ਹੈਲੀਫੈਕਸ ਪਹੁੰਚ ਗਿਆ ਜਿੱਥੋਂ ਟਰੇਨ ਪਕੜ, ਉਹ ਉਨਟੈਰੀਓ ਆ ਗਿਆ। ਪਹਿਲੀ ਅਗਸਤ 1918 ਨੂੰ ਗਲਫ਼ ਉਨਟੈਰੀਓ ਤੋਂ ਫੌਜੀ ਸਰਵਿਸ ਤੋਂ ਡਿਸਚਾਰਜ ਕਰ ਦਿੱਤਾ ਗਿਆ, ਕਾਰਣ ਸੀ ਕਿ ਉਹ ਮੈਡੀਕਲੀ ਫਿਟ ਨਹੀ ਸੀ। ਉਸਨੇ ਤਿੰਨ ਸਾਲ ਤੇ ਸੌ ਦਿਨ ਨੌਕਰੀ ਕੀਤੀ ਉਸਦੀ ਮੈਡੀਕਲ ਰਿਪੋਰਟ ਕੁਝ ਇਸਤਰ੍ਹਾਂ ਸੀ, :-

ਭਾਰ 127 ਪੌਂਡ, ਸੱਜੇ ਫੇਫੜੇ ਵਿਚ ਸੋਜ਼ ਹੈ, ਉਸਦੀ ਅਵਾਜ਼ ਕੰਮਜ਼ੋਰ ਹੈ ਤੇ ਸਾਹ ਉਖੜਿਆ ਹੋਇਆ ਹੈ, ਜਿਸਦੀ ਵਜ੍ਹਾ ਫੇਫੜੇ ਵਿਚ ਬਲਗਮ ਹੈ।

ਰਿਪੋਰਟ ਵਿਚ ਇਹ ਵੀ ਦਰਜ਼ ਹੈ ਕਿ ਸਿਰ ਦੇ ਸੱਜੇ ਹਿੱਸੇ ਤੇ ਵਡਾ ਨਿਸ਼ਾਨ ਹੈ ਤੇ ਖੱਬੀ ਲੱਤ ਦੇ ਗੋਡੇ ਉੱਤੇ ਗੋਲੀ ਦੇ ਜਖ਼ਮ ਦਾ ਨਿਸ਼ਾਨ ਹੈ।

ਮੈਡੀਕਲ ਬੋਰਡ ਨੇ ਸਿਫਾਰਸ਼ ਕੀਤੀ ਕਿ ਉਨਟੈਰੀਓ ਦੇ ਕਿਚਨਰ ਸ਼ਹਿਰ ਵਿਚ ਘਟੋ ਘਟ ਇੱਕ ਸਾਲ ' ਫਰੀਪੋਰਟ ਸੈਨੇਟੋਰੀਅਮ ਵਿਚ ਇਸਦਾ ਇਲਾਜ਼ ਕੀਤਾ ਜਾਵੇ।

### ਲੜਾਈ ਦਾ ਹਾਰ ਜਾਣਾ

ਲਗਭਗ ਢਾਈ ਸਾਲ ਟੀਬੀ ਦੀ ਬਿਮਾਰੀ ਨਾਲ ਪੀੜਤ, ਤੇ ਇੱਕ ਸਾਲ ਤੋਂ ਉੱਤੇ ਫਰੀਪੋਰਟ ਹਸਪਤਾਲ ਵਿਚ ਗੁਜ਼ਾਰਨ ਤੋਂ ਬਾਦ ਬੁਕਮ ਸਿੰਘ ਨੇ ਮੌਤ ਅੱਗੇ ਹਥਿਆਰ ਸੁਟ ਦਿੱਤੇ ਤੇ ਬੁਕਮ ਸਿੰਘ 25 ਸਾਲ ਦੀ ਉਮਰ ਵਿਚ 27 ਅਗਸਤ, 1919 ਨੂੰ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਕੈਨੇਡੀਅਨ ਸਿੱਖ ਹੀਰੋ, ਇਸ ਸੰਸਾਰ ਤੋਂ ਰੁਖਸਤ ਹੋ ਗਿਆ। ਬਿਨ੍ਹਾ ਆਪਣੇ ਪਰਿਵਾਰ ਤੇ ਉਨਟੈਰੀਓ ਦੇ ਬਾਕੀ ਸਿਖ ਭਾਈਚਾਰੇ ਤੋਂ, ਉਸਦਾ ਸੰਸਕਾਰ ਕਰ ਦਿੱਤਾ ਗਿਆ। ਇਹ ਆਖਰੀ ਰਸਮਾਂ ਕੈਨੇਡੀਅਨ ਮਿਲਟਰੀ ਨੇ ਪੂਰੇ ਮਾਣ ਸਨਮਾਨ ਨਾਲ ਨਿਭਾਈਆਂ। ਉਸਦਾ ਸਮਾਰਕ ਮਾਉਂਟ ਹੋਪ ਸਿਮੇਟਰੀ ਕਿਚਨਰ ਵਿਚ ਹੈ ਜੋ ਫੌਜੀਆਂ ਦੇ ਸਮਾਰਕਾਂ ਦੀ ਜਗ੍ਹਾ ਹੈ। ਪਹਿਲੀ ਸੰਸਾਰ ਜੰਗ ਵਿਚ ਸ਼ਹੀਦ ਹੋਏ ਕੈਨੇਡੀਅਨ ਵਿਚੋਂ ਬੁਕਮ ਸਿੰਘ ਇੱਕੋ ਇੱਕ ਸਿਖ ਹੈ ਜੋ ਅਮਰ ਹੈ ਤੇ ਜਿਸਦਾ ਸਮਾਰਕ ਸਦਾ ਜਿੰਦਾ ਰਹੇਗਾ।

ਪਰਾਈਵੇਟ ਬੁਕਮ ਸਿੰਘ ਦੇ ਵਿਕਟਰੀ ਮੈਡਲ ਦੀ ਖੋਜ਼ ਨਾਲ, ਬੁਕਮ ਸਿੰਘ ਦੀ ਬਹਾਦਰੀ ਵਾਲੀ ਦਾਸਤਾਨ ਜੱਗ ਜਾਹਰ ਹੋਈ।

ਬੁਕਮ ਸਿੰਘ ਜੋ ਮੌਤ ਵੇਲੇ ਇੱਕਲਾ ਸੀ ਤੇ ਉਸਦਾ ਪਰਿਵਾਰ ਵੀ ਨਾਲ ਨਹੀ ਸੀ, ਇੱਕ ਵਾਰ ਫੇਰ ਆਪਣੇ ਪਰਿਵਾਰ ਦੇ ਨਾਮ ਨਾਲ ਜੁੜ ਗਿਆ ਹੈ ਤੇ ਉਸਦੇ ਪਰਿਵਾਰ ਦਾ ਬੁਕਮ ਸਿੰਘ ਨਾਲ ਜੁੜਨਾ, ਪਰਿਵਾਰ ਦਾ ਮਾਣ ਵਧਾ ਗਿਆ ਹੈ। ਸਿੱਖ ਭਾਈਚਾਰਾ ਵੀ ਲਗਭਗ ਇੱਕ ਸੈਂਚਰੀ ਤੋਂ ਬਾਦ, ਇਸ ਕੁਰਬਾਨੀ ਨਾਲ ਮਾਣ ਮਤਾ ਮਹਿਸੂਸ ਕਰ ਰਿਹਾ ਹੈ।

ਬੁਕਮ ਸਿੰਘ ਦੀ ਸੂਰਮਗਤੀ, ਬਹਾਦਰੀ ਤੇ ਕੁਰਬਾਨੀ, ਜੋ ਉਸਨੇ ਆਪਣੇ ਦੇਸ਼ ਲਈ ਦਿੱਤੀ, ਉਹ ਹੁਣ ਅੱਗੇ ਤੋਂ ਅੱਗੇ ਦਸੀ ਜਾ ਰਹੀ ਹੈ, ਜਸ਼ਨ ਮਨਾਏ ਜਾ ਰਹੇ ਹਨ ਤੇ ਸਿੱਖ ਕੈਨੇਡੀਅਨਜ਼ ਦੀ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਾਣ ਮਤਾ ਇਤਿਹਾਸ ਬਣ ਗਿਆ ਹੈ।

ਸਾਲਾਨਾ ਮੈਮੋਰੀਅਲ ਸਰਵਿਸਜ਼ ਹੁਣ ਪਰਾਈਵੇਟ ਬੁਕਮ ਸਿੰਘ ਦੇ ਸਮਾਰਕ ਚਿੰਨ੍ਹ ਤੇ ਮਨਾਇਆ ਜਾਣ ਲੱਗ ਪਿਆ ਹੈ।

Mater}l Courtesy & For more information visit the online exhibit at www.SikhMuseum.com

ਪਰਾਈਵੇਟ ਵਰਿਆਮ ਸਿੰਘ ਜੋ 38 ਬਟਾਲੀਅਨ( ਈਸਟਰਨ ਉਨਟੈਰੀਓ ਰੈਜ਼ਮੈਂਟ ਦਾ ਸੀ) ਉਨ੍ਹਾਂ ਦਾ ਲੈਟਰ ਕੁਝ ਇਸਤਰ੍ਹਾਂ ਹੈ:--

ਗੋਲੇ ਤੇ ਗੋਲੀਆਂ ਮੀਂਹ ਵਾਂਗ ਵਰ੍ਹ ਰਹੀਆਂ ਸਨ ਤੇ ਕੋਈ ਵੀ ਇਹ ਵੇਖਕੇ ਕੰਬਣੋਂ ਨਹੀ ਰਹਿ ਸਕਦਾ ਸੀ। ਪਰ ਸਾਨੂੰ ਹੁਕਮ ਹੋਇਆ ਕਿ ਅੱਗੇ ਵਧੋ ਤੇ ਦੁਸ਼ਮਣ ਦੀ ਚੌਂਕੀ ਤੇ ਕਬਜਾ ਕਰ ਲਵੋ, ਇਹ ਸਾਰਾ ਹੈਰਾਨੀ ਭਰਿਆ ਸੱਚ ਸੀ ਕਿ ਅਸੀਂ ਸਾਰੇ ਖਤਰੇ ਭੁਲਕੇ ਅੱਗੇ ਵਧੇ ਤੇ ਅਨੋਖਾ ਦ੍ਰਿੜ ਇਰਾਦਾ ਕੀਤਾ। ਅਸੀਂ ਉੱਥੇ ਇਦਾਂ ਚਲੇ ਗਏ ਜਿਵੇਂ ਕਿਸੇ ਮੇਲੇ ਤੇ ਜਾ ਰਹੇ ਹੋਈਏ ਤੇ ਅਸੀਂ ਖੁਸ਼ੀ ਵਿਚ ਬਾਵਰੇ ਹੋਕੇ ਰੌਲਾ ਪਾਉਣ ਲੱਗ ਪਏ। ਅਸੀਂ ਦੁਸ਼ਮਣ ਚੌਂਕੀ ਤੇ ਕਬਜਾ ਕਰ ਲਿਆ ਸੀ ਤੇ ਦੁਸ਼ਮਣਾਂ ਨੂੰ ਆਪਣਾ ਬੰਦੀ ਬਣਾ ਲਿਆ ਸੀ।

ਸਾਰੇ ਸਮੇਂ ਦੌਰਾਨ ਬੁਕਮ ਸਿੰਘ ਦਾ ਨਾਮ ਇਸ ਸਾਰੀ ਜ਼ਿੰਦਗੀ ਵਿਚ ਕਈ ਢੰਗ ਤਰੀਕਿਆਂ ਨਾਲ ਲਿਖਿਆ ਗਿਆ, ਜਿਵੇਂ:--

1) Buk Am Singh – Attestation papers
2) Bukam Singh – Signature on attestation
3) Buckm S. – Medi\l report
4) Bukum Singh – Toronto Daily Star
5) Buckam Singh – Signature on discharge

6) Bukkan Singh – Gravestone
7) B. A. Singh – Victory medal
For the sake of consistency the spelling he used in his last known signature, Buckam Singh has been use

ਬੁਕਮ ਸਿੰਘ ਦੀ ਸਾਰੀ ਕਹਾਣੀ ਦੇ ਪਿੱਛੇ ਜੋ ਲੁਕਵੀਂ ਪੀੜ ਛੁਪੀ ਬੈਠੀ ਹੈ, ਉਸਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਪ੍ਰੀਤਮ ਕੌਰ ਉਸਦੀ ਪਤਨੀ ਨੇ ਇਹ ਸਾਰਾ ਸਮਾਂ ਕਿਸਤਰ੍ਹਾਂ ਗੁਜ਼ਾਰਿਆ ਹੋਵੇਗਾ। ਬੁਕਮ ਸਿੰਘ ਨੇ ਘਰ ਪਰਿਵਾਰ ਤੇ ਗ੍ਰਹਿਸਥ ਦੀ ਖੁਸ਼ਹਾਲੀ ਲਈ ਕਿਤਨੀ ਦ੍ਰਿੜਤਾ ਨਾਲ ਆਪਣੇ ਵਿਆਹ ਦੇ ਉਹ ਦਿਨ ਬਿਰਹੋਂ ਵਿਚ ਗੁਜਾਰੇ ਤੇ ਉਜਲੇ ਭਵਿਖ ਲਈ ਪ੍ਰਦੇਸੀ ਤੁਰ ਗਿਆ ਤੇ ਜਦੋਂ ਕਿਤੇ ਵਫਾਦਾਰੀ ਦੀ ਲੋੜ ਪਈ ਤਾਂ ਆਪਣੇ ਅੰਦਰ ਵਸੇ ਸਭਿਆਚਾਰ ਅਨੁਸਾਰ ਮਰਦ ਵਾਂਗ ਜੂਝਿਆ। ਅਸੀਂ ਰਿਮੈਮਬਰੈਂਸ ਡੇ ਤੇ ਉਨ੍ਹਾਂ ਸਾਰੇ ਸ਼ਹੀਦਾਂ ਅੱਗੇ ਨਤ ਮਸਤਕ ਹੁੰਦੇ ਹਾਂ ਜਿਨ੍ਹਾਂ ਵਿਚ ਸਾਡਾ ਬੁਕਮ ਸਿੰਘ ਵੀ ਸੀ।

**33**

# ਰੇਹਾਨੇ ਜਾਬਰੀ ਦੀ ਫਾਂਸੀ

ਫਾਂਸੀ ਵੇਖਣ ਵਾਸਤੇ ਭੀੜ ਜਮ੍ਹਾ ਹੋ ਰਹੀ ਸੀ। ਜਿਸਤਰ੍ਹਾਂ ਕਿ ਜਾਹਰ ਹੈ ਕਿ ਰੇਹਾਨੇ ਜਾਬਰੀ ਦਾ ਪਰਿਵਾਰ ਵੀ ਇਸ ਭੀੜ ਵਿਚ ਕਿਤੇ ਖੜਾ ਹੋਵੇਗਾ। ਕਾਨੂੰਨ ਮੁਤਾਬਕ, ਕਤਲ ਹੋਏ ਵਿਅਕਤੀ ਦਾ ਪਰਿਵਾਰ ਹੀ ਇਸ ਫਾਂਸੀ ਨੂੰ ਰੋਕ ਸਕਦਾ ਸੀ। ਹਰ ਤਰ੍ਹਾਂ ਦੀ ਮੁਆਫੀ, ਗਿੜਗੜਾਹਟ ਉਨ੍ਹਾਂ ਦਾ ਮੰਨ ਨਹੀ ਬਦਲ ਸਕੀ। ਆਖਰੀ ਮੌਕੇ ਤੱਕ ਵੀ ਉਨ੍ਹਾਂ ਦਾ ਮੰਨ ਨਹੀ ਬਦਲਿਆ, ਅਸਲ ਵਿਚ ਉਹ ਆਏ ਹੀ ਫਾਂਸੀ ਵੇਖਣ ਸਨ। ਰੇਹਾਨੇ ਦੀ ਫਾਂਸੀ ਕੋਈ ਖਬਰ ਨਹੀ ਹੈ, ਇਹ ਇੱਕ ਸਮਸਿਆ ਹੈ ਜਿਸਦਾ ਸਬੰਧ ਕਈ ਮੁੱਦਿਆਂ ਨਾਲ ਹੈ। ਇੱਕ ਮੁੱਦਾ ਔਰਤ ਦੇ ਸ਼ੋਸ਼ਣ ਨਾਲ ਵੀ ਜੁੜਦਾ ਹੈ, ਇਸਲਈ ਇਹ ਹਕੀਕਤ, ਮਨੁੱਖਤਾ ਦੇ ਮੱਥੇ ਤੇ ਕਲੰਕ ਬਣਕੇ ਚਮਕਦੀ ਰਹੇਗੀ। ਭੀੜ ਦਾ ਕੁਝ ਹਿੱਸਾ ਇਸ ਤਾਂਡਵ ਨਾਚ ਦੀ ਉਤਸੁਕਤਾ ਨਾਲ ਵੀ ਜੁੜਿਆ ਹੋਵੇਗਾ। ਇਰਾਨ ਦੀ ਪਬਲਿਕ ਵਿਚ ਭਾਵਨਾਵਾਂ ਦਾ ਮਿਸ਼ਰਣ ਸੀ, ਕੁਝ ਉਹ ਜੋ ਫਾਂਸੀ ਦੇ ਹੱਕ ਵਿਚ ਸਨ ਤੇ ਕੁਝ ਜੋ ਇਸਦੇ ਉਲਟ ਸਨ।

ਕੁਝ ਹੋਰ ਮੁਲਕਾਂ ਵਾਂਗ ਇਰਾਨ ਵੀ ਇਨਸਾਫ ਦੇ ਸੌਖੇ ਰਾਹ ਦਾ ਮੁਦਈ ਹੈ, ਦੇ ਦੇਵੋ ਫਾਂਸੀ। ਯੁਨਾਈਟਿਡ ਨੇਸ਼ਨਜ਼ ਮੁਤਾਬਕ, ਜਨਵਰੀ **2014** ਤੋਂ ਹੁਣ ਤੱਕ **170** ਲੋਕਾਂ ਨੂੰ ਫਾਂਸੀ ਦੇ ਚੁੱਕਾ ਹੈ। ਫਾਂਸੀ ਦੇ ਮਾਮਲੇ ਵਿਚ ਇਰਾਨ, ਚੀਨ ਤੋਂ ਬਾਦ ਦੂਜਾ ਸਭਤੋਂ ਵਡਾ ਮੁਲਕ ਹੈ।

ਇਰਾਨ ਵਿਚ, ਡਰਗ ਦੀ ਸਪਲਾਈ, ਹਥਿਆਰਬੰਦ ਡਾਕਾ, ਰੇਪ ਤੇ ਕਤਲ ਦੇ ਮਾਮਲੇ ਵਿਚ ਫਾਂਸੀ ਦਿੱਤੀ ਜਾਂਦੀ ਹੈ।

ਕੁਝ ਉਹ ਵਿਅਕਤੀ ਜੋ ਅਜੇ ਮਾਇਨਰ ਹਨ, ਉਨ੍ਹਾਂ ਨੂੰ ਬਾਲਗ ਹੋਣ ਤੱਕ ਜੇਲ੍ਹ ਵਿਚ ਰਖਿਆ ਜਾਂਦਾ ਹੈ ਤੇ ਬਾਲਗ ਹੋਣ ਤੋਂ ਬਾਦ ਉਨ੍ਹਾ ਨੂੰ ਸਜ਼ਾ ਦਿੱਤੀ ਜਾਂਦੀ ਹੈ। ਇਸ ਡਰਾਉਣੇ ਹਾਲਾਤ ਕਰਕੇ ਕੁਝ ਜਗਿਆਸੂ, ਫਾਂਸੀ ਦੀ ਸਜ਼ਾ ਵਿਰੁਧ ਅਭਿਆਨ ਵੀ ਚਲਾ ਰਹੇ ਹਨ ਪਰ ਅਜੇ ਤੱਕ ਕੋਈ ਸੁਣਵਾਈ ਨਹੀ। ਕੁਝ ਦਾ ਇਹ ਵੀ ਮੰਨਣਾ ਹੈ ਕਿ ਫਾਂਸੀ ਦੀ ਸਜ਼ਾ ਵਾਸਤੇ ਮੁਕਦਮਾ ਵੀ ਠੀਕ ਤਰ੍ਹਾਂ ਨਹੀ ਚਲਾਇਆ ਜਾਂਦਾ, ਜਿਵੇਂ ਫਾਂਸੀ ਦੇਣ ਦੀ ਕਾਹਲ ਹੋਵੇ।

ਬਹੁ-ਚਰਚਿਤ ਕੇਸ ਰੇਹਾਨਾ ਜਾਬਰੀ ਦਾ ਹੈ, ਜਿਸਦੀ ਉਮਰ 26 ਸਾਲ ਸੀ ਤੇ ਜੋ ਫਾਂਸੀ ਦੀ ਇੰਤਜਾਰ ਕਰ ਰਹੀ ਸੀ। ਦੁਨੀਆਂ ਭਰ ਦੀ ਲੋਕਾਈ ਨੇ ਹਾਲ ਦੁਹਾਈ ਮਚਾਈ ਤਾਂ ਕਿ ਰੇਹਾਨਾ ਨੂੰ ਫਾਂਸੀ ਤੋਂ ਬਚਾਇਆ ਜਾ ਸਕੇ। ਰੇਹਾਨਾ 19 ਸਾਲ ਦੀ ਸੀ ਜਦੋਂ ਉਸਨੇ ਇੱਕ ਆਦਮੀ ਦਾ ਕਤਲ ਕੀਤਾ ਤੇ ਉਸਦਾ ਕਹਿੰਣਾ ਸੀ ਕਿ ਉਸਨੇ ਆਪਣੀ ਆਤਮ-ਰਖਿਆ ਲਈ ਉਸਦਾ ਕਤਲ ਕੀਤਾ ਕਿਉਂਕਿ ਉਸਤੇ ਸਰੀਰਕ ਕਾਮ ਸਬੰਧੀ ਹਮਲਾ ਕੀਤਾ ਗਿਆ ਸੀ। ਇਰਾਨੀ ਜੱਜਾਂ ਨੇ ਉਸਦੀ ਇਹ ਦਲੀਲ ਨਹੀ ਮੰਨੀ ਕਿਉਂਕਿ ਇਸਦਾ ਕੋਈ ਗਵਾਹ ਨਹੀ ਸੀ। ਹੁਣ ਤੱਕ ਉਹ ਸਤ ਸਾਲ ਜੇਲ੍ਹ ਵਿਚ ਗੁਜ਼ਾਰ ਚੁੱਕੀ ਸੀ, ਜਦੋਂ ਉਸਨੂੰ ਪਬਲਿਕ ਤੌਰ ਤੇ ਫਾਂਸੀ ਤੇ ਲਟਕਾ ਦਿੱਤਾ ਗਿਆ।

ਕਤਲ ਹੋਏ ਵਿਅਕਤੀ ਦਾ ਵਡਾ ਪੁੱਤ, ਅਪ੍ਰੈਲ 20 ਨੂੰ ਸ਼ਾਰਕ ਅਖਬਾਰ ਸਾਹਮਣੇ ਇਹ ਕਹਿੰਦਾ ਹੈ ਕਿ ਪਰਿਵਾਰ ਅਜੇ ਤੱਕ ਇਹ ਨਹੀ ਜਾਣਦਾ ਕਿ ਅਸਲ ਵਿਚ ਹੋਇਆ ਕੀ ਸੀ ਪਰ ਕਿਉਂਕਿ ਰੇਹਾਨਾ ਨੇ ਇਸ ਕਤਲ ਬਾਰੇ ਇਕਬਾਲੇ ਬਿਆਨ ਦਿੱਤਾ ਹੈ, ਇਸ ਲਈ ਇਹ ਉਸਨੂੰ ਫਾਂਸੀ ਦੇਣ ਲਈ ਕਾਫੀ ਹੈ।

ਮੋਰਤੇਜ਼ਾ ਅਬਦੋਲਾਲੀ ਸਰਬੰਦੀ, ਇਰਾਨ ਮਨਿਸਟਰੀ ਦੀ ਇੰਟਲੀਜੈਂਸ ਤੇ ਸਕਿਉਰਟੀ ਦਾ ਰਹਿ ਚੁੱਕਾ ਅਧਿਕਾਰੀ ਸੀ, ਜਿਸਦਾ ਰੇਹਾਨੇ ਜਾਬਰੀ ਵਲੋਂ ਕਤਲ ਹੋਇਆ। ਰੇਹਾਨੇ ਦੇ ਪਹਿਲੇ ਵਕੀਲ ਮੁਤਾਬਕ, ਮੋਰਤੇਜ਼ਾ ਨੇ ਰੇਹਾਨੇ ਨੂੰ ਨੌਕਰੀ ਤੇ ਰਖਿਆ ਜਦੋਂ ਉਸਦੀ ਉਮਰ 19 ਸਾਲ ਸੀ। ਇਹ ਨੌਕਰੀ ਉਸਦੇ ਦਫਤਰ ਦੀ ਇੰਨਟੀਰੀਅਰ ਡਿਜ਼ਾਇਨਿੰਗ ਵਾਸਤੇ ਸੀ। ਰੇਹਾਨੇ ਦੇ ਹਲਫੀਆ ਬਿਆਨ ਮੁਤਾਬਕ, ਸਰਬੰਦੀ ਨੇ ਉਸਤੇ ਲਿੰਗੀ ਹਮਲਾ ਕੀਤਾ ਤੇ ਉਸਨੇ ਉਸਤੇ ਤੇਜ਼ ਹਥਿਆਰ ਨਾਲ ਹਮਲਾ ਕੀਤਾ ਜਿਸ ਨਾਲ ਸਰਬੰਦੀ ਦਾ ਕਤਲ ਹੋ ਗਿਆ। ਇਹ ਡਰ ਵੀ ਹੈ ਕਿ ਸਰਬੰਦੀ ਦਾ ਸਬੰਧ ਮਨਿਸਟਰੀ ਔਫ ਇੰਨਟੈਲੀਜੈਂਸ ਐਂਡ ਸਕਿਉਰਟੀ ਨਾਲ ਹੋਣ ਕਰਕੇ, ਮੁੱਕਦਮੇ ਦੀ ਕਾਰਵਾਈ ਨੂੰ ਪ੍ਰਭਾਵਿਤ ਕੀਤਾ ਤਾਂ ਕਿ ਕੁਝ ਭੇਤਾਂ ਨੂੰ ਗੁਪਤ ਰਖਿਆ ਜਾ ਸਕੇ। ਹਿਉਮਨ ਰਾਈਟਸ ਦੇ ਹਾਈ ਕਮਿਸ਼ਨਰ ਮੁਤਾਬਕ, ਰੇਹਾਨੇ ਦੀ ਇਹ ਕਾਰਵਾਈ ਆਪਣੀ ਰਖਿਆ ਲਈ ਸੀ ਤੇ ਇਹ ਨਤੀਜਾ ਵੀ ਕਢਿਆ ਕਿ ਰੇਹਾਨੇ ਨੂੰ ਮੁਨਾਸਿਬ

ਇਨਸਾਫ ਨਸੀਬ ਨਹੀ ਹੋਇਆ।

ਸਾਈਬਰ ਤੇ ਹੋਰ ਸੋਸ਼ਲ ਮੀਡੀਆ ਰਾਹੀਂ ਸਾਰੀ ਦੁਨੀਆਂ ਵਿਚੋਂ ਇਰਾਨ ਤੇ ਦਬਾਅ ਪਾਇਆ ਗਿਆ ਕਿ ਉਹ ਆਪਣੇ ਜੁਡੀਸ਼ੀਅਲ ਸਿਸਟਮ ਨੂੰ ਹਲੂਣੇ ਤੇ ਰੇਹਾਨੇ ਦਾ ਮੁਕਦਮਾ ਨਵੇਂ ਸਿਰਿਉਂ ਵਿਚਾਰਿਆ ਜਾਵੇ ਤੇ ਇਹ ਮੁਕਦਮਾ ਜੱਜ ਦੀ ਬਜਾਇ ਜਿਉਰੀ ਵਲੋਂ ਸੁਣਿਆ ਜਾਵੇ। ਫਾਂਸੀ ਤੋਂ ਇੱਕ ਦਿਨ ਪਹਿਲਾਂ ਫੇਸਬੁੱਕ ਤੇ ਇੱਕ ਪੇਜ਼ ਬਣਾਇਆ ਗਿਆ ਤੇ ਉਸਤੇ ਦੁਨੀਆਂ ਭਰ ਤੋਂ ਪੁਕਾਰ ਲਾਈ ਗਈ ਕਿ ਰੇਹਾਨੇ ਨੂੰ ਫਾਂਸੀ ਤੋਂ ਬਚਾਇਆ ਜਾਵੇ। ਇਰਾਨ ਦੇ ਲੋਕ ਤੇ ਉਥੋਂ ਦੇ ਕੁਝ ਮੋਹਤਬਰ ਲੋਕਾਂ ਨੇ ਵੀ ਅਵਾਜ਼ ਉਠਾਈ ਤੇ ਕਤਲ ਹੋਏ ਵਿਅਕਤੀ ਦੇ ਪਰਿਵਾਰ ਨੂੰ ਵੀ ਕਿਹਾ ਗਿਆ ਕਿ ਉਹ ਰੇਹਾਨੇ ਨੂੰ ਮੁਆਫ ਕਰ ਦੇਣ।

ਕੁਝ ਹੀ ਦਿਨ ਪਹਿਲੇ, ਇੱਕ ਸਟਰੀਟ ਲੜਾਈ ਵਿਚ ਕਤਲ ਹੋਏ ਸੋਲਾਂ ਸਾਲ ਦੇ ਲੜਕੇ ਦੇ ਮਾਤਾ ਪਿਤਾ ਨੇ ਕਾਤਲ ਨੂੰ ਮੁਆਫ ਕਰ ਦਿੱਤਾ ਸੀ ਕਿਉਂਕਿ ਲੋਕ ਐਸਾ ਚਾਹੁੰਦੇ ਸਨ।

ਪਰ ਰੇਹਾਨੇ ਜਾਬਰੀ ਦੇ ਕੇਸ ਵਿਚ, ਪਬਲਿਕ ਇਹ ਨਹੀ ਮੰਨ ਰਹੀ ਸੀ ਕਿ ਉਹ ਦੋਸ਼ੀ ਹੈ, ਉਸਦੀ ਉਮਰ ਥੋੜੀ ਸੀ, ਉਸਨੇ ਇਕਬਾਲੀਆ ਬਿਆਨ ਦਿੱਤਾ ਸੀ, ਕੋਈ ਇਰਾਦਤਨ ਮੋਟਿਵ ਵੀ ਨਹੀ ਸੀ। ਲੋਕ ਜੁਡੀਸ਼ਰੀ ਨੂੰ ਪੁੱਛ ਰਹੇ ਸਨ ਕਿ ਇੱਕ ਯੂਨੀਵਰਸਿਟੀ ਦੀ ਪੜ੍ਹਾਈ ਕਰ ਰਹੀ, ਨਾਦਾਨ ਕੁੜੀ, ਕਿਉਂ ਕਿਸੇ ਨੂੰ ਬਿਨ੍ਹਾਂ ਕਾਰਣ ਦੇ ਕਤਲ ਕਰ ਦੇਵੇਗੀ। ਇਸਦਾ ਕਾਰਣ ਸਿਰਫ ਆਤਮ-ਰਖਿਆ ਹੀ ਹੋ ਸਕਦਾ ਹੈ। ਕੀ ਉਹ ਪਾਗਲ ਹੈ?ਕੀ ਉਹ ਇਸਲਈ ਇਕਬਾਲ ਕਰ ਰਹੀ ਹੈ ਕਿ ਉਸਦੀ ਕੋਈ ਮਜ਼ਬੂਰੀ ਹੈ ਜਾਂ ਕੋਈ ਭੇਤ ਗੁਪਤ ਰਖਣ ਦੀ ਗੱਲ ਉਸਦੇ ਸਾਹਮਣੇ ਸੀ। ਕੀ ਉਹ ਝੂਠ ਬੋਲ ਰਹੀ ਸੀ? ਕੀ ਫੈਸਲਾ ਲੈਣ ਵਾਲੇ ਜੱਜਾਂ ਨੂੰ ਨਹੀ ਪਤਾ ਕਿ ਉਹ ਨਿਰਦੋਸ਼ ਹੈ? ਕਿਵੇਂ ਕੋਈ ਇਸਲਾਮਿਕ ਅਦਾਲਤ ਕਿਸੇ ਜੁਆਨ ਕੁੜੀ ਨੂੰ ਮੌਤ ਦੀ ਸਜਾ ਦੇਕੇ ਕਹਿ ਸਕਦੀ ਹੈ ਕਿ ਇਨਸਾਫ ਦੀ ਪੂਰਤੀ ਹੋ ਗਈ ਹੈ?ਕੀ ਉਹ ਇਸਨੂੰ ਇਨਸਾਫ ਸਮਝਦੇ ਹਨ?

ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ ਹਿਉਮਨ ਰਾਈਟਸ ਗਰੁਪ ਦੇ ਜ਼ਰੀਏ, ਰੇਹਾਨੇ ਜਾਬਰੀ ਨੇ ਆਪਣੀ ਮਾਂ ਦੇ ਨਾਮ ਇੱਕ ਖਤ ਲਿਖਿਆ। ਜਾਬਰੀ ਨੂੰ ਫਾਹੇ ਟੰਗ ਦਿੱਤਾ ਗਿਆ, ਇਸਦੇ ਬਾਵਜੂਦ ਕਿ ਐਮਨਿਸਟੀ ਇੰਟਰਨੈਸ਼ਨਲ ਤੇ ਯੁਨਾਈਟਿਡ ਨੇਸ਼ਨਜ਼ ਨੇ ਹਾਲ ਦੀ ਘੜੀ ਫਾਂਸੀ ਰੋਕ ਦੇਣ ਲਈ ਕਿਹਾ ਸੀ।

ਇਸਤੇ ਆਈ ਆਰ.ਐਨ.ਏ ਨਿਊਜ਼ ਏਜੰਸੀ ਨੇ, ਤਹਿਰਾਨ ਪਰੋਸੀਕਿਉਟਰ ਔਫਿਸ ਵਲੋਂ ਜਾਰੀ ਸਟੇਟਮੈਂਟ ਨੂੰ ਪ੍ਰਕਾਸ਼ਿਤ ਕੀਤਾ ਜਿਸ ਅਨੁਸਾਰ ਜਿਸ ਵਿਚ ਰੇਹਾਨੇ ਦਾ ਰੇਪ ਇਲਜ਼ਾਮ ਰੱਦ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਸਾਰੇ ਸਬੂਤ ਇਹ ਦਸਦੇ ਹਨ ਕਿ ਜਾਬਰੀ ਨੇ ਇੱਕ ਕਤਲ ਲਈ ਸਕੀਮ ਘੜੀ ਤੇ ਮੋਰਤੇਜਾ ਅਬਦੋਲਾਲੀ ਸਰਬੰਦੀ ਨੂੰ **2007**

ਵਿਚ ਕਤਲ ਕਰ ਦਿਤਾ ਜਦੋਂ ਉਸਦੀ ਉਮਰ **19** ਸਾਲ ਸੀ।

ਫਾਂਸੀ ਤੋਂ ਪਹਿਲਾਂ ਜਿਹੜਾ ਖਤ, ਰੇਹਾਨੇ ਨੇ ਆਪਣੀ ਮਾਂ ਨੂੰ ਲਿਖਿਆ ਉਸ ਦਾ ਅੰਗਰੇਜੀ ਤਰਜ਼ਮਾ, ਨੈਸ਼ਨਲ ਕੌਂਸਿਲ ਔਫ ਦਾ ਰਜਿਸਟੈਂਸ ਵਿਚ ਪੋਸਟ ਹੋਇਆ। ਹੇਠਾਂ ਉਸਦਾ ਪੰਜਾਬੀ ਤਰਜ਼ਮਾ ਕੁਝ ਇਸਤਰ੍ਹਾ ਹੈ:-

ਪਿਆਰੀ ਸ਼ੋਲੇਹ (ਮਾਂ) ਅੱਜ ਮੈਨੂੰ ਪਤਾ ਲੱਗਾ ਹੈ ਕਿ ਹੁਣ ਫਾਂਸੀ ਲੱਗਣ ਦੀ ਮੇਰੀ ਵਾਰੀ ਹੈ। (ਇਰਾਨ ਦੇ ਕਾਨੂੰਨ ਮੁਤਾਬਕ, ਕੈਸਿਸ ਦਾ ਮਤਲਬ ਹੈ ਬਦਲੇ ਦੀ ਕਾਰਵਾਈ। ਜਿਸ ਪਰਿਵਾਰ ਦਾ ਜੋ ਨੁਕਸਾਨ ਹੋਇਆ ਉਸਦੀ ਪੂਰਤੀ, ਉਸੇ ਹੀ ਰੂਪ ਵਿਚ) ਮੈਨੂੰ ਇਹ ਜਾਣਕੇ ਦੁੱਖ ਹੋਇਆ ਹੈ ਕਿ ਤੁਸੀਂ ਮੈਨੂੰ ਇਹ ਕਿਉਂ ਨਹੀ ਦਸਿਆ ਕਿ ਮੈਂ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਆਖਰੀ ਪੰਨੇ ਤੇ ਪਹੁੰਚ ਗਈ ਹਾਂ। ਤੁਹਾਡਾ ਨਹੀ ਖਿਆਲ ਕਿ ਮੈਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਸੀ? ਤੁਹਾਨੂੰ ਪਤਾ ਹੈ ਕਿ ਮੈ ਕਿਤਨੀ ਸ਼ਰਮਿੰਦਾ ਹਾਂ ਕਿ ਤੁਸੀਂ ਉਦਾਸ ਹੋ?ਤੁਸੀਂ ਕਿਉਂ ਨਹੀ ਮੇਰੇ ਲਈ ਇਹ ਮੌਕਾ ਪੈਦਾ ਕੀਤਾ ਤਾਂ ਕਿ ਮੈਂ ਤੁਹਾਡਾ ਤੇ ਵਾਲਦ ਦਾ ਹੱਥ ਚੁੰਮ ਸਕਾਂ?

ਦੁਨੀਆਂ ਨੇ ਮੈਨੂੰ**19** ਸਾਲ ਹੀ ਜੀਣ ਦੀ ਆਗਿਆ ਦਿੱਤੀ। ਉਸ ਚੰਦਰੀ ਰਾਤ, ਚੰਗਾ ਸੀ ਜੇ ਮੈਂ ਹੀ ਮਾਰੀ ਜਾਂਦੀ। ਮੇਰੀ ਲਾਸ਼, ਸ਼ਹਿਰ ਦੀ ਕਿਸੇ ਨੁੱਕਰ ਵਿਚ ਸੁਟ ਦਿੱਤੀ ਜਾਂਦੀ ਤੇ ਬਾਦ ਵਿਚ ਕੁਝ ਦਿਨਾਂ ਬਾਦ, ਪੁਲੀਸ ਤੈਨੂੰ ਆਪਣੇ ਦਫਤਰ ਲੈ ਜਾਂਦੀ ਤਾਂ ਕਿ ਤੁਸੀਂ ਮੇਰੀ ਲਾਸ਼ ਦੀ ਸ਼ਨਾਖਤ ਕਰਦੇ ਤੇ ਤੁਹਾਨੂੰ ਇਹ ਵੀ ਪਤਾ ਲੱਗ ਜਾਂਦਾ ਕਿ ਮੇਰੇ ਨਾਲ ਬਲਾਤਕਾਰ ਵੀ ਹੋਇਆ ਹੈ।

ਕਾਤਲ ਦਾ ਕਦੇ ਵੀ ਪਤਾ ਨਾ ਲਗਦਾ ਕਿਉਂਕਿ ਸਾਡੇ ਕੋਲ ਉਸ ਜਿਤਨੀ ਨਾ ਤਾਕਤ ਸੀ ਨਾ ਦੌਲਤ। ਉਸਤੋਂ ਬਾਦ ਤੁਹਾਡੀ ਜ਼ਿੰਦਗੀ ਦੁਖ ਤੇ ਸ਼ਰਮਿੰਦਗੀ ਨਾਲ ਬੀਤਦੀ ਤੇ ਫਿਰ ਕੁਝ ਸਾਲਾਂ ਬਾਦ ਤੁਹਾਡੀ ਵੀ ਮੌਤ ਹੋ ਜਾਂਦੀ ਤੇ ਤੁਹਾਡਾ ਦੁਖਾਂ ਤੋਂ ਛੁਟਕਾਰਾ ਹੋ ਜਾਂਦਾ।

ਇਸਤਰ੍ਹਾਂ ਸ਼ਰਾਪ ਦੇ ਧੱਕੇ ਨਾਲ ਸਾਰੀ ਕਹਾਣੀ ਹੀ ਬਦਲ ਗਈ। ਮੇਰੀ ਲਾਸ਼ ਪਾਸੇ ਨਹੀ ਸੁਟੀ ਗਈ ਸਗੋਂ ਕਬਰ ਵਰਗੀ ਜੇਲ ਤੇ ਉਸਦੇ ਇਕਾਂਤ ਵਾਲੀ ਕਾਲ ਕੋਠੜੀ ਵਿਚ ਸੁਟ ਦਿੱਤੀ ਗਈ ਤੇ ਹੁਣ ਸ਼ਹਰੇ ਰੇਅ ਦੀ ਕਬਰ ਵਰਗੀ ਜੇਲ੍ਹ ਵਿਚ ਹਾਂ। ਪਰ ਤੁਸੀਂ ਇਸਨੂੰ ਆਪਣੀ ਕਿਸਮਤ ਹੀ ਸਮਝੋ ਤੇ ਕੋਈ ਸ਼ਿਕਾਇਤ ਨਾ ਕਰੋ। ਤੁਹਾਨੂੰ ਪਤਾ ਹੈ ਕਿ ਮੌਤ, ਜ਼ਿੰਦਗੀ ਦਾ ਅੰਤ ਨਹੀ ਹੁੰਦਾ।

ਤੁਸੀਂ ਹੀ ਮੈਨੂੰ ਸਿਖਾਇਆ ਸੀ ਕਿ ਕੋਈ ਜਦੋਂ ਇਸ ਦੁਨੀਆਂ ਵਿਚ ਆਉਂਦਾ ਹੈ ਤਾਂ ਇੱਕ ਤਜ਼ਰਬਾ ਹਾਸਲ ਕਰਦਾ ਹੈ ਤੇ ਹਰ ਜਨਮ ਨਾਲ ਮੋਢਿਆਂ ਤੇ ਇੱਕ ਜ਼ਿੰਮੇਵਾਰੀ ਹੁੰਦੀ ਹੈ। ਮੈ ਸਿਖ ਲਿਆ ਹੈ ਕਿ ਕਈ ਵਾਰੀ ਕਿਸੇ ਨੂੰ ਸੰਘਰਸ਼ ਵੀ ਕਰਨਾ ਪੈਂਦਾ ਹੈ। ਮੈਨੂੰ ਯਾਦ ਹੈ ਜਦੋਂ ਤੁਸੀਂ ਮੈਨੂੰ ਦਸਿਆ ਸੀ ਕਿ ਇੱਕ ਬਘੀ ਵਾਲੇ ਆਦਮੀ ਨੇ ਉਸ ਆਦਮੀ ਦੇ ਖਿਲਾਫ

ਕੁਝ ਬੋਲਿਆ ਸੀ ਜੋ ਮੈਨੂੰ ਚਾਬਕ ਮਾਰ ਰਿਹਾ ਸੀ ਤੇ ਚਾਬਕ ਮਾਰਨ ਵਾਲੇ ਨੇ ਉਸ ਆਦਮੀ ਦੇ ਸਿਰ ਵਿਚ ਚਾਬਕ ਮਾਰ ਦਿੱਤਾ ਸੀ ਤੇ ਬਾਦ ਵਿਚ ਉਸਦੀ ਮੌਤ ਹੋ ਗਈ ਸੀ। ਤੁਸੀਂ ਦਸਿਆ ਸੀ ਕਿ ਕਈ ਵਾਰ ਕਦਰਾਂ ਕੀਮਤਾਂ ਉਸਾਰਨ ਵਾਲੇ ਤੇ ਉਸਤੇ ਪਹਿਰਾ ਦੇਣ ਵਾਲੇ ਮਰ ਵੀ ਜਾਂਦੇ ਹਨ।

ਤੁਸੀਂ ਮੈਨੂੰ ਸਿਖਾਇਆ ਸੀ ਜਦੋਂ ਅਸੀਂ ਸਕੂਲ ਜਾਂਦੇ ਸਾਂ ਤਾਂ ਇੱਕ ਔਰਤ ਜੋ ਲੜਦੀ ਤੇ ਸ਼ਿਕਾਇਤਾਂ ਹੀ ਕਰਦੀ ਰਹਿੰਦੀ ਸੀ ਤਾਂ ਤੁਹਾਨੂੰ ਯਾਦ ਹੈ ਕਿ ਤੁਸੀਂ ਆਪਣੇ ਵਿਵਹਾਰ ਬਾਰੇ ਕਿਤਨਾ ਖਿਆਲ ਰਖਣ ਲਈ ਕਿਹਾ ਸੀ?ਤੁਹਾਡਾ ਤਜ਼ਰਬਾ ਗਲਤ ਸੀ। ਜਦੋਂ ਇਹ ਘਟਨਾ ਵਾਪਰੀ, ਮੇਰੀਆਂ ਸਿਖਿਆਵਾਂ ਮੇਰੇ ਕੰਮ ਨਹੀ ਆਈਆਂ। ਜਦੋਂ ਮੈਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਇਸਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਮੈਂ ਠੰਡੇ ਖ਼ੂਨ ਵਾਲੀ ਕਾਤਲ ਹੋਵਾਂ ਤੇ ਇੱਕ ਬੇਕਿਰਕ ਮੁਜ਼ਰਮ ਹੋਵਾਂ। ਮੈਂ ਕੋਈ ਅਥਰੂ ਨਹੀ ਵਹਾਏ, ਮੈ ਕੋਈ ਮੁਆਫੀ ਵੀ ਨਹੀ ਮੰਗੀ ਚੀਕ ਚਿਹਾੜਾ ਵੀ ਨਹੀ ਪਾਇਆ। ਮੇਰਾ ਸਿਰ ਝੁਕਿਆ ਹੋਇਆ ਸੀ ਕਿਉਂਕਿ ਮੈਂ ਅਜੇ ਤੱਕ ਕਾਨੂੰਨ ਵਿਚ ਵਿਸ਼ਵਾਸ਼ ਕਰਦੀ ਸੀ।

ਤੁਹਾਡੀ ਸਿਖਿਆ ਕਿ ਕਿ ਜੋ ਵੀ ਇਸ ਦੁਨੀਆ ਵਿਚ ਆਉਂਦਾ ਹੈ ਉਹ ਤਜ਼ਰਬਾ ਹਾਸਲ ਕਰਦਾ ਹੈ ਤੇ ਹਰ ਜਨਮ ਨਾਲ ਕੁਝ ਸਿਖਦਾ ਹੈ ਤੇ ਉਹਦੇ ਮੋਢਿਆਂ ਤੇ ਇੱਕ ਜ਼ਿੰਮੇਵਾਰੀ ਹੁੰਦੀ ਹੈ ਪਰ ਮੈਂ ਜ਼ੁਰਮ ਦੇ ਐਸੇ ਵਖਰੇ ਚੇਹਰੇ ਨਾਲ ਦੋ ਚਾਰ ਹੋਈ ਹਾਂ ਕਿ ਕੁਝ ਸਮਝ ਨਹੀ ਆਉਂਦਾ। ਤੁਹਾਨੂੰ ਤੇ ਪਤਾ ਹੈ ਕਿ ਮੈ ਤਾਂ ਮੱਛਰ ਵੀ ਨਹੀ ਮਾਰ ਸਕਦੀ ਤੇ ਮੈਂ ਕੌਕਰਚ ਨੂੰ ਵੀ ਪਰੇ ਧਕ ਦਿੰਦੀ ਸੀ ਪਰ ਹੁਣ ਮੈਂ ਸੋਚ ਸਮਝ ਕੇ ਕਤਲ ਕਰਨ ਵਾਲੀ ਕਾਤਲ ਬਣ ਗਈ ਹਾਂ। ਮੇਰੇ ਨਾਲ ਪਸ਼ੂਆਂ ਵਰਗਾ ਵਰਤਾਵ ਇਸਤਰ੍ਹਾਂ ਕੀਤਾ ਗਿਆ ਜਿਵੇਂ ਮੈਂ ਕਿਸੇ ਮੁੰਡੇ ਵਿਚ ਤਬਦੀਲ ਹੋ ਗਈ ਹੋਵਾਂ। ਜਜ ਨੇ ਇਤਨੀ ਵੀ ਜ਼ਹਿਮਤ ਨਹੀ ਉਠਾਈ ਕਿ ਉਹ ਤਤ ਵੇਖ ਸਕੇ ਕਿ ਘਟਨਾ ਵੇਲੇ ਮੇਰੇ ਨਹੁੰ ਲੰਬੇ ਤੇ ਪਾਲਸ਼ ਕੀਤੇ ਹੋਏ ਸਨ।

ਕਿਤਨਾ ਆਸ਼ਾਵਾਦੀ ਜਜ ਸੀ ਆਪਣੇ ਆਪ ਵਿਚ ਤੇ ਉਹ ਇਨਸਾਫ ਕਰ ਰਿਹਾ ਸੀ! ਉਸਨੇ ਸਬੂਤਾਂ ਬਾਰੇ ਕਦੇ ਕੋਈ ਸੁਆਲ ਹੀ ਨਹੀ ਕੀਤਾ, ਇਹ ਵੀ ਨਹੀ ਵੇਖਿਆ ਕਿ ਮੇਰੇ ਹੱਥ ਵੀ ਖੁਰਦਰੇ ਨਹੀ ਹਨ ਖੇਡਣ ਵਾਲੀਆਂ ਔਰਤਾਂ ਵਰਗੇ ਵੀ ਨਹੀ ਹਨ, ਖਾਸ ਕਰਕੇ ਜੋ ਬੌਕਸਿੰਗ ਖੇਡਦੀਆਂ ਹਨ।

ਤੇ ਇਹ ਦੇਸ਼ ਜਿਸ ਵਿਚ ਤੇਰਾ ਪਿਆਰ ਬੀਜਿਆ ਪਿਆ ਹੈ ਤੇ ਉਹ ਮੇਰੇ ਵਿਚ ਵੀ ਹੈ ਉਸਨੇ ਕਦੇ ਵੀ ਇਹ ਪ੍ਰਵਾਹ ਨਹੀ ਕੀਤੀ ਕਿ ਮੈਂ ਕਿਵੇਂ ਜੀਅ ਰਹੀ ਹਾਂ ਜਦੋਂ ਤਫਤੀਸ਼ ਕਰਨ ਵਾਲੇ ਭੈੜੇ ਬੋਲੀ ਬੋਲ ਰਹੇ ਸਨ ਤੇ ਮੇਰੇ ਘਸੁੰਨ ਮਾਰ ਰਹੇ ਸਨ ਮੈਂ ਉੱਚੀ ਰੋ ਰਹੀ ਸੀ ਤਾਂ ਕਿਸੇ ਨੇ ਵੀ ਮੇਰੀ ਮਦਦ ਨਹੀ ਕੀਤੀ।

ਉਦੋਂ ਵੀ ਕੋਈ ਨਹੀ ਬਹੁੜਿਆ ਜਦੋਂ ਮੇਰੀ ਖ਼ੂਬਸੂਰਤੀ ਦਾ ਆਖਰੀ ਚਿਨ੍ਹ, ਮੇਰੇ ਵਾਲ

ਮੁੰਨ ਦਿਤੇ ਗਏ ਤੇ ਮੈਨੂੰ 11 ਦਿਨਾਂ ਲਈ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ।

ਪਿਆਰੀ ਸ਼ੋਲੇਅ, ਜੋ ਤੂੰ ਸੁਣ ਰਹੀ ਹੈਂ ਇਹਦੇ ਲਈ ਅਥਰੂ ਨਾ ਵਹਾਈਂ। ਪੁਲੀਸ ਸਟੇਸ਼ਨ ਦੇ ਪਹਿਲੇ ਹੀ ਦਿਨ ਇੱਕ ਅਣਵਿਆਹੇ ਏਜੰਟ ਨੇ ਮੇਰੇ ਨਹੁੰ ਪੁੱਟੇ ਤਾਂ ਮੈਂ ਸਮਝ ਗਈ ਕਿ ਖੂਬਸੂਰਤੀ ਦੀ ਇਸ ਯੁੱਗ ਵਿਚ ਕੋਈ ਅਹਿਮੀਅਤ ਨਹੀ ਹੈ। ਉਹ ਖੂਬਸੂਰਤੀ ਜੋ ਵੇਖਣ ਵਿਚ ਹੁੰਦੀ ਹੈ, ਵਿਚਾਰਾਂ ਵਿਚ ਤੇ ਅਸ਼ੀਰਵਾਦ ਵਿਚ ਹੁੰਦੀ ਹੈ, ਉਹ ਖੂਬਸੂਰਤੀ ਜੋ ਹੱਥ ਲਿਖਤ ਵਿਚ ਹੁੰਦੀ ਹੈ ਅੱਖਾਂ ਵਿਚ ਤੇ ਦ੍ਰਿਸ਼ਟੀ ਵਿਚ ਹੁੰਦੀ ਹੈ ਤੇ ਇਥੋਂ ਤੱਕ ਕਿ ਵਧੀਆ ਅਵਾਜ਼ ਵਿਚ ਹੁੰਦੀ ਹੈ।

ਮੇਰੀ ਪਿਆਰੀ ਮਾਂ, ਮੇਰੇ ਵਿਚਾਰ ਬਦਲ ਗਏ ਹਨ ਤੇ ਇਨ੍ਹਾਂ ਲਈ ਤੁਸੀਂ ਜ਼ਿੰਮੇਵਾਰ ਨਹੀ ਹੋ। ਮੇਰੇ ਸ਼ਬਦ ਖਤਮ ਹੋਣ ਵਾਲੇ ਨਹੀ ਹਨ ਤੇ ਮੈਂ ਇਹ ਸਾਰੇ ਸ਼ਬਦ ਕਿਸੇ ਨੂੰ ਦੇਣਾ ਚਾਹੁੰਦੀ ਹਾਂ ਤਾਂ ਕਿ ਤੁਹਾਡੀ ਗੈਰਹਾਜ਼ਰੀ ਤੇ ਗਿਆਨ ਤੋਂ ਬਗੈਰ, ਜਦੋਂ ਮੈਨੂੰ ਫਾਂਸੀ ਤੇ ਲਟਕਾ ਦਿੱਤਾ ਜਾਵੇ ਤਾਂ ਇਹ ਸ਼ਬਦ ਤੁਹਾਡੇ ਤੱਕ ਪਹੁੰਚ ਜਾਣ। ਮੈਂ ਆਪਣੀ ਹੱਥ ਲਿਖਤ ਵਿਰਾਸਤ ਲਈ ਤੁਹਾਡੇ ਕੋਲ ਛਡ ਕੇ ਜਾ ਰਹੀ ਹਾਂ।

ਜਿਵੇਂ ਵੀ ਹੈ ਆਪਣੀ ਮੌਤ ਤੋਂ ਪਹਿਲਾਂ ਮੈਂ ਤੁਹਾਡੇ ਕੋਲੋਂ ਕੁਝ ਚਾਹੁੰਦੀ ਹਾਂ ਤੇ ਤੁਹਾਨੂੰ ਇਹ ਮੈਨੂੰ ਦੇਣਾ ਹੀ ਪਵੇਗਾ ਤੁਹਾਡੇ ਸਾਰੇ ਰੱਬੀ ਤੇ ਬਾਕੀ ਸਰੋਤਾਂ ਰਾਹੀਂ। ਅਸਲ ਵਿਚ ਇੱਕੋ ਹੀ ਵਸਤ ਹੈ ਜੋ ਮੈ ਇਸ ਦੁਨੀਆਂ ਤੋਂ, ਇਸ ਦੇਸ਼ ਤੋਂ ਤੇ ਤੁਹਾਡੇ ਕੋਲੋਂ ਚਾਹੁੰਦੀ ਹਾਂ। ਮੈਨੂੰ ਪਤਾ ਹੈ ਕਿ ਤੁਹਾਨੂੰ ਇਸਲਈ ਸਮਾ ਚਾਹੀਦਾ ਹੈ। ਇਸਲਈ ਪਹਿਲਾਂ ਹੀ ਮੈਂ ਤੁਹਾਨੂੰ ਆਪਣੀ ਵਸੀਅਤ ਬਾਰੇ ਦਸ ਰਹੀ ਹਾਂ। ਕਿਰਪਾ ਕਰਕੇ ਨਾਂ ਹੀ ਰੋਣਾ ਤੇ ਨਾ ਹੀ ਸੁਣਨਾ। ਮੈਂ ਚਾਹੁੰਦੀ ਹਾਂ ਕਿ ਤੁਸੀਂ ਅਦਾਲਤ ਵਿਚ ਜਾਇਉ ਤੇ ਉਨ੍ਹਾਂ ਨੂੰ ਮੇਰੀ ਬੇਨਤੀ ਬਾਰੇ ਦਸਣਾ। ਮੈਂ ਜੇਲ੍ਹ ਵਿਚੋਂ ਚਿੱਠੀ ਲਿਖ ਨਹੀ ਸਕਦੀ ਸੀ ਪਰ ਜੇਲ੍ਹ ਦੇ ਵਾਰਡਨ ਵਲੋਂ ਮੰਨਜ਼ੂਰੀ ਮਿਲ ਗਈ। ਇਕ ਵਾਰ ਫੇਰ ਤੁਹਾਨੂੰ ਮੇਰੇ ਕਰਕੇ ਦੁੱਖ ਉਠਾਉਣਾ ਪਵੇਗਾ। ਇਕੋ ਹੀ ਗੱਲ ਹੈ ਕਿ ਭਾਵੇਂ ਤੁਹਾਨੂੰ ਭੀਖ ਹੀ ਮੰਗਣੀ ਪਵੇ ਮੈਂ ਨਰਾਜ਼ ਨਹੀ ਹੋਵਾਂਗੀ ਭਾਵੇਂ ਮੈਂ ਕਈ ਵਾਰ ਤੁਹਾਨੂੰ ਕਹਿ ਚੁੱਕੀ ਹਾਂ ਕਿ ਮੇਰੀ ਜਾਨ ਬਖਸ਼ੀ ਲਈ ਤੁਸੀਂ ਕਿਸੇ ਅੱਗੇ ਭੀਖ ਨਹੀ ਮੰਗਣੀ।

ਇਹ ਦੁਨੀਆਂ ਸਾਨੂੰ ਪਿਆਰ ਨਹੀ ਕਰਦੀ। ਇਹ ਮੇਰੀ ਕਾਇਆ ਵੀ ਨਹੀ ਚਾਹੁੰਦੀ ਤੇ ਹੁਣ ਮੈਂ ਇਹ ਦੇ ਰਹੀ ਹਾਂ ਤੇ ਮੌਤ ਨੂੰ ਗਲੇ ਲਗਾ ਰਹੀ ਹਾਂ।

ਮੇਰੀ ਦਿਆਲੂ ਮਾਂ, ਪਿਆਰੀ ਸ਼ੋਲੇਅ, ਮੇਰੀ ਜਾਨ ਨਾਲੋਂ ਵੀ ਪਿਆਰੀ, ਮੈਂ ਨਹੀ ਚਾਹੁੰਦੀ ਕਿ ਮੈਂ ਜ਼ਮੀਨ ਥੱਲੇ ਪਈ ਗਲ ਸੜ ਜਾਵਾਂ। ਮੈ ਨਹੀ ਚਾਹੁੰਦੀ ਕਿ ਮੇਰੀਆਂ ਅੱਖਾਂ ਤੇ ਮੇਰਾ ਜੁਆਨ ਦਿਲ ਘਟੇ ਨਾਲ ਭਰ ਜਾਣ। ਮੇਰੀ ਆਖਰੀ ਖਾਹਸ਼ ਲਈ, ਭੀਖ ਮੰਗ ਲਵੀਂ ਕਿ ਜਿਉਂ ਹੀ ਮੈਨੂੰ ਫਾਂਸੀ ਲੱਗੇ ਤਾਂ ਉਹ ਮੇਰਾ ਦਿਲ, ਗੁਰਦੇ, ਅੱਖਾਂ, ਹੱਡੀਆਂ ਤੇ ਹਰ ਉਹ ਵਸਤ ਜੋ ਕਿਸੇ ਦੇ ਕੰਮ ਆ ਸਕਣ, ਮੇਰੇ ਸਰੀਰ ਵਿਚੋਂ ਕਢ ਲੈਣ ਤੇ ਕਿਸੇ ਬਿਮਾਰ ਜਰੂਰਤਮੰਦ ਨੂੰ

ਤੋਹਫਾ ਸਮਝ ਕੇ ਦੇ ਦੇਣ। ਮੈਂ ਇਹ ਵੀ ਨਹੀ ਚਾਹੁੰਦੀ ਕਿ ਮੇਰੇ ਅੰਗ ਪ੍ਰਾਪਤ ਕਰਨ ਵਾਲੇ ਮੇਰੇ ਨਾਮ ਤੋਂ ਵਾਕਫ ਹੋਣ। ਮੇਰੇ ਲਈ ਇੱਕ ਬੁੱਕਾ ਖਰੀਦ ਲਵੀਂ ਤੇ ਮੇਰੇ ਲਈ ਅਰਦਾਸ ਕਰੀਂ। ਮੈ ਆਪਣੇ ਦਿਲ ਦੀ ਨੁੱਕਰ ਤੋਂ ਤੁਹਾਨੂੰ ਕਹਿੰਦੀ ਹਾਂ ਕਿ ਮੈ ਨਹੀ ਚਾਹੁੰਦੀ ਕਿ ਮੇਰੀ ਕੋਈ ਕਬਰ ਹੋਵੇ ਜਿਥੇ ਆਕੇ ਤੁਸੀਂ ਵੈਣ ਪਾਵੋ ਤੇ ਦੁਖੀ ਹੋਵੋ। ਮੈਂ ਨਹੀ ਚਾਹੁੰਦੀ ਕਿ ਮੇਰੇ ਲਈ ਤੁਸੀਂ ਕਾਲੇ ਕਪੜੇ ਪਾਵੋਂ।

ਆਪਣੇ ਵਲੋਂ ਪੂਰੀ ਕੋਸ਼ਿਸ਼ ਕਰੀਂ ਕਿ ਮੇਰੇ ਔਖੇ ਦਿਨਾਂ ਨੂੰ ਭੁਲਾਇਆ ਜਾ ਸਕੇ। ਮੈਨੂੰ ਹਵਾ ਦੇ ਹਵਾਲੇ ਕਰ ਦੇਵੋ, ਤਾਂ ਕਿ ਉਹ ਮੈਨੂੰ ਆਪਣੇ ਨਾਲ ਲੈ ਜਾਵੇ।

ਇਹ ਦੁਨੀਆਂ ਸਾਨੂੰ ਪਿਆਰ ਨਹੀ ਕਰਦੀ। ਇਹ ਮੇਰੀ ਭਾਵੀ ਨਹੀ ਚਾਹੁੰਦੀ ਤੇ ਹੁਣ ਸਭ ਕੁਝ ਛਡ ਛਡਾ ਕੁ ਮੌਤ ਨੂੰ ਗਲੇ ਲਗਾ ਰਹੀ ਹਾਂ। ਰੱਬ ਦੀ ਕਚਿਹਰੀ ਵਿਚ ਮੈ ਇੰਨਸਪੈਕਟਰਾਂ ਨੂੰ ਚਾਰਜ ਕਰਾਂਗੀ, ਮੈ ਇੰਨਸਪੈਕਟਰ ਸ਼ਾਮਲੂ ਨੂੰ ਚਾਰਜ ਕਰਾਂਗੀ। ਮੈ ਜਜ ਨੂੰ ਚਾਰਜ ਕਰਾਂਗੀ। ਮੈ ਦੇਸ਼ ਦੀ ਸੁਪਰੀਮ ਕੋਰਟ ਦੇ ਜਜਾਂ ਨੂੰ ਚਾਰਜ ਕਰਾਂਗੀ ਕਿਉਂਕਿ ਜਦੋਂ ਮੈਂ ਜਾਗ ਰਹੀ ਸੀ ਕਾਨੂੰਨ ਵਲ ਵੇਖ ਰਹੀ ਸੀ ਤੇ ਜੋ ਮੈਨੂੰ ਤੰਗ ਕਰ ਰਹੇ ਸਨ, ਸਤਾ ਰਹੇ ਸਨ ਤਾਂ ਇਨ੍ਹਾ ਨੇ ਉਨ੍ਹਾਂ ਨੂੰ ਰੋਕਿਆ ਕਿਉਂ ਨਹੀ? ਰੱਬ ਦੀ ਕਚਿਹਰੀ ਵਿਚ ਮੈ ਡਾਕਟਰ ਫਾਰਵਾਂਦੀ ਨੂੰ ਚਾਰਜ ਕਰਾਂਗੀ, ਮੈਂ ਕਾਸਮ ਸ਼ਬਾਨੀ ਤੇ ਹੋਰ ਉਨ੍ਹਾਂ ਸਾਰਿਆਂ ਨੂੰ ਚਾਰਜ ਕਰਾਂਗੀ ਜੋ ਬਿਨ੍ਹਾ ਕੁਝ ਜਾਣਿਆਂ ਤੇ ਆਪਣੇ ਝੂਠਾਂ ਨਾਲ ਮੈਨੂੰ ਹੀ ਗਲਤ ਕਹਿੰਦੇ ਰਹੇ ਤੇ ਮੇਰੇ ਹੱਕਾਂ ਨੂੰ ਲਿਤਾੜਦੇ ਰਹੇ, ਮੈਨੂੰ ਅਪਮਾਨਿਤ ਕਰਦੇ ਰਹੇ। ਉਨ੍ਹਾਂ ਨੇ ਬਿਲਕੁਲ ਹੀ ਧਿਆਨ ਨਹੀ ਦਿੱਤਾ ਕਿ ਜੋ ਵਿਖਾਈ ਦੇ ਰਿਹਾ ਹੈ ਉਹ ਅਸਲ ਵਿਚ ਅਸਲੀਅਤ ਨਹੀ ਹੈ।

ਪਿਆਰੀ ਨਾਜ਼ਕ ਤੇ ਚੰਗੇ ਦਿਲ ਵਾਲੀ ਸ਼ੋਲੇਅ, ਦੂਜੇ ਸ਼ਬਦਾਂ ਵਿਚ ਇਹ ਤੁਸੀਂ ਤੇ ਮੈਂ ਹਾਂ ਜੋ ਦੋਸ਼ੀ ਹਨ ਤੇ ਦੂਜੇ ਜੋ ਮੁਆਫ ਕਰ ਦਿੱਤੇ ਗਏ, ਵੇਖਦੇ ਹਾਂ ਰੱਬ ਇਸ ਬਾਰੇ ਕੀ ਕਹਿੰਦਾ ਹੈ? ਮੈਂ ਤੁਹਾਨੂੰ ਆਪਣੀ ਜੱਫੀ ਵਿਚ ਉਤਨਾ ਚਿਰ ਲਈ ਰਖਣਾ ਚਾਹੁੰਦੀ ਹਾਂ ਜਦੋਂ ਤਕ ਮੈਂ ਮਰ ਨਾ ਜਾਵਾਂ। ਮੈ ਤੁਹਾਨੂੰ ਪਿਆਰ ਕਰਦੀ ਹਾਂ।

ਰੇਹਾਨੇ,

ਅਪ੍ਰੈਲ 1, 2014

## 34

# ਸਮਸਿਆ ਬਨਾਮ ਚਿੰਤਾ

ਡਾਊਨ ਟਾਊਨ ਨੂੰ ਜਾਂਦਿਆਂ, ਮੈਂ ਆਪਣੇ ਕੋਲ ਜਰੂਰ ਹੀ ਕੋਈ ਕਿਤਾਬ ਰਖਦਾ ਹਾਂ। ਯੋਰਕਡੇਲ ਮਾਲ ਵਿਚ ਕਾਰ ਪਾਰਕ ਕਰਕੇ ਸਬਵੇ ਲੈ ਲੈਂਦਾ ਹਾਂ ਤੇ ਨਿਸਚਿੰਤ ਹੋਕੇ ਕਿਤਾਬ

ਪੜ੍ਹਨੀ ਸ਼ੁਰੂ ਕਰ ਦਿੰਦਾ ਹਾਂ। ਕਈ ਵਾਰ ਤੁਹਾਨੂੰ ਚਲਦੀ ਫਿਰਦੀ ਕਿਤਾਬ ਵੀ ਮਿਲ ਜਾਂਦੀ ਹੈ। ਐਸਾ ਹੀ ਇੱਕ ਵਾਰ ਹੋਇਆ। ਇੱਕ ਵਾਰ ਚਾਲੀ ਪੱਲਸ ਗੋਰੀ ਹੱਥ ਵਿਚ ਕਰਿਸਚੈਨਿਟੀ ਦੀਆਂ ਕਿਤਾਬਾਂ ਫੜੀ ਮਿਲ ਗਈ। ਚੇਹਰੇ ਮੋਹਰੇ ਤੋਂ ਖੁਸ਼ ਮਿਜ਼ਾਜ਼ ਲਗਦੀ ਸੀ। ਸਮਾਇਲ ਨਾਲ ਪੈਣ ਵਾਲੀਆਂ ਰੇਖਾਵਾਂ ਡੂੰਘੀਆਂ ਹੋ ਗਈਆਂ ਸਨ। ਮੈਂ ਉਸਦੀ ਸਮਾਇਲ ਦਾ ਜੁਆਬ ਸਮਾਇਲ ਨਾਲ ਦਿੱਤਾ। ਇਤਨੇ ਨਾਲ ਹੀ ਸਫ਼ਰ ਦਾ ਨਾਤਾ ਜੁੜ ਗਿਆ।

ਡੇਰੀਅਨ ਨਾਮ ਸੀ ਉਸਦਾ, ਉਸਨੇ ਪੁੱਛਿਆ, "ਕੀ ਤੂੰ ਕਦੇ ਖਾਹਸ਼ ਕੀਤੀ ਹੈ ਕਿ ਰੱਬ ਦੀ ਅਵਾਜ਼ ਸੁਣੀ ਜਾਵੇ?" "ਸ਼ੁਅਰ, ਇਹ ਤੇ ਚੰਗੀ ਖਾਹਸ਼ ਹੈ। "ਮੈਂ ਝੂਠ ਬੋਲਿਆ। "ਜ਼ਿੰਦਗੀ ਕੀ ਹੈ?" ਉਸਦਾ ਦੂਸਰਾ ਸੁਆਲ ਸੀ।

"ਮੇਰੇ ਕੋਲ ਤੇ ਜ਼ਿੰਦਗੀ ਨੂੰ ਜਾਨਣ ਲਈ ਕਈ ਸੁਆਲ ਹਨ। ਮੈਂ ਤੇ ਇਹ ਵੀ ਸੋਚਦਾ ਹਾਂ ਕਿ ਜ਼ਿੰਦਗੀ ਦਾ ਮਕਸਦ ਕੀ ਹੈ? ਮੈਂ ਕੀ ਬਣਨਾ ਚਾਹੁੰਦਾ ਹਾਂ?"

"ਇਹਦੇ ਲਈ ਤੈਨੂੰ ਖੁਸ਼ੀਂ ਦਾ ਮਾਰਗ ਢੂੰਡਣਾ ਪਵੇਗਾ। ਮੈਂ ਵੀ ਇਸੇ ਹੀ ਖੋਜ਼ ਵਿਚ ਹਾਂ ਤੇ ਅੱਜਕਲ ਕਰਿਸਚੈਨਿਟੀ ਦਾ ਪ੍ਰਚਾਰ ਕਰ ਰਹੀ ਹਾਂ। ਕਰਿਸਚੈਨਿਟੀ ਵਿਚ ਤੇਰੇ ਸਾਰੇ ਸੁਆਲਾਂ ਦੇ ਜੁਆਬ ਹਨ।"

"ਸ਼ਾਇਦ ਤੂੰ ਪੂਰਾ ਸੱਚ ਨਹੀ ਜਾਣਦੀ। ਹਰ ਧਰਮ ਵਿਚ ਹੀ ਚੰਗੇ ਰਾਹ ਹਨ। ਆਪਣੇ ਧਰਮ ਨਾਲ ਸਥਿਰ ਰਹਿੰਣਾ ਚੰਗੀ ਗੱਲ ਹੈ ਪਰ ਦੂਜੇ ਨੂੰ ਆਪਣੇ ਧਰਮ ਵਲ ਆਰਕਸ਼ਤ ਕਰਨ ਦੀ ਗੱਲ ਲੋਕ ਪਸੰਦ ਨਹੀ ਕਰਦੇ। ਸੰਵਾਦ ਹੋਰ ਗੱਲ ਹੈ ਤੇ ਜੋਰ ਅਜਮਾਈ ਹੋਰ ਗੱਲ।"

ਉਸਨੇ ਮੇਰੇ ਵਲ ਗੌਹ ਨਾਲ ਵੇਖਿਆ ਤੇ ਬੋਲੀ, "ਤੇਰਾ ਧਰਮ ਤਨਾਵ ਨੂੰ ਘਟ ਕਰਨ ਲਈ ਕੀ ਕਹਿੰਦਾ ਹੈ?"

"ਵੇਖ ਡੇਰੀਅਨ, ਮੈਂ ਧਰਮ ਨਾਲ ਸਬੰਧਿਤ ਜਰੂਰ ਹਾਂ ਪਰ ਧਰਮ ਨਾਲੋਂ ਵਧ ਮੈਂ ਹੋਰ ਵਿਚਾਰਾਂ ਨੂੰ ਬਹੁਤਾ ਪਸੰਦ ਕਰਦਾ ਹਾਂ। "ਮੈਂ ਖਹਿੜਾ ਛੁਡਾਉਣ ਲਈ ਕਿਹਾ। "ਕੀ ਇਹ ਸੱਚ ਨਹੀ ਕਿ ਤੂੰ ਆਪਣੇ ਹੀ ਧਰਮ ਦਾ ਪੈਰੋਕਾਰ ਨਹੀ?"

"ਸ਼ਾਇਦ, ਪੂਰਾ ਨਹੀ ਜਾਣਦਾ। ਪਰ ਇਸ ਮਸਲੇ ਬਾਰੇ ਤੂੰ ਆਪਣੀ ਗੱਲ ਕਰ ਸਕਦੀ ਹੈਂ।"

"ਅੱਜਕਲ ਮੈਂ ਆਪਣੇ ਆਪ ਨੂੰ ਸੁਆਲ ਕੀਤੇ ਹੋਏ ਹਨ ਕਿ ਮੈਂ ਕੌਣ ਹਾਂ ਤੇ ਕੀ ਚਾਹੁੰਦੀ ਹਾਂ? ਆਪਣੇ ਹੀ ਵਿਚਾਰਾਂ ਦੀ ਗੁਲਾਮ ਹੋ ਰਹੀ ਹਾਂ। ਕਦੇ ਕਦੇ ਆਪਣੇ ਜਜ਼ਬਾਤਾਂ ਦੀ ਕੈਦ ਵਿਚ ਘਿਰ ਜਾਂਦੀ ਹਾਂ ਤੇ ਸੋਚਦੀ ਹਾਂ ਕਿ ਅਜੇ ਮੈਨੂੰ ਬਹੁਤ ਕੁਝ ਜਾਨਣ ਦੀ ਲੋੜ ਹੈ।"

"ਡੇਰੀਅਨ ਪਹਿਲਾ ਕਦਮ ਹੀ ਔਖਾ ਹੁੰਦਾ ਹੈ। ਤੂੰ ਜਰੂਰ ਸੁਖਾਲੀ ਹੋ ਜਾਵੇਂਗੀ ਇੱਕ

ਦਿਨ।"

ਉਹ ਬੋਲੀ, "ਇੱਕ ਦਿਨ ਮੈ ਅੰਤਰ ਧਿਆਨ ਹੋਕੇ ਰੱਬ ਨੂੰ ਪੁੱਛਿਆ ਕਿ ਮੈਂ ਚਿੰਤਾ ਕਿਉਂ ਕਰਦੀ ਹਾਂ। ਅਚਾਨਕ ਮੇਰੇ ਦਿਲ ਵਿਚ ਵਿਚਾਰ ਉਪਜਿਆ, ਡੌਂਟ ਵਰੀ, ਰੱਬ ਹਮੇਸ਼ਾਂ ਤੁਹਾਡੇ ਨਾਲ ਹੈ ਤੇ ਕਦੇ ਵੀ ਲੇਟ ਨਹੀ ਹੁੰਦਾ, ਵਿਸ਼ਵਾਸ਼ ਕਰ। ਪਰਫੈਕਟ ਟਾਇੰਮਿੰਗ ਦੀ ਗੱਲ ਨੂੰ ਸਮਝਦਿਆਂ ਮੈਂ ਇਮਾਨਦਾਰੀ ਨਾਲ ਮਹਿਸੂਸ ਕੀਤਾ ਕਿ ਰੱਬ ਮੇਰੇ ਸਾਰੇ ਸੁਆਲਾਂ ਦਾ ਜੁਆਬ ਦੇ ਸਕਦਾ ਹੈ। ਹੋ ਸਕਦਾ ਹੈ ਕਿ ਪਹਿਲਾਂ ਵੀ ਦਿੰਦਾ ਹੋਵੇ ਤੇ ਮੈਂ ਹੀ ਸੁਣਦੀ ਨਾ ਹੋਵਾਂ। ਹੁਣ ਉਸ ਪਲ ਮੈ ਰੱਬ ਦੇ ਬਹੁਤ ਹੀ ਨੇੜੇ ਸੀ ਤੇ ਇਹੋ ਜਿਹੀ ਮਹਿਸੂਸੀਆਤ ਪਹਿਲਾਂ ਕਦੇ ਵੀ ਨਹੀ ਹੋਈ ਸੀ। ਮੈਂ ਸੋਫੇ ਤੇ ਬੈਠ ਗਈ ਤੇ ਸੋਚਣ ਲੱਗੀ ਕਿ ਚਿੰਤਾ ਤੁਹਾਡੀ ਜ਼ਿੰਦਗੀ ਵਿਚ ਕੁਝ ਵੀ ਜੋੜ ਨਹੀ ਸਕਦੀ। ਜੇ ਕਰ ਸਕਦੀ ਹੈ ਕੁਝ ਤਾਂ ਜ਼ਿੰਦਗੀ ਨੂੰ ਹੋਰ ਵੀ ਬੋਝਲ ਬਣਾ ਦੇਵੇਗੀ। ਨਾਲ ਹੀ ਮੇਰੀ ਅੰਦਰਲੀ ਅਵਾਜ਼ ਨੇ ਕਿਹਾ ਕਿ ਰੱਬ ਤੇ ਭਰੋਸਾ ਕਰਨਾ ਸਿਖ ਤੇ ਮੈਨੂੰ ਸਬਰ ਸੰਤੋਖ ਦੀ ਕਸਰਤ ਕਰਨੀ ਚਾਹੀਦੀ ਹੈ।

ਇਸਲਈ ਜਦੋਂ ਵੀ ਕੋਈ ਔਖੀ ਘੜੀ ਆਵੇ ਤਾਂ ਚਿੰਤਾ ਨਾ ਕਰੋ। ਸਗੋਂ ਉਸਦਾ ਮੁਕਾਬਲਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰੋ। ਸਮਸਿਆਵਾਂ ਅੱਖਾਂ ਬੰਦ ਕਰਨ ਨਾਲ ਹੱਲ ਨਹੀ ਹੁੰਦੀਆਂ। ਧੀਰਜ ਹੀ ਐਸੀ ਚਾਬੀ ਹੈ ਜਿਸ ਨਾਲ ਸਮਸਿਆ ਦਾ ਦਰਵਾਜਾ ਖੁਲਦਾ ਹੈ। ਪੂਰੀ ਲਗਨ ਤੇ ਦ੍ਰਿੜਤਾ ਨਾਲ ਆਪਣੇ ਨਿਸ਼ਾਨੇ ਵਲ ਵਧੋ, ਰੱਬ ਤੇ ਤੁਹਾਡੇ ਨਾਲ ਹੈ ਹੀ। ਇਹ ਰੱਬ ਹੀ ਹੈ ਜੋ ਤੁਹਾਡੇ ਸਮੇ ਤੇ ਉਸਦੇ ਸਮੇ ਦੇ ਮਤਲਬ ਨੂੰ ਤੁਹਾਡੇ ਨਾਲ ਤੋਰਦਾ ਹੈ। ਸਾਰੀ ਕਾਇਨਾਤ ਹੀ ਤੁਹਾਡੇ ਨਾਲ ਤੁਰੀ ਹੋਈ ਦਿਸੇਗੀ।"

ਡੰਡਾਸ ਸਟੇਸ਼ਨ ਆ ਗਿਆ ਸੀ ਤੇ ਮੈਂ ਉਤਰਨਾ ਸੀ। ਉਸਨੇ ਮੈਨੂੰ ਆਪਣਿਆਂ ਵਾਂਗ ਵਿਦਾ ਕੀਤਾ। ਉਸਦੀ ਸਾਰੀ ਗੱਲਬਾਤ ਤੋਂ ਮੈਂ ਪ੍ਰਭਾਵਿਤ ਹੋਇਆ। ਇਹ ਜਰੂਰੀ ਨਹੀ ਕਿ ਰਬ ਨੂੰ ਉਸਦੀ ਸ਼ਿਦਤ ਨਾਲ ਮੰਨਿਆ ਜਾਵੇ ਪਰ ਉਸਦਾ ਭਰੋਸੇ ਦੀ ਕਦਰ ਕਰਨੀ ਬਣਦੀ ਹੈ। ਉਸਦੀਆਂ ਗੱਲਾਂ ਨੂੰ ਰੱਬ ਤੋਂ ਨਿਖੇੜ ਕੇ ਵੀ ਵੇਖਿਆ ਜਾ ਸਕਦਾ ਹੈ। ਤੁਹਾਡੀਆਂ ਸਮਾਇਲ ਵਾਲੀਆਂ ਰੇਖਾਵਾਂ ਖਿੜਕੇ ਸਥਾਈ ਹੋ ਸਕਦੀਆਂ ਹਨ।

ਸਮਸਿਆ ਨੂੰ ਹੌਲਾ ਕਰਨ ਲਈ ਕੀ ਇਹ ਜ਼ਰੂਰੀ ਨਹੀ ਕਿ ਉਹਦੇ ਉਤੇ ਲਧੀ ਹੋਈ ਚਿੰਤਾ ਦੀ ਛਾਨਣੀ ਲਾਹ ਦਿੱਤੀ ਜਾਵੇ।